ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 42
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Thursday, 12 February, 2026) ਵੀਰਵਾਰ , 12 ਫਰਵਰੀ, 2026, 1 ਫੱਗਣ (ਸੰਗਰਾਂਦ), ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## 15,000 ਰੁਪਏ ਚੜ੍ਹੀ ਚਾਂਦੀ, ਸੋਨਾ ਵੀ ਹੋਇਆ ਮਹਿੰਗਾ

ਨਵੀਂ ਦਿੱਲੀ, 11 ਫਰਵਰੀ (ਚ.ਨ.ਸ.): ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਅੱਜ ਭਾਰੀ ਵਾਧਾ ਦੇਖਣ ਨੂੰ ਮਿਲਿਆ ਹੈ। ਐਮ.ਸੀ.ਐਕਸ. 'ਤੇ ਚਾਂਦੀ ਦੀਆਂ ਕੀਮਤਾਂ 15,000 ਰੁਪਏ ਤੋਂ ਵੱਧ ਵਧੀਆਂ ਜਦੋਂ ਕਿ ਸੋਨੇ ਦੀਆਂ ਕੀਮਤਾਂ 3,000 ਰੁਪਏ ਤੋਂ ਵੱਧ ਵਧੀਆਂ ਹਨ। 5 ਮਾਰਚ ਨੂੰ ਡਿਲੀਵਰੀ ਲਈ ਚਾਂਦੀ ਪਿਛਲੇ ਸੈਸ਼ਨ ਵਿੱਚ 2,52,548 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਬੰਦ ਹੋਈ ਅਤੇ ਅੱਜ 2,57,938 ਰੁਪਏ 'ਤੇ ਖੁੱਲ੍ਹੀ। ਵਪਾਰ ਦੌਰਾਨ, ਇਹ 2,68,898 ਰੁਪਏ ਦੇ ਉੱਚੇ ਪੱਧਰ 'ਤੇ ਅਤੇ 2,57,938 ਰੁਪਏ ਦੇ ਹੇਠਲੇ ਪੱਧਰ 'ਤੇ ਪਹੁੰਚ ਗਈ। (ਬਾਕੀ ਸਫਾ 2 'ਤੇ)

# ਸੰਸਦ ਵਿੱਚ ਵਿਰੋਧੀ ਧਿਰ ਦੇ ਹੰਗਾਮੇ ਦਰਮਿਆਨ ਚੱਲੀ ਪ੍ਰਸ਼ਨ ਕਾਲ ਦੀ ਕਾਰਵਾਈ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 11 ਫਰਵਰੀ :ਲੋਕ ਸਭਾ ਵਿੱਚ ਬੁੱਧਵਾਰ ਨੂੰ ਵੱਖ-ਵੱਖ ਮੁੱਦਿਆਂ 'ਤੇ ਵਿਰੋਧੀ ਧਿਰ ਦੇ ਮੈਂਬਰਾਂ ਵੱਲੋਂ ਜ਼ੋਰਦਾਰ ਪ੍ਰਦਰਸ਼ਨ ਅਤੇ ਨਾਅਰੇਬਾਜ਼ੀ ਦੇ ਵਿਚਕਾਰ ਪ੍ਰਸ਼ਨ ਕਾਲ ਦੀ ਕਾਰਵਾਈ ਹੋਈ। ਪ੍ਰਸ਼ਨ ਕਾਲ ਦੌਰਾਨ ਕੁੱਲ 13 ਸਵਾਲ ਅਤੇ ਉਨ੍ਹਾਂ ਦੇ ਪੂਰਕ ਸਵਾਲ ਲਏ ਗਏ। ਵਿਰੋਧੀ ਧਿਰ ਦੇ ਮੈਂਬਰਾਂ ਨੇ ਨਾਅਰੇਬਾਜ਼ੀ ਕਰਦਿਆਂ ਕੁਝ ਖਾਸ ਸਵਾਲ ਉਠਾਉਣ ਦੀ ਕੋਸ਼ਿਸ਼ ਕੀਤੀ, ਪਰ ਪੀ.ਸੀ. ਮੋਹਨ, ਜੋ ਕਿ ਸਦਨ ਦੀ ਪ੍ਰਧਾਨਗੀ ਕਰ ਰਹੇ ਸਨ, ਨੇ ਉਨ੍ਹਾਂ ਨੂੰ ਇਜਾਜ਼ਤ ਨਹੀਂ ਦਿੱਤੀ।

ਕੁੱਝ ਵਿਰੋਧੀ ਮੈਂਬਰ 'ਸਾਨੂੰ ਇਨਸਾਫ ਚਾਹੀਦਾ ਹੈ' ਦੇ ਨਾਅਰੇ ਲਗਾਉਂਦੇ ਸੁਣੇ ਗਏ। ਪ੍ਰਦਰਸ਼ਨ ਤੋਂ ਬਾਅਦ, ਵਿਰੋਧੀ ਧਿਰ ਦੇ ਮੈਂਬਰ ਸਵੇਰੇ 11.30 ਵਜੇ ਦੇ ਕਰੀਬ ਸਦਨ ਵਿੱਚੋਂ ਵਾਕਆਊਟ ਕਰ ਗਏ। ਮੰਗਲਵਾਰ ਨੂੰ



ਕੇਂਦਰੀ ਬਜਟ 'ਤੇ ਮੁੜ ਸ਼ੁਰੂ ਹੋਈ ਚਰਚਾ ਨੇ ਸਰਕਾਰ ਅਤੇ ਵਿਰੋਧੀ ਧਿਰ ਵਿਚਾਲੇ ਚੱਲ ਰਹੀ ਰੁਕਾਵਟ ਦੇ ਖਤਮ ਹੋਣ ਦਾ ਸੰਕੇਤ ਦਿੱਤਾ ਸੀ। ਬੁੱਧਵਾਰ ਨੂੰ ਨਵਿਆਉਣਯੋਗ ਊਰਜਾ ਨਾਲ ਸਬੰਧਤ ਇੱਕ ਪੂਰਕ ਸਵਾਲ ਦਾ ਜਵਾਬ ਦਿੰਦੇ ਹੋਏ, ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰੀ ਪ੍ਰਲਹਾਦ ਜੋਸ਼ੀ ਨੇ ਕਿਹਾ ਕਿ ਦੇਸ਼ ਗ੍ਰੀਨ ਐਨਰਜੀ ਦੇ ਖੇਤਰ ਵਿੱਚ ਮੋਹਰੀ ਭੂਮਿਕਾ ਨਿਭਾ ਰਿਹਾ ਹੈ।ਉਨ੍ਹਾਂ ਨੋਟ ਕੀਤਾ ਕਿ ਭਾਰਤ ਵਿੱਚ ਨੀਤੀਗਤ ਅਤੇ (ਬਾਕੀ ਸਫਾ 2 'ਤੇ)

## ਸਪੀਕਰ ਵਿਰੁੱਧ ਪੇਸ਼ ਨੋਟਿਸ 'ਚ ਨੇ ਕਮੀਆਂ: ਲੋਕ ਸਭਾ ਸਕੱਤਰੇਤ

ਨਵੀਂ ਦਿੱਲੀ, 11 ਫਰਵਰੀ (ਚ.ਨ.ਸ.): ਸੰਸਦ ਦਾ ਬਜਟ ਸੈਸ਼ਨ ਚੱਲ ਰਿਹਾ ਹੈ। ਇਸ ਦੌਰਾਨ ਵਿਰੋਧੀ ਧਿਰ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਵਿਰੁੱਧ ਬੇਭਰੋਸਗੀ ਮਤੇ ਦਾ ਨੋਟਿਸ ਪੇਸ਼ ਕੀਤਾ ਹੈ, ਜਿਸ ਤੋਂ ਬਾਅਦ ਹੁਣ ਸਪੀਕਰ ਵਿਰੁੱਧ ਬੇਭਰੋਸਗੀ ਮਤੇ ਦੇ ਨੋਟਿਸ ਵਿਚ ਖਾਮੀਆਂ ਦੀ ਪਛਾਣ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਸੋਧਣ ਦੇ ਨਿਰਦੇਸ਼ ਦਿੱਤੇ ਗਏ ਹਨ।ਲੋਕ ਸਭਾ ਸਕੱਤਰੇਤ ਸੂਤਰਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਵਲੋਂ (ਬਾਕੀ ਸਫਾ 2 'ਤੇ)

## 'ਪ੍ਰਗਤੀਸ਼ੀਲ ਪੰਜਾਬ ਨਿਵੇਸ਼ ਸੰਮੇਲਨ' ਰਾਹੀਂ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਸਿਰਜੇ ਜਾਣਗੇ: ਮਾਨ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 11 ਫਰਵਰੀ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੋਹਾਲੀ ਵਿਖੇ 13 ਤੋਂ 15 ਮਾਰਚ, 2026 ਨੂੰ ਹੋ ਰਹੇ 'ਪ੍ਰਗਤੀਸ਼ੀਲ ਪੰਜਾਬ ਨਿਵੇਸ਼ ਸੰਮੇਲਨ' ਲਈ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਇਸ ਨੂੰ ਫੈਸਲਾਕੁੰਨ ਕਦਮ ਦੱਸਿਆ ਜੋ ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਬੁਲੰਦੀਆਂ 'ਤੇ ਪਹੁੰਚਾਏਗਾ।



ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪ੍ਰਗਤੀਸ਼ੀਲ ਪੰਜਾਬ ਨਿਵੇਸ਼ ਸੰਮੇਲਨ 13 ਤੋਂ 15 ਮਾਰਚ, 2026 ਨੂੰ ਮੋਹਾਲੀ ਵਿਖੇ ਹੋਵੇਗਾ ਜੋ ਸੂਬੇ ਵਿੱਚ ਉਦਯੋਗਿਕ ਤਰੱਕੀ ਨੂੰ ਵੱਡਾ ਹੁਲਾਰਾ ਦੇਵੇਗਾ। ਪੰਜਾਬ ਪਹਿਲਾਂ ਹੀ ਆਲਮੀ ਪੱਧਰ 'ਤੇ ਨਿਵੇਸ਼ ਲਈ ਸਭ ਤੋਂ ਪਸੰਦੀਦਾ ਸਥਾਨ ਵਜੋਂ ਉੱਭਰਿਆ ਹੈ। ਉਨ੍ਹਾਂ ਕਿਹਾ, ਇਹ ਇਤਿਹਾਸਕ ਸੰਮੇਲਨ ਉਦਯੋਗਿਕ ਤਰੱਕੀ ਨੂੰ ਵੱਡਾ ਹੁਲਾਰਾ ਦੇਣ ਲਈ ਸੂਬੇ ਦੀ ਤਕਦੀਰ ਘੜਨ ਵਿੱਚ ਸਿਹਤਮੰਦ ਮੰਚ ਮੁਹੱਈਆ ਕਰਵਾਏਗਾ।

ਸਮੂਹਿਕ ਵਿਚਾਰ-ਵਟਾਂਦਰੇ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ, 'ਅੰਤਰਰਾਸ਼ਟਰੀ ਉਦਯੋਗਿਕ ਦਿੱਗਜਾਂ ਨਾਲ ਲੰਮੀ ਵਿਚਾਰ-ਚਰਚਾ ਤੋਂ ਬਾਅਦ ਸੂਬੇ ਦੀ ਸਨਅਤ ਲਈ ਉਦਯੋਗ-ਪੱਖੀ ਕਾਰਜ ਯੋਜਨਾ ਤਿਆਰ ਕਰਨ ਲਈ ਆਪਸੀ ਸਹਿਮਤੀ ਵਿਕਸਤ ਕੀਤੀ ਜਾਵੇਗੀ।' ਪੰਜਾਬੀਆਂ ਦੇ ਮੋਹਰੀ ਰਹਿਣ ਦੇ ਗੁਣਾਂ ਅਤੇ (ਬਾਕੀ ਸਫਾ 2 'ਤੇ)

## ਪੰਜਾਬ 'ਚ ਲਾਇਸੈਂਸੀ ਅਸਲ੍ਹਾ ਰੱਖਣਾ ਹੋਵੇਗਾ ਹੋਰ ਵੀ ਔਖਾ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 11 ਫਰਵਰੀ:ਪੰਜਾਬ ਵਿੱਚ ਲਾਇਸੈਂਸੀ ਹਥਿਆਰਾਂ ਨਾਲ ਹੋ ਰਹੇ ਕਤਲਾਂ 'ਤੇ ਸੂਬਾ ਸਰਕਾਰ ਨੇ ਸਖ਼ਤ ਰੁਖ਼ ਅਪਣਾਇਆ ਹੈ। ਹਾਲ ਹੀ ਦੇ ਮਹੀਨਿਆਂ ਵਿੱਚ ਕਈ ਸਨਸਨੀਖੇਜ਼ ਕਤਲਾਂ ਵਿੱਚ ਕਾਨੂੰਨੀ ਹਥਿਆਰਾਂ ਦੀ ਵਰਤੋਂ ਤੋਂ ਬਾਅਦ, ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਨੇ ਹਥਿਆਰ ਦਾ ਲਾਇਸੈਂਸ ਪ੍ਰਾਪਤ ਕਰਨ ਦੀ ਪੂਰੀ ਪ੍ਰਕਿਰਿਆ ਨੂੰ ਸਖ਼ਤ ਅਤੇ ਪਾਰਦਰਸ਼ੀ ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਸਬੰਧ ਵਿੱਚ ਇੱਕ ਉੱਚ-ਪੱਧਰੀ ਮੀਟਿੰਗ ਵਿੱਚ ਕਈ ਮਹੱਤਵਪੂਰਨ ਫੈਸਲੇ ਲਏ ਗਏ। ਸਰਕਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਹਥਿਆਰਾਂ ਦੇ ਲਾਇਸੈਂਸ ਹੁਣ ਬਿਨਾਂ ਕਿਸੇ ਠੋਸ ਤੇ ਪ੍ਰਮਾਣਿਤ ਕਾਰਨਾਂ ਤੋਂ ਨਹੀਂ ਮਿਲਣਗੇ, ਨਵੇਂ ਨਿਯਮਾਂ ਤਹਿਤ, ਹਥਿਆਰਾਂ ਦੇ ਲਾਇਸੈਂਸਾਂ ਲਈ ਖੁਫੀਆ ਜਾਣਕਾਰੀ ਦੀ ਵੀ ਲੋੜ ਹੋਵੇਗੀ। ਹੁਣ ਤੱਕ ਅਸਲਾ ਲਾਇਸੈਂਸ ਜਾਰੀ ਕਰਨ ਦਾ ਫੈਸਲਾ ਮੁੱਖ ਤੌਰ 'ਤੇ ਐਸ.ਐਚ.ਓ. ਅਤੇ (ਬਾਕੀ ਸਫਾ 2 'ਤੇ)

## ਪੰਜਾਬ ਦੀ 2027 ਦੀ ਰਾਜਨੀਤੀ ਵਿੱਚ ਡੇਰਿਆਂ ਦੀ ਝੰਡੀ, ਇੱਕ ਵਾਰ ਫ਼ਿਰ ਹੋਵੇਗਾ ਭਾਜਪਾ ਤੇ ਅਕਾਲੀ ਦਲ ਵਿੱਚ ਸਮਝੌਤਾ

**ਪੰਜਾਬ ਦੀ ਸਿਆਸਤ ਦਾ ਨਵਾਂ ਮੇਲਾ: ਸੱਤਾ, ਸਮਝੌਤੇ ਤੇ ਡੇਰਾਵਾਦ ਦੀ ਛਾਂ**
**ਕਿਸੇ ਵੀ ਕੀਮਤ 'ਤੇ ਕਾਂਗਰਸ ਤੇ ਆਪ ਨੂੰ ਸੱਤਾ 'ਚੋਂ ਬਾਹਰ ਕਰਨ ਦੀ ਤਿਆਰੀ**

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

================

ਭਰੋਸੇਯੋਗ ਸੂਤਰਾਂ ਅਨੁਸਾਰ ਕੇਂਦਰ ਵਿੱਚ ਹੁਣ ਪੱਕਾ ਵਿਸ਼ਵਾਸ ਹੋ ਗਿਆ ਕਿ ਕਿਸੇ ਵੀ ਕੀਮਤ 'ਤੇ ਕਾਂਗਰਸ ਅਤੇ ਆਪ ਨੂੰ ਪੰਜਾਬ ਵਿੱਚ ਸੱਤਾ ਤੋਂ ਬਾਹਰ ਰੱਖਣਾ ਹੋਵੇਗਾ ਅਤੇ ਇਸ ਲਈ ਡੇਰਿਆਂ ਦੀ ਸ਼ਰਨ ਵਿੱਚ ਦੋਵੇਂ ਪਾਰਟੀਆਂ ਚਲੀਆਂ ਗਈਆਂ ਹਨ।

ਹੁਣ ਇਹ ਸਾਫ਼ ਹੋ ਗਿਆ ਹੈ ਕਿ ਇਹ ਡੇਰਾਵਾਦ ਇਸ ਗੱਲ ਨੂੰ ਭਲੀਭਾਂਤ ਜਾਣ ਗਿਆ ਹੈ ਕਿ ਉਹਨਾਂ ਦੀ ਭੂਮਿਕਾ ਵੱਡੀ ਹੋਵੇਗੀ ਅਤੇ ਅਕਾਲੀ ਦਲ ਅਤੇ ਭਾਜਪਾ ਵਿੱਚ ਇੱਕ ਵੱਡਾ ਲੈਣ-ਦੇਣ ਕਰਕੇ ਸਮਝੌਤਾ ਹੋ ਜਾਏਗਾ ਤਾਂ ਜੋ ਸੱਤਾ 'ਤੇ ਕਾਬਜ਼ ਹੋਇਆ ਜਾ ਸਕੇ ।

ਪੰਜਾਬ ਦੀ ਸਿਆਸਤ ਵਿੱਚ ਇਕ ਵਾਰ ਫਿਰੋਂ ਉਹੀ ਪੁਰਾਣਾ ਮੇਲਾ ਲੱਗਦਾ ਨਜ਼ਰ ਆ ਰਿਹਾ ਹੈ। 2027 ਵਾਲਾ ਦ੍ਰਿਸ਼ ਜਿਵੇਂ ਨਵੀਂ ਪੈਕਿੰਗ ਵਿੱਚ ਦੁਬਾਰਾ ਪੇਸ਼ ਕੀਤਾ ਜਾ ਰਿਹਾ ਹੋਵੇ। ਚਿਹਰੇ ਕੁਝ ਬਦਲੇ ਹਨ, ਬਿਆਨ ਨਵੇਂ ਹਨ, ਪਰ ਖੇਡ ਉਹੀ ਹੈ—ਸੱਤਾ ਦੀ। ਲੱਗਦਾ ਹੈ ਕਿ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਵੱਡੇ ਪੱਧਰ 'ਤੇ ਸਮਝੌਤੇ ਦੀ ਜ਼ਮੀਨ ਤਿਆਰ ਹੋ ਰਹੀ ਹੈ। ਕਾਰਨ ਵੀ ਸਾਫ ਹੈ: 'ਆਪ', ਕਾਂਗਰਸ ਅਤੇ ਹੋਰ ਛੋਟੀਆਂ ਪਾਰਟੀਆਂ ਨੂੰ ਸੱਤਾ ਤੋਂ ਦੂਰ ਰੱਖਣ ਲਈ ਇਕੱਠਾ ਹੋਣਾ ਇਨ੍ਹਾਂ ਲਈ (ਬਾਕੀ ਸਫਾ 2 'ਤੇ)

## ਹਾਈਕੋਰਟ ਵੱਲੋਂ ਅੰਮ੍ਰਿਤਪਾਲ ਸਿੰਘ ਦੀ ਪੈਰੋਲ 'ਤੇ ਪੰਜਾਬ ਸਰਕਾਰ ਨੂੰ 10 ਦਿਨਾਂ 'ਚ ਜਵਾਬ ਦੇਣ ਦੇ ਹੁਕਮ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 11 ਫਰਵਰੀ: ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਸੰਸਦ ਦੇ ਬਜਟ ਇਜਲਾਸ 'ਚ ਹਿੱਸਾ ਲੈਣ ਲਈ ਆਪਣੀ ਪੈਰੋਲ ਦੀ ਅਰਜ਼ੀ ਰੱਦ ਕੀਤੇ ਜਾਣ ਦੇ ਫ਼ੈਸਲੇ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਚੁਣੌਤੀ ਦਿੱਤੀ ਹੈ। ਇਸ ਨਵੀਂ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ 10 ਦਿਨਾਂ ਦੇ ਅੰਦਰ ਜਵਾਬ ਦਾਇਰ ਕਰਨ ਦੇ ਹੁਕਮ ਦਿੱਤੇ ਹਨ।



ਅੰਮ੍ਰਿਤਪਾਲ ਸਿੰਘ ਇਸ ਵੇਲੇ ਰਾਸ਼ਟਰੀ ਸੁਰੱਖਿਆ ਐਕਟ (ਐਨ.ਐਸ.ਏ.) ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਬੰਦ ਹਨ। ਉਨ੍ਹਾਂ ਨੇ ਪੰਜਾਬ ਸਰਕਾਰ ਦੇ ਉਨ੍ਹਾਂ ਨੂੰ ਪੈਰੋਲ ਨਾ ਦੇਣ ਦੇ ਫ਼ੈਸਲੇ ਨੂੰ ਗੈਰ-ਕਾਨੂੰਨੀ, ਅਸਪੱਸ਼ਟ ਅਤੇ ਅਨੁਚਿਤ (ਬਾਕੀ ਸਫਾ 2 'ਤੇ)




# ਸਰਕਾਰ ਨੇ ਅਮਰੀਕਾ ਅੱਗੇ ਸਮਰਪਣ ਕੀਤਾ: ਰਾਹੁਲ ਗਾਂਧੀ

## 'ਭਾਰਤ ਮਾਤਾ' ਨੂੰ ਵੇਚਣ ਦਾ ਲਾਇਆ ਦੋਸ਼



ਨਵੀਂ ਦਿੱਲੀ, 11 ਫਰਵਰੀ (ਚ.ਨ.ਸ.): ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਅਮਰੀਕਾ ਨਾਲ ਵਪਾਰ ਸਮਝੌਤੇ ਨੂੰ ਲੈ ਕੇ ਬੁਧਵਾਰ ਨੂੰ ਦੋਸ਼ ਲਾਇਆ ਨਰਿੰਦਰ ਮੋਦੀ ਸਰਕਾਰ ਨੇ ਪੂਰੀ ਤਰ੍ਹਾਂ ਸਮਰਪਣ ਕਰ ਦਿਤਾ ਹੈ ਅਤੇ ਉਸ ਨੂੰ 'ਸ਼ਰਮ ਆਉਣੀ ਚਾਹੀਦੀ ਹੈ ਕਿ ਉਸ ਨੇ ਭਾਰਤ ਮਾਤਾ ਨੂੰ ਵੇਚ ਦਿਤਾ ਹੈ।' ਉਨ੍ਹਾਂ ਨੇ ਕੇਂਦਰੀ ਬਜਟ ਉਤੇ ਚਰਚਾ ਵਿਚ ਹਿੱਸਾ ਲੈਂਦਿਆਂ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਮੋਦੀ ਇਸ ਤਰ੍ਹਾਂ ਦਾ ਸਮਝੌਤਾ ਕਰਨ ਲਈ ਮਜਬੂਰ ਹੋਏ, ਕਿਉਂਕਿ ਅਮਰੀਕਾ ਨੇ ਉਨ੍ਹਾਂ ਦੀ 'ਗਰਦਨ ਫੜੀ ਹੋਈ ਹੈ।' ਕਾਂਗਰਸ ਦੇ ਸਾਬਕਾ ਪ੍ਰਧਾਨ ਨੇ ਸੱਤਾਧਾਰੀ ਧਿਰ ਦੇ ਮੈਂਬਰਾਂ ਦੀ ਟੋਕਾ-ਟਾਕੀ ਵਿਚਕਾਰ ਇਹ ਵੀ ਕਿਹਾ ਕਿ ਭਾਰਤ-ਅਮਰੀਕਾ ਸਮਝੌਤੇ 'ਚ ਦੇਸ਼ ਦੇ ਕਿਸਾਨਾਂ ਦੇ ਹਿੱਤਾਂ ਨੂੰ ਦਰੜ ਦਿੱਤਾ ਗਿਆ, ਜਿਵੇਂ ਅੱਜ ਤੋਂ ਪਹਿਲਾਂ ਕਿਸੇ ਪ੍ਰਧਾਨ ਮੰਤਰੀ ਨੇ ਨਹੀਂ ਕੀਤਾ ਅਤੇ ਅੱਗੇ ਵੀ ਕੋਈ ਨਹੀਂ ਕਰੇਗਾ। ਕਾਂਗਰਸ ਆਗੂ ਨੇ ਪ੍ਰਧਾਨ ਮੰਤਰੀ ਮੋਦੀ ਅਤੇ ਸਰਕਾਰ ਉੱਤੇ ਨਿਸ਼ਾਨਾ ਲਾਉਂਦਿਆਂ ਅਮਰੀਕਾ 'ਚ ਇਕ ਭਾਰਤੀ ਉਦਯੋਗਪਤੀ ਵਿਰੁੱਧ ਦਰਜ ਮਾਮਲੇ ਅਤੇ ਕੌਮਾਂਤਰੀ ਪੱਧਰ 'ਤੇ ਚਰਚਿਤ ਇਕ ਮਾਮਲੇ ਦਾ ਜ਼ਿਕਰ ਕੀਤਾ, ਜਿਸ ਉੱਤੇ ਪੀਠਾਸੀਨ ਸਭਾਪਤੀ ਨੇ ਨਿਯਮਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਰੀਕਾਰਡ 'ਚ ਸ਼ਾਮਲ ਨਹੀਂ ਹੋਵੇਗਾ। ਸੰਸਦੀ ਕਾਰਜ ਮੰਤਰੀ ਕਿਰੇਨ ਰਿਜੀਜੂ ਨੇ ਕਿਹਾ ਕਿ ਵਿਰੋਧੀ ਧਿਰ ਦੇ ਆਗੂ ਨੇ ਜੋ ਦੋਸ਼ ਲਾਏ ਹਨ ਉਨ੍ਹਾਂ ਦੋਸ਼ਾਂ ਨੂੰ ਤਸਦੀਕ ਕਰਨਾ ਚਾਹੀਦਾ ਹੈ, ਜਿਸ ਉੱਤੇ ਕਾਂਗਰਸ ਨੇਤਾ ਨੇ ਕਿਹਾ ਕਿ ਉਹ ਇਸ ਲਈ ਤਿਆਰ ਹਨ। ਰਾਹੁਲ ਗਾਂਧੀ ਨੇ ਕਿਹਾ,"ਮੈਨੂੰ ਸਭ ਤੋਂ ਜ਼ਿਆਦਾ ਹੈਰਾਨੀ ਇਸ ਗੱਲ 'ਤੇ ਹੋਈ ਕਿ ਅਮਰੀਕਾ-ਭਾਰਤ ਵਪਾਰ ਸਮਝੌਤੇ 'ਚ ਕੀ ਹੋਇਆ। ਜੇਕਰ ਅਸੀਂ 'ਇੰਡੀਆ' ਗੱਠਜੋੜ (ਦੀ ਸਰਕਾਰ 'ਚ) ਅਮਰੀਕਾ ਦੇ ਰਾਸ਼ਟਰਪਤੀ ਨਾਲ ਗੱਲਬਾਤ ਕਰ ਰਿਹਾ ਹੁੰਦਾ, ਤਾਂ ਅਸੀਂ ਇਕ ਗੱਲ ਬਿਲਕੁਲ ਸਾਫ਼ ਕਰਦੇ ਕਿ ਇਸ ਪੂਰੇ ਸਮੀਕਰਣ 'ਚ ਸਭ ਤੋਂ ਅਹਿਮ ਪੂੰਜੀ ਭਾਰਤੀ ਡੇਟਾ ਹੈ। ਜੇਕਰ ਅਮਰੀਕਾ ਡਾਲਰ ਨੂੰ ਸੁਰੱਖਿਅਤ ਰਖਣਾ ਚਾਹੁੰਦਾ ਹੈ ਤਾਂ ਉਸ ਨੂੰ ਇਹ ਮੰਨਣਾ ਹੋਵੇਗਾ ਕਿ ਭਾਰਤੀ ਡੇਟਾ ਇਕ ਰਣਨੀਤਕ ਪੂੰਜੀ ਹੈ ਅਤੇ ਕਿਸੇ ਵੀ ਚਰਚਾ ਨੂੰ ਬਰਾਬਰੀ ਦੇ ਪੱਧਰ 'ਤੇ ਹੋਣਾ ਚਾਹੀਦਾ ਹੈ, ਮਾਲਕ ਅਤੇ ਨੌਕਰ ਵਾਂਗ ਨਹੀਂ।" ਉਨ੍ਹਾਂ ਅੱਗੇ ਕਿਹਾ,"ਅਸੀਂ ਇਹ ਵੀ ਸਪੱਸ਼ਟ ਕਰਦੇ ਕਿ ਭਾਰਤ ਦੀ ਊਰਜਾ ਸੁਰੱਖਿਆ 'ਤੇ ਕੋਈ ਸਮਝੌਤਾ ਨਹੀਂ ਹੋ ਸਕਦਾ ਅਜੇ ਜਿਥੇ ਅਮਰੀਕਾ ਅਪਣੇ ਕਿਸਾਨਾਂ ਦੀ ਰਾਖੀ ਕਰੇਗਾ, ਉੱਥੇ ਅਸੀਂ ਅਪਣੇ ਕਿਸਾਨਾਂ ਦੀ ਰਾਖੀ ਕਰਾਂਗੇ। 'ਇੰਡੀਆ' ਗੱਠਜੋੜ ਦੀ ਸਰਕਾਰ ਬਰਾਬਰੀ ਦੀ ਤਾਕਤ ਵਾਂਗ ਗੱਲਬਾਤ ਕਰਦੀ, ਭਾਰਤ ਨੂੰ ਪਾਕਿਸਤਾਨ ਦੇ ਬਰਾਬਰ ਨਹੀਂ ਖੜ੍ਹਾ ਕਰਨ ਦਿੰਦੀ ਅਤੇ ਅਜਿਹੇ ਕਿਸੇ ਵੀ ਪ੍ਰਤੀਕਾਤਮਕ ਅਪਮਾਨ ਦਾ ਸਖ਼ਤ ਵਿਰੋਧ ਦਰਜ ਕਰਵਾਉਂਦੀ।" ਕਾਂਗਰਸ ਆਗੂ ਨੇ ਦੋਸ਼ ਲਾਇਆ ਕਿ ਇਸ ਸਮਝੌਤੇ 'ਚ ਮੋਦੀ ਸਰਕਾਰ ਨੇ ਡਿਜੀਟਲ ਵਪਾਰ ਦੇ ਨਿਯਮਾਂ ਉਤੇ ਕੰਟਰੋਲ ਛੱਡ ਦਿੱਤਾ,'ਡੇਟਾ ਡਿਜੀਟਲਾਈਜੇਸ਼ਨ' ਹਟਾਇਆ, ਅਮਰੀਕਾ ਨੂੰ ਡੇਟਾ ਦਾ ਮੁਕਤ ਪ੍ਰਵਾਹ ਕਰਨ ਦੀ ਇਜਾਜ਼ਤ ਦਿੱਤੀ, ਡਿਜੀਟਲ ਟੈਕਸ ਉਤੇ ਹੱਦ ਲਗਾ ਦਿੱਤੀ, ਸੋਰਸ ਕੋਡ ਪ੍ਰਗਟਾਵਾ ਕਰਨ ਦੀ ਸ਼ਰਤ ਹਟਾ ਦਿਤੀ ਅਤੇ ਵੱਡੀਆਂ ਟੈੱਕ ਕੰਪਨੀਆਂ ਨੂੰ ਲੰਮੇ 'ਟੈਕਸ ਹੋਲੀਡੇ' (ਲੰਮੇ ਸਮੇਂ ਤਕ ਟੈਕਸ ਤੋਂ ਛੋਟ) ਦੇ ਦਿੱਤੀ।" ਉਨ੍ਹਾਂ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਤਿਹਾਸ 'ਚ ਪਹਿਲੀ ਵਾਰੀ ਭਾਰਤੀ ਕਿਸਾਨ ਇਕ ਭਿਆਨਕ ਤੂਫ਼ਾਨ ਦਾ ਸਾਹਮਣਾ ਕਰ ਰਹੇ ਹਨ। ਰਾਹੁਲ ਗਾਂਧੀ ਦਾ ਕਹਿਣਾ ਸੀ, "ਤੁਸੀਂ (ਸਰਕਾਰ ਨੇ) ਹਜ਼ਾਰਾਂ ਏਕੜ 'ਚ ਫੈਲੇ ਅਮਰੀਕੀ ਖੇਤਾਂ ਲਈ ਦਰਵਾਜ਼ਾ ਖੋਲ੍ਹ ਦਿਤਾ ਹੈ, ਜਿਸ ਨਾਲ ਸਾਡੇ ਛੋਟੇ ਕਿਸਾਨਾਂ ਨੂੰ ਪੂਰੀ ਤਰ੍ਹਾਂ ਦਰੜ ਦਿਤਾ ਗਿਆ ਹੈ। ਇਹ ਬੇਹੱਦ ਸ਼ਰਮਨਾਕ ਹੈ ਅਤੇ ਨਾ ਤੁਹਾਡੇ ਤੋਂ (ਨਰਿੰਦਰ ਮੋਦੀ) ਪਹਿਲਾਂ ਕਿਸੇ ਪ੍ਰਧਾਨ ਮੰਤਰੀ ਨੇ ਅਜਿਹਾ ਕੀਤਾ ਅਤੇ ਨਾ ਤੁਹਾਡੇ ਬਾਅਦ ਕੋਈ ਅਜਿਹਾ ਕਰਨ ਦੀ ਹਿੰਮਤ ਕਰੇਗਾ।" ਉਨ੍ਹਾਂ ਦੋਸ਼ ਲਾਇਆ ਕਿ ਅਮਰੀਕਾ ਨੂੰ ਭਾਰਤ ਦੀ ਵਿੱਤ ਵਿਵਸਥਾ ਅਤੇ ਊਰਜਾ ਨੂੰ ਭਾਰਤ ਦੇ ਹੀ ਵਿਰੁੱਧ ਹਥਿਆਰ ਵਾਂਗ ਪ੍ਰਯੋਗ ਕਰਨ ਦੀ ਛੋਟ ਦੇ ਦਿੱਤੀ ਗਈ ਹੈ। ਵਿਰੋਧੀ ਧਿਰ ਦੇ ਨੇਤਾ ਨੇ ਕਿਹਾ,"ਤੁਸੀਂ ਇਸ ਸਦਨ 'ਚ ਆ ਕੇ ਇਸ ਦਾ ਬਚਾਅ ਕਿਸ ਤਰ੍ਹਾਂ ਕਰ ਸਕਦੇ ਹੋ? ਜੋ ਕੁਝ ਤੁਸੀਂ ਸੌਂਪ ਰਹੇ ਹੋ, ਉਸ ਉੱਤੇ ਤੁਹਾਨੂੰ ਸ਼ਰਮ ਨਹੀਂ ਆਉਂਦੀ?" ਉਨ੍ਹਾਂ ਦੋਸ਼ ਲਾਇਆ,"ਤੁਸੀਂ (ਸਰਕਾਰ ਨੇ) ਭਾਰਤ ਨੂੰ ਵੇਚ ਦਿੱਤਾ ਹੈ। ਕੀ ਤੁਹਾਨੂੰ ਭਾਰਤ ਨੂੰ ਵੇਚਣ ਉੱਤੇ ਸ਼ਰਮ ਨਹੀਂ ਆਉਂਦੀ? ਤੁਸੀਂ ਸਾਡੀ ਭਾਰਤ ਮਾਤਾ ਨੂੰ ਵੇਚ ਦਿੱਤਾ ਹੈ।" ਰਾਹੁਲ ਗਾਂਧੀ ਦਾ ਇਹ ਵੀ ਕਹਿਣਾ ਸੀ,"ਦਿਲਚਸਪ ਗੱਲ ਇਹ ਹੈ ਕਿ ਮੈਂ ਜਾਣਦਾ ਹਾਂ ਕਿ ਪ੍ਰਧਾਨ ਮੰਤਰੀ ਆਮ ਹਾਲਾਤ 'ਚ ਕਦੇ ਭਾਰਤ ਨੂੰ ਨਹੀਂ ਵੇਚਦੇ। ਤੁਸੀਂ ਜਾਣਦੇ ਹੋ ਉਨ੍ਹਾਂ ਨੇ ਭਾਰਤ ਨੂੰ ਕਿਉਂ ਵੇਚਿਆ? ਕਿਉਂਕਿ ਉਨ੍ਹਾਂ ਨੇ (ਅਮਰੀਕਾ ਨੇ) ਉਨ੍ਹਾਂ ਦੀ ਗਰਦਨ ਫੜੀ ਹੋਈ ਹੈ... ਅਸੀਂ ਪ੍ਰਧਾਨ ਮੰਤਰੀ ਦੀਆਂ ਅੱਖਾਂ 'ਚ ਡਰ ਸਾਫ਼ ਵੇਖ ਸਕਦੇ ਹਾਂ।"

ਰਾਹਲ ਗਾਂਧੀ ਨੇ ਕਿਹਾ,"ਅਮਰੀਕਾ ਅਤੇ ਚੀਨ ਵਿਚਕਾਰ ਮੁਕਾਬਲੇ 'ਚ ਸਭ ਤੋਂ ਅਹਿਮ ਗੱਲ ਭਾਰਤ ਦਾ ਡੇਟਾ ਹੈ। ਜੇਕਰ ਅਮਰੀਕਾ ਮਹਾਸ਼ਕਤੀ ਬਣੇ ਰਹਿਣਾ ਚਾਹੁੰਦਾ ਹੈ ਅਤੇ ਡਾਲਰ ਦੀ ਰਾਖੀ ਕਰਨਾ ਚਾਹੁੰਦਾ ਹੈ ਤਾਂ ਅਮਰੀਕੀਆਂ ਲਈ ਭਾਰਤ ਦਾ ਡੇਟਾ ਬਹੁਤ ਅਹਿਮ ਹੈ।" ਕਾਂਗਰਸ ਆਗੂ ਨੇ ਕਿਹਾ, "ਕੁੱਝ ਲੋਕ ਕਹਿ ਸਕਦੇ ਹਨ ਕਿ ਵਸੋਂ ਤ੍ਰਾਸਦੀ ਹੈ, ਪਰ ਮੈਂ ਕਹਿੰਦਾ ਹਾਂ ਕਿ ਇਹ ਤਾਕਤ ਹੈ।" ਰਾਹੁਲ ਗਾਂਧੀ ਨੇ ਕਿਹਾ ਕਿ ਬਜਟ 'ਚ ਇਸ ਗੱਲ ਨੂੰ ਮੰਨਿਆ ਗਿਆ ਹੈ ਕਿ ਊਰਜਾ ਅਤੇ ਵਿੱਤ ਨੂੰ ਦੁਨੀਆ ਭਰ 'ਚ ਹਥਿਆਰ ਬਣਾਇਆ ਜਾ ਰਿਹਾ ਹੈ, ਪਰ ਇਸ ਬਾਰੇ ਬਜਟ 'ਚ ਕਿਸੇ ਕਦਮ ਦਾ ਜ਼ਿਕਰ ਨਹੀਂ ਹੈ। ਉਨ੍ਹਾਂ ਕਿਹਾ,"ਸਾਨੂੰ ਅਪਣੇ ਲੋਕਾਂ, ਡੇਟਾ, ਭੋਜਨ ਸਪਲਾਈ ਅਤੇ ਊਰਜਾ ਤੰਤਰ ਦੀ ਰਾਖੀ ਕਰਨੀ ਹੋਵੇਗੀ।"

# ਪਹਾੜੀਆਂ ਦੇ ਲੈਂਡਸਲਾਈਡ ਜੋਖਮਾਂ ਦਾ ਲਿਆ ਜਾਵੇਗਾ ਵਿਗਿਆਨਕ ਜਾਇਜ਼ਾ: ਬੀ.ਬੀ.ਐਮ.ਬੀ.



ਰੂਪਨਗਰ, 11 ਫਰਵਰੀ (ਚ.ਨ.ਸ.): ਮੌਨਸੂਨ ਦੌਰਾਨ ਪਹਾੜੀਆਂ ਖਿਸਕਣ ਦੀਆਂ ਵਧਦੀਆਂ ਘਟਨਾਵਾਂ ਨੂੰ ਮੁੱਖ ਰੱਖਦਿਆਂ ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀ.ਬੀ.ਐਮ.ਬੀ.) ਹੁਣ ਭਾਖੜਾ ਡੈਮ ਦੇ ਆਲੇ-ਦੁਆਲੇ ਦੀਆਂ ਪਹਾੜੀਆਂ ਦਾ ਵਿਗਿਆਨਕ ਅਤੇ ਭੂ-ਵਿਗਿਆਨਕ ਮੁਲਾਂਕਣ ਕਰਵਾਉਣ ਦੀ ਤਿਆਰੀ ਕਰ ਰਿਹਾ ਹੈ। ਇਸ ਉਦੇਸ਼ ਲਈ ਬੀ.ਬੀ.ਐਮ.ਬੀ. ਵੱਲੋਂ ਭਾਰਤੀ ਭੂ-ਵਿਗਿਆਨਕ ਸਰਵੇਖਣ (ਜੀ.ਐਸ.ਆਈ.) ਨਾਲ ਇੱਕ ਸਮਝੌਤਾ ਪੱਤਰ ਸਾਈਨ ਕੀਤਾ ਜਾ ਰਿਹਾ ਹੈ, ਤਾਂ ਜੋ ਡੈਮ ਦੇ ਢਾਂਚੇ ਅਤੇ ਨੰਗਲ ਤੋਂ ਪਹੁੰਚ ਮਾਰਗਾਂ ਦੀਆਂ ਢਲਾਨਾਂ ਦਾ ਡੂੰਘਾਈ ਨਾਲ ਅਧਿਐਨ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਭਾਰੀ ਮੀਂਹ ਕਾਰਨ ਹੋਏ ਲੈਂਡਸਲਾਈਡ ਨਾਲ ਸੜਕੀ ਆਵਾਜਾਈ ਅਤੇ ਰੇਲ ਮਾਰਗ ਬੰਦ ਹੋ ਗਏ ਸਨ ਅਤੇ ਪਹਾੜੀਆਂ ਦਾ ਮਲਬਾ ਪਾਵਰ ਹਾਊਸ ਕੰਪਲੈਕਸ ਤੱਕ ਪਹੁੰਚ ਗਿਆ ਸੀ। ਹਾਲਾਂਕਿ ਡੈਮ ਦੇ ਨਿਰਮਾਣ ਵੇਲੇ 1950 ਅਤੇ 60 ਦੇ ਦਹਾਕੇ ਵਿੱਚ ਪਹਾੜੀਆਂ ਨੂੰ ਕੰਕਰੀਟ ਅਤੇ ਲੋਹੇ ਦੇ ਸਰੀਏ ਨਾਲ ਮਜ਼ਬੂਤ ਕੀਤਾ ਗਿਆ ਸੀ, ਪਰ ਮਾਹਰਾਂ ਦਾ ਮੰਨਣਾ ਹੈ ਕਿ ਸੱਤ ਦਹਾਕੇ ਬੀਤ ਜਾਣ ਮਗਰੋਂ ਮੌਸਮੀ ਤਬਦੀਲੀਆਂ ਅਤੇ ਪਾਣੀ ਦੇ ਰਿਸਾਅ ਕਾਰਨ ਇਹ ਪੁਰਾਣਾ ਸੁਰੱਖਿਆ ਢਾਂਚਾ ਕਮਜ਼ੋਰ ਹੋ ਸਕਦਾ ਹੈ। ਜੀ.ਐਸ.ਆਈ. ਵੱਲੋਂ ਕੀਤੇ ਜਾਣ ਵਾਲੇ ਸਰਵੇਖਣ ਦੌਰਾਨ ਚੱਟਾਨਾਂ ਦੀ ਮਜ਼ਬੂਤੀ, ਫਾਲਟ ਲਾਈਨਾਂ ਅਤੇ ਪਾਣੀ ਦੀ ਨਿਕਾਸੀ ਦੇ ਪ੍ਰਬੰਧਾਂ ਦੀ ਜਾਂਚ ਕੀਤੀ ਜਾਵੇਗੀ। ਇਸ ਅਧਿਐਨ ਦੀਆਂ ਰਿਪੋਰਟਾਂ ਦੇ ਅਧਾਰ 'ਤੇ ਬੀ.ਬੀ.ਐਮ.ਬੀ. ਵੱਲੋਂ ਪਹਾੜੀਆਂ ਨੂੰ ਸਥਿਰ ਕਰਨ ਲਈ ਰੌਕ ਬੋਲਟਿੰਗ, ਨਵੀਆਂ ਰਿਟੇਨਿੰਗ ਕੰਧਾਂ ਅਤੇ ਬਾਇਓ-ਇੰਜੀਨੀਅਰਿੰਗ ਵਰਗੇ ਆਧੁਨਿਕ ਰੋਕਥਾਮ ਉਪਾਅ ਕੀਤੇ ਜਾਣਗੇ। ਭਾਖੜਾ ਡੈਮ ਉੱਤਰੀ ਭਾਰਤ ਦੇ ਸੂਬਿਆਂ ਜਿਵੇਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਲਈ ਸਿੰਚਾਈ ਅਤੇ ਬਿਜਲੀ ਸਪਲਾਈ ਦਾ ਮੁੱਖ ਸੋਮਾ ਹੈ, ਇਸ ਲਈ ਇਸ ਦੇ ਬੁਨਿਆਦੀ ਢਾਂਚੇ ਨੂੰ ਕਿਸੇ ਵੀ ਸੰਭਾਵੀ ਕੁਦਰਤੀ ਖ਼ਤਰੇ ਤੋਂ ਸੁਰੱਖਿਅਤ ਰੱਖਣਾ ਬੇਹੱਦ ਜ਼ਰੂਰੀ ਹੈ। ਬੋਰਡ ਦੇ ਅਧਿਕਾਰੀਆਂ ਅਨੁਸਾਰ ਇਹ ਕਦਮ ਡੈਮ ਨੂੰ ਕਿਸੇ ਤਤਕਾਲੀ ਖ਼ਤਰੇ ਕਾਰਨ ਨਹੀਂ, ਸਗੋਂ ਭਵਿੱਖ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਗਾਊਂ ਇਹਤਿਆਤ ਵਜੋਂ ਚੁੱਕਿਆ ਜਾ ਰਿਹਾ ਹੈ।

# ਹੁਣ ਸੜਕਾਂ ਵੀ ਗਾਉਣਗੀਆਂ 'ਜੈ ਹੋ': ਦੇਸ਼ ਨੂੰ ਮਿਲੀ ਪਹਿਲੀ 'ਮਿਊਜ਼ੀਕਲ ਰੋਡ'

## ਤੈਅ ਰਫ਼ਤਾਰ 'ਤੇ ਗੱਡੀ ਚਲਾਉਣ ਸਮੇਂ ਸੁਣਾਈ ਦੇਵੇਗੀ ਸਲੱਮਡਾਗ ਮਿਲੀਨੇਅਰ ਦੀ ਧੁਨ

ਮੁੰਬਈ, 11 ਫਰਵਰੀ (ਚ.ਨ.ਸ.): ਮੁੰਬਈ ਦੇ ਕੋਸਟਲ ਰੋਡ 'ਤੇ ਸਫ਼ਰ ਕਰਨ ਵਾਲੇ ਵਾਹਨ ਚਾਲਕਾਂ ਲਈ ਹੁਣ ਸਫ਼ਰ ਹੋਰ ਵੀ ਸੁਖਦ ਅਤੇ ਸੰਗੀਤਮਈ ਹੋਣ ਜਾ ਰਿਹਾ ਹੈ। ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਬੁੱਧਵਾਰ ਨੂੰ ਭਾਰਤ ਦੀ ਪਹਿਲੀ 'ਮਿਊਜ਼ੀਕਲ ਰੋਡ' ਦਾ ਉਦਘਾਟਨ ਕੀਤਾ। ਇਹ ਅਨੋਖੀ ਸੜਕ ਮੁੰਬਈ ਕੋਸਟਲ ਰੋਡ ਦੇ ਨਰੀਮਨ ਪੁਆਇੰਟ ਤੋਂ ਵਰਲੀ ਵੱਲ ਜਾਣ ਵਾਲੇ ਰਸਤੇ 'ਤੇ ਬਣਾਈ ਗਈ ਹੈ। ਜਦੋਂ ਕੋਈ ਵਾਹਨ ਇਸ ਸੜਕ 'ਤੇ ਬਣੇ ਖ਼ਾਸ ਨਿਸ਼ਾਨਾਂ (ਗਰੂਵਜ਼) ਉੱਪਰੋਂ 70 ਤੋਂ 80 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਗੁਜ਼ਰਦਾ ਹੈ, ਤਾਂ ਟਾਇਰਾਂ ਦੀ ਰਗੜ ਨਾਲ ਸਲੱਮਡੌਗ ਮਿਲੀਨੇਅਰ ਫ਼ਿਲਮ ਦੇ ਮਸ਼ਹੂਰ ਗੀਤ 'ਜੈ ਹੋ' ਦੀ ਧੁਨ ਸੁਣਾਈ ਦਿੰਦੀ ਹੈ।

ਬ੍ਰਿਹਨਮੁੰਬਈ ਨਗਰ ਨਿਗਮ ਮੁਤਾਬਕ ਇਹ ਦੁਨੀਆ ਦੀ ਪੰਜਵੀਂ ਅਜਿਹੀ ਸੜਕ ਹੈ। ਇਸ ਤਕਨੀਕ ਵਿੱਚ ਸੜਕ ਦੀ ਸਤ੍ਹਾ 'ਤੇ ਖ਼ਾਸ ਦੂਰੀ ਅਤੇ ਆਕਾਰ ਦੇ ਰੰਬਲ ਸਟ੍ਰਿਪਸ ਲਗਾਏ ਗਏ ਹਨ, ਜੋ ਗੱਡੀ ਦੇ ਲੰਘਣ 'ਤੇ ਵਾਈਬ੍ਰੇਸ਼ਨ ਪੈਦਾ ਕਰਦੇ ਹਨ ਅਤੇ ਇੱਕ ਸੰਗੀਤਕ ਨੋਟ ਤਿਆਰ ਕਰਦੇ ਹਨ। ਵਰਲੀ ਵੱਲ ਜਾਣ ਵਾਲੀ ਸੁਰੰਗ ਤੋਂ ਬਾਹਰ ਨਿਕਲਣ ਤੋਂ 500 ਮੀਟਰ ਪਹਿਲਾਂ ਹੀ ਸੜਕ ਦੇ ਕਿਨਾਰੇ ਸੰਕੇਤ ਬੋਰਡ ਲਗਾਏ ਗਏ ਹਨ, ਜੋ ਚਾਲਕਾਂ ਨੂੰ ਮਿਊਜ਼ੀਕਲ ਰੋਡ ਅਤੇ ਲੋੜੀਂਦੀ ਰਫ਼ਤਾਰ ਬਾਰੇ ਸੁਚੇਤ ਕਰਦੇ ਹਨ।

## 'ਵੰਦੇ ਮਾਤਰਮ' ਸਬੰਧੀ ਬਦਲੇ ਨਿਯਮ

# ਰਾਸ਼ਟਰੀ ਗੀਤ ਤੋਂ ਵੀ ਪਹਿਲਾਂ ਗਾਇਆ-ਵਜਾਇਆ ਜਾਵੇਗਾ

## ਰਾਸ਼ਟਰਗਾਨ ਤੋਂ ਪਹਿਲਾਂ ਰਾਸ਼ਟਰਗੀਤ ਦੇ ਸਾਰੇ ਛੇ ਛੰਦ ਗਾਉਣਾ ਜ਼ਰੂਰੀ: ਗ੍ਰਹਿ ਮੰਤਰਾਲੇ ਦੀਆਂ ਹਦਾਇਤਾਂ



ਨਵੀਂ ਦਿੱਲੀ, 11 ਫਰਵਰੀ (ਚ.ਨ.ਸ.): ਸਰਕਾਰ ਨੇ ਵੰਦੇ ਮਾਤਰਮ ਸੰਬੰਧੀ ਨਵੇਂ ਨਿਯਮ ਜਾਰੀ ਕੀਤੇ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨੇ ਹੁਕਮ ਦਿੱਤਾ ਹੈ ਕਿ ਜਦੋਂ ਵੀ ਰਾਸ਼ਰਗੀਤ 'ਵੰਦੇ ਮਾਤਰਮ' ਅਤੇ ਰਾਸ਼ਟਰਗਾਨ 'ਜਨ ਗਣ ਮਨ' ਇਕੱਠੇ ਗਾਏ ਜਾਂ ਵਜਾਏ ਜਾਣ ਤਾਂ ਬੰਕਿਮ ਚੰਦਰ ਚਟੋਪਾਧਿਆਏ ਵੱਲੋਂ ਲਿਖੇ ਰਾਸ਼ਟਰਗੀਤ ਦੇ ਸਾਰੇ ਛੇ ਛੰਦ ਪਹਿਲਾਂ ਗਾਏ ਜਾਣ। ਹੁਕਮ 'ਚ ਮੰਤਰਾਲੇ ਨੇ ਪਹਿਲੀ ਵਾਰੀ ਰਾਸ਼ਟਰਗੀਤ 'ਵੰਦੇ ਮਾਤਰਮ' ਦੇ ਗਾਇਨ ਨੂੰ ਲੈ ਕੇ ਪ੍ਰੋਟੋਕਾਲ ਤੈਅ ਕੀਤੇ ਹਨ, ਜਿਸ ਤਹਿਤ ਰਾਸ਼ਟਰਪਤੀ ਦੇ ਆਗਮਨ, ਤਿਰੰਗਾ ਲਹਿਰਾਏ ਜਾਣ ਅਤੇ ਰਾਜਪਾਲਾਂ ਦੇ ਭਾਸ਼ਣ ਵਰਗੇ ਸਰਕਾਰੀ ਪ੍ਰੋਗਰਾਮਾਂ 'ਚ ਰਾਸ਼ਟਰਗੀਤ ਦੇ ਸਾਰੇ ਛੇ ਛੰਦ (ਕੁਲ ਸਮਾਂ ਤਿੰਨ ਮਿੰਟ 10 ਸਕਿੰਟ) ਗਾਏ ਜਾਣਗੇ। ਇਹ ਹੁਕਮ 28 ਜਨਵਰੀ ਨੂੰ ਜਾਰੀ ਕੀਤਾ ਗਿਆ। ਹੁਕਮ 'ਚ ਕਿਹਾ ਗਿਆ,"ਜਦੋਂ ਵੀ ਰਾਸ਼ਟਰਗੀਤ ਅਤੇ ਰਾਸ਼ਟਰਗਾਨ ਗਾਏ ਜਾਂ ਵਜਾਏ ਜਾਣ, ਤਾਂ ਰਾਸ਼ਟਰਗੀਤ ਪਹਿਲਾਂ ਗਾਇਆ ਜਾਂ ਵਜਾਇਆ ਜਾਵੇਗਾ।" ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਜਿੱਥੇ ਰਾਸ਼ਟਰਗੀਤ ਗਾਇਆ ਜਾਵੇਗਾ, ਉੱਥੇ ਮੌਜੂਦ ਸਾਰੇ ਲੋਕਾਂ ਨੂੰ ਸਾਵਧਾਨ ਦੀ ਮੁਦਰਾ 'ਚ ਖੜ੍ਹਾ ਹੋਣਾ ਹੋਵੇਗਾ। ਇਸ 'ਚ ਕਿਹਾ ਗਿਆ,"ਪਰ ਜੇਕਰ ਕਿਸੇ ਸਮਾਚਾਰ ਜਾਂ ਫ਼ਿਲਮ ਦੌਰਾਨ ਰਾਸ਼ਟਰਗੀਤ ਫ਼ਿਲਮ ਦੇ ਹਿੱਸੇ ਵਜੋਂ ਵਜਾਇਆ ਜਾਵੇ, ਤਾਂ ਦਰਸ਼ਕਾਂ ਤੋਂ ਖੜ੍ਹੇ ਹੋਣ ਦੀ ਉਮੀਦ ਨਹੀਂ ਹੈ, ਕਿਉਂਕਿ ਇਸ ਨਾਲ ਫ਼ਿਲਮ ਵਿਖਾਉਣ 'ਚ ਰੁਕਾਵਟ ਆਵੇਗੀ ਅਤੇ ਮਾਣ ਦੀ ਬਜਾਏ ਅਵਿਵਸਥਾ ਅਤੇ ਭਰਮ ਦੀ ਸਥਿਤੀ ਪੈਦਾ ਹੋ ਸਕਦੀ ਹੈ।" ਮੰਤਰਾਲੇ ਨੇ ਕਿਹਾ ਕਿ ਸਕੂਲਾਂ 'ਚ ਦਿਨ ਦੀ ਸ਼ੁਰੂਆਤ ਰਾਸ਼ਟਰਗੀਤ ਦੇ ਸਮੂਹਕ ਗਾਇਨ ਨਾਲ ਕੀਤੀ ਜਾਣੀ ਚਾਹੀਦੀ ਹੈ। ਮੰਤਰਾਲੇ ਨੇ ਇਹ ਵੀ ਕਿਹਾ ਕਿ ਉਨ੍ਹਾਂ ਸਾਰੇ ਮੌਕਿਆਂ ਦੀ ਪੂਰੀ ਸੂਚੀ ਦੇਣਾ ਸੰਭਵ ਨਹੀਂ ਹੈ, ਜਿੱਥੇ ਰਾਸ਼ਟਰਗੀਤ ਦਾ ਗਾਇਨ ਕੀਤਾ ਜਾ ਸਕਦਾ ਹੈ, ਪਰ 'ਜੇਕਰ ਧਰਤੀ ਮਾਤਾ ਨੂੰ ਸਨਮਾਨ ਦੇਣ ਅਤੇ ਉਚਿਤ ਮਰਿਆਦਾ ਬਣਾਈ ਰੱਖਣ ਨਾਲ ਰਾਸ਼ਟਰਗੀਤ ਗਾਇਆ ਜਾਂਦਾ ਹੈ ਤਾਂ ਇਸ 'ਤੇ ਕੋਈ ਇਤਰਾਜ਼ ਨਹੀਂ ਹੈ।" ਹੁਕਮ 'ਚ ਸਕੂਲਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਅਪਣੇ ਪ੍ਰੋਗਰਾਮਾਂ 'ਚ ਰਾਸ਼ਟਰਗੀਤ ਅਤੇ ਰਾਸ਼ਟਰਗਾਨ ਦੇ ਗਾਇਨ ਨੂੰ ਮਕਬੂਲ ਬਣਾਉਣ ਅਤੇ ਵਿਦਿਆਰਥੀਆਂ 'ਚ ਕੌਮੀ ਝੰਡੇ ਪ੍ਰਤੀ ਸਨਮਾਨ ਦੀ ਭਾਵਨਾ ਵਿਕਸਤ ਕਰਨ ਲਈ ਢੁਕਵਾਂ ਪ੍ਰਬੰਧ ਕਰਨ। ਕੇਂਦਰ ਸਰਕਾਰ 'ਵੰਦੇ ਮਾਤਰਮ' ਦੇ 150 ਸਾਲ ਪੂਰੇ ਹੋਣ ਮੌਕੇ ਪ੍ਰੋਗਰਾਮ ਕਰ ਰਹੀ ਹੈ।

### 15,000 ਰੁਪਏ ਚੜ੍ਹੀ ਚਾਂਦੀ

ਅੱਜ ਸ਼ਾਮ ਦੇ ਸਮੇਂ 5.15 ਵਜੇ ਚਾਂਦੀ 15,602 ਰੁਪਏ ਭਾਅ 6.18 ਪ੍ਰਤੀਸ਼ਤ ਦੇ ਵਾਧੇ ਨਾਲ 2,68,150 ਰੁਪਏ 'ਤੇ ਕਾਰੋਬਾਰ ਕਰ ਰਹੀ ਸੀ। 2 ਅਪ੍ਰੈਲ ਨੂੰ ਡਿਲੀਵਰੀ ਲਈ ਸੋਨੇ ਦੀ ਕੀਮਤ ਪਿਛਲੇ ਸੈਸ਼ਨ ਵਿੱਚ 1,56,803 ਰੁਪਏ ਪ੍ਰਤੀ 10 ਗ੍ਰਾਮ 'ਤੇ ਬੰਦ ਹੋਈ ਅਤੇ ਅੱਜ 1,58,436 ਰੁਪਏ 'ਤੇ ਖੁੱਲ੍ਹੀ। ਵਪਾਰ ਦੌਰਾਨ, ਇਹ 1,58,639 ਰੁਪਏ ਦੇ ਉੱਚੇ ਪੱਧਰ ਅਤੇ 1,57,560 ਰੁਪਏ ਦੇ ਹੇਠਲੇ ਪੱਧਰ ਨੂੰ ਛੂਹ ਗਿਆ। ਸ਼ਾਮ 5.15 ਵਜੇ, ਇਹ 3,387 ਰੁਪਏ ਭਾਵ 2.16 ਪ੍ਰਤੀਸ਼ਤ ਦੇ ਵਾਧੇ ਨਾਲ 1,60,190 ਰੁਪਏ 'ਤੇ ਵਪਾਰ ਕਰ ਰਿਹਾ ਸੀ। ਅਮਰੀਕੀ ਖਜ਼ਾਨਾ ਬਾਂਡ ਉਪਜ ਵਿੱਚ ਗਿਰਾਵਟ ਦੇ ਕਾਰਨ ਅੰਤਰਰਾਸ਼ਟਰੀ ਪੱਧਰ 'ਤੇ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਵੀ ਵਾਧਾ ਹੋਇਆ। ਸਪਾਟ ਸੋਨਾ 0.3 ਪ੍ਰਤੀਸ਼ਤ ਵਧ ਕੇ £5,038.73 ਪ੍ਰਤੀ ਔਂਸ ਹੋ ਗਿਆ, ਜਦੋਂ ਕਿ ਅਮਰੀਕੀ ਸੋਨੇ ਦਾ ਵਾਅਦਾ 0.6 ਪ੍ਰਤੀਸ਼ਤ ਵਧ ਕੇ £5,060.60 ਹੋ ਗਿਆ। ਇਸੇ ਤਰ੍ਹਾਂ, ਸਪਾਟ ਚਾਂਦੀ 1 ਪ੍ਰਤੀਸ਼ਤ ਵੱਧ ਕੇ £81.49 ਪ੍ਰਤੀ ਔਂਸ ਹੋ ਗਈ। ਇਹ ਪਿਛਲੇ ਸੈਸ਼ਨ ਵਿੱਚ ਤਿੰਨ ਪ੍ਰਤੀਸ਼ਤ ਤੋਂ ਵੱਧ ਡਿੱਗ ਗਈ ਸੀ।

# ਪਹਿਲੇ ਸਫ਼ੇ ਦੀ ਬਾਕੀ

### 'ਪ੍ਰਗਤੀਸ਼ੀਲ ਪੰਜਾਬ ਨਿਵੇਸ਼ ਸੰਮੇਲਨ'

ਉੱਦਮੀ ਭਾਵਨਾ ਦੀ ਭਰਵੀਂ ਸ਼ਲਾਘਾ ਕਰਦਿਆਂ, ਉਨ੍ਹਾਂ ਕਿਹਾ, 'ਪੰਜਾਬੀ ਆਪਣੀ ਹਿੰਮਤ ਅਤੇ ਕਾਬਲੀਅਤ ਨਾਲ ਦੁਨੀਆਂ ਵਿੱਚ ਕਿਤੇ ਵੀ ਅਚੰਭਾ ਕਰ ਸਕਦੇ ਹਨ।'

ਇਸ ਸੰਮੇਲਨ ਦੇ ਵਿਸ਼ੇ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਸੰਮੇਲਨ 'ਪੰਜਾਬ ਮੀਨਜ਼ ਬਿਜ਼ਨਸ-ਪਾਲਿਸੀ-ਟੂ-ਪ੍ਰੈਕਟਿਸ' (ਪੰਜਾਬ ਮਤਲਬ ਕਾਰੋਬਾਰ-ਨੀਤੀ ਤੋਂ ਅਮਲ) ਦੇ ਵਿਸ਼ੇ 'ਤੇ ਆਧਾਰਤ ਹੋਵੇਗਾ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਪਹਿਲਾਂ ਹੀ ਗੁਰੂਗ੍ਰਾਮ, ਨਵੀਂ ਦਿੱਲੀ, ਬੈਂਗਲੁਰੂ, ਹੈਦਰਾਬਾਦ, ਚੇਨਈ, ਮੁੰਬਈ ਅਤੇ ਜਾਪਾਨ, ਦੱਖਣੀ ਕੋਰੀਆ ਆਦਿ ਦੇਸ਼ਾਂ ਵਿੱਚ ਰੋਡ ਸ਼ੋਅ ਕੀਤੇ ਜਾ ਚੁੱਕੇ ਹਨ। ਉਨ੍ਹਾਂ ਅੱਗੇ ਕਿਹਾ, 'ਸੰਮੇਲਨ ਦੌਰਾਨ ਮੁੱਖ ਸੈਸ਼ਨਾਂ ਵਿੱਚ ਉਦਘਾਟਨ, ਸਮਾਪਤੀ, ਕੰਟਰੀ ਸੈਸ਼ਨ, ਪਲੇਨਰੀ, ਸੈਕਟਰਲ ਸੈਸ਼ਨ ਅਤੇ ਹੋਰ ਸ਼ਾਮਲ ਹੋਣਗੇ।'

ਇਸ ਸਮਾਗਮ ਨੂੰ ਨਿਵੇਸ਼ਕਾਂ ਲਈ ਵੱਡਾ ਮੌਕਾ ਕਰਾਰ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਿਵੇਸ਼ਕ ਸੰਮੇਲਨ ਦੇਸ਼ ਭਰ ਵਿੱਚ ਵੱਧ ਤੋਂ ਵੱਧ ਰਿਆਇਤਾਂ ਦੀ ਪੇਸ਼ਕਸ਼ ਕਰਦੇ ਹੋਏ ਸੂਬੇ ਵਿੱਚ ਨਿਵੇਸ਼ ਦੇ ਮੌਕਿਆਂ ਲਈ ਮੰਚ ਪ੍ਰਦਾਨ ਕਰੇਗਾ।' ਉਨ੍ਹਾਂ ਅੱਗੇ ਕਿਹਾ, 'ਪੰਜਾਬ ਸਰਕਾਰ ਨੂੰ ਇਸ ਵਿਆਪਕ ਸਮਾਗਮ ਵਿੱਚ ਹਿੱਸਾ ਲੈਣ ਲਈ ਨਾ ਸਿਰਫ਼ ਭਾਰਤ ਸਗੋਂ ਦੁਨੀਆਂ ਭਰ ਦੇ ਉਦਯੋਗਿਕ ਦਿੱਗਜ਼ਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ।' ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਉਨ੍ਹਾਂ ਕਿਹਾ, 'ਸੂਬੇ ਦਾ ਮੁੱਖ ਆਧਾਰ ਖੇਤੀਬਾੜੀ ਖੇਤਰ ਪਹਿਲਾਂ ਹੀ ਚੁਣੌਤੀਆਂ ਨਾਲ ਜੂਝ ਰਿਹਾ ਹੈ ਅਤੇ ਕਮਜ਼ੋਰ ਹੋਈ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਲਈ ਵਿਆਪਕ ਉਦਯੋਗੀਕਰਨ ਹੀ ਇੱਕੋ ਇੱਕ ਹੱਲ ਹੈ।'

ਮੁੱਖ ਮੰਤਰੀ ਨੇ ਕਿਹਾ, ਸੂਬਾ ਸਰਕਾਰ ਨੇ ਪੰਜਾਬ ਨੂੰ ਨਾ ਸਿਰਫ਼ ਦੇਸ਼ ਵਿੱਚ ਸਗੋਂ ਵਿਸ਼ਵ ਭਰ ਵਿੱਚ ਨਿਵੇਸ਼ ਲਈ ਸਭ ਤੋਂ ਪਸੰਦੀਦਾ ਸਥਾਨ ਬਣਾਉਣ ਲਈ ਵਿਲੱਖਣ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਨੇ ਸੰਭਾਵੀ ਉੱਦਮੀਆਂ ਨੂੰ ਸੂਬੇ ਵਿੱਚ ਵੱਡੇ ਪੱਧਰ 'ਤੇ ਨਿਵੇਸ਼ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, 'ਸੂਬਾ ਸਰਕਾਰ ਪੰਜਾਬ ਵਿੱਚ ਨਿਵੇਸ਼ ਅਤੇ ਉਦਯੋਗਿਕ ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਣ ਲਈ ਵਚਨਬੱਧ ਹੈ ਅਤੇ ਸੂਬਾ ਸਰਕਾਰ ਦੇ ਯਤਨਾ ਸਦਕਾ ਹੁਣ ਤੱਕ 1.50 ਲੱਖ ਕਰੋੜ ਰੁਪਏ ਦੇ ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ ਹਨ, ਜਿਸ ਨਾਲ ਨੌਜਵਾਨਾਂ ਲਈ 5.20 ਲੱਖ ਨੌਕਰੀਆਂ ਦੇ ਮੌਕੇ ਪੈਦਾ ਹੋਣਗੇ।'

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਟਾਟਾ ਸਟੀਲ, ਸਨਾਤਨ ਟੈਕਸਟਾਈਲ ਅਤੇ ਅਜਿਹੀਆਂ ਹੋਰ ਪ੍ਰਮੁੱਖ ਕੰਪਨੀਆਂ ਵੱਲੋਂ ਸੂਬੇ ਵਿੱਚ ਨਿਵੇਸ਼ ਕਰਨ ਵਿੱਚ ਦਿਲਚਸਪੀ ਦਿਖਾਈ ਗਈ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ 13 ਤੋਂ 15 ਮਾਰਚ ਨੂੰ ਮੋਹਾਲੀ ਵਿਖੇ ਇਸ ਪ੍ਰਗਤੀਸ਼ੀਲ ਪੰਜਾਬ ਨਿਵੇਸ਼ ਸੰਮੇਲਨ ਕਰਵਾਇਆ ਜਾ ਰਿਹਾ ਹੈ।

ਸੂਬਾ ਸਰਕਾਰ ਵੱਲੋਂ ਕੀਤੇ ਗਏ ਸੁਧਾਰਾਂ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਨੇ ਕਿਹਾ, 'ਪੰਜਾਬ ਸਰਕਾਰ ਵੱਲੋਂ ਉਦਯੋਗਿਕ ਪ੍ਰੋਜੈਕਟਾਂ ਲਈ ਫੌਰੀ ਅਤੇ ਨਿਰਵਿਘਨ ਢੰਗ ਨਾਲ ਰੈਗੂਲੇਟਰੀ ਮਨਜ਼ੂਰੀਆਂ ਜਾਰੀ ਕਰਨਾ ਯਕੀਨੀ ਬਣਾਉਣ ਲਈ ਸੇਲ ਡੀਡ ਦੀ ਰਜਿਸਟ੍ਰੇਸ਼ਨ ਵਿੱਚ ਗ੍ਰੀਨ ਸਟੈਂਪ ਪੇਪਰ ਪੇਸ਼ ਕੀਤਾ ਗਿਆ ਹੈ।' ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਹੀ ਇਕ ਅਜਿਹਾ ਸੂਬਾ ਹੈ ਜਿਸ ਕੋਲ ਸਥਾਨਕ ਉਦਯੋਗਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਆਪਣੇ ਉਦਯੋਗ ਪੱਖੀ ਮਾਹੌਲ ਦੇ ਨਾਲ-ਨਾਲ ਪੂਰੀ ਤਰ੍ਹਾਂ ਸਮਰੱਥ ਹੁਨਰਮੰਦ ਸਟਾਫ ਉਪਲੱਬਧ ਹੈ।' ਬਿਜਲੀ ਸੁਰੱਖਿਆ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ, ਉਨ੍ਹਾਂ ਕਿਹਾ ਕਿ ਵਿਕਾਸ ਲਈ ਬਿਜਲੀ ਸੁਰੱਖਿਆ ਬਹੁਤ ਅਹਿਮ ਹੈ, ਇਸ ਲਈ ਸੂਬਾ ਸਰਕਾਰ ਵੱਲੋਂ ਪੰਜਾਬ ਵਿੱਚ ਵੱਧ ਤੋਂ ਵੱਧ ਬਿਜਲੀ ਉਤਪਾਦਨ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।'

ਉਨ੍ਹਾਂ ਕਿਹਾ ਕਿ ਦੇਸ਼ ਅਤੇ ਦੁਨੀਆਂ ਭਰ ਦੀਆਂ ਪ੍ਰਮੁੱਖ ਕੰਪਨੀਆਂ ਦੇ ਨੁਮਾਇੰਦੇ ਨਿਵੇਸ਼ ਨੂੰ ਮਜ਼ਬੂਤ ਕਰਨ ਲਈ ਸੂਬੇ ਵਿੱਚ ਕਰਵਾਏ ਜਾਣ ਵਾਲੇ ਇਸ ਮੈਗਾ ਈਵੈਂਟ ਵਿੱਚ ਸੰਭਾਵੀ ਤੌਰ 'ਤੇ ਸ਼ਾਮਲ ਹੋਣਗੇ।' ਭਗਵੰਤ ਸਿੰਘ ਮਾਨ ਨੇ ਸੀਨੀਅਰ ਅਧਿਕਾਰੀਆਂ ਨਾਲ ਇਸ ਸੰਮੇਲਨ ਲਈ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਤਾਂ ਜੋ ਇਸ ਸੰਮੇਲਨ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਉਦਯੋਗ ਦੇ ਵੱਖ-ਵੱਖ ਪਹਿਲੂਆਂ 'ਤੇ ਪ੍ਰਦਰਸ਼ਨੀ, ਸੈਮੀਨਾਰ ਅਤੇ ਤਕਨੀਕੀ ਸੈਸ਼ਨਾਂ ਤੋਂ ਇਲਾਵਾ ਉਦਯੋਗਿਕ ਖੇਤਰ ਵਿੱਚ ਉੱਭਰ ਰਹੀਆਂ ਤਕਨਾਲੋਜੀਆਂ ਅਤੇ ਰਣਨੀਤੀਆਂ 'ਤੇ ਵਿਸ਼ੇਸ਼ ਧਿਆਨ ਕੇਂਦਰਿਤ ਕੀਤਾ ਜਾਵੇਗਾ।'

ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੰਮੇਲਨ ਦਾ ਲੋਗੋ ਵੀ ਜਾਰੀ ਕੀਤਾ। ਇਸ ਮੌਕੇ ਉਦਯੋਗ ਤੇ ਵਪਾਰ ਮੰਤਰੀ ਸੰਜੀਵ ਅਰੋੜਾ, ਮੁੱਖ ਸਕੱਤਰ ਕੇ.ਏ.ਪੀ.ਸਿਨਹਾ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

### ਸੰਸਦ ਵਿੱਚ ਵਿਰੋਧੀ ਧਿਰ ਦੇ ਹੰਗਾਮੇ

ਰਾਜਨੀਤਿਕ ਸਥਿਰਤਾ ਹੈ ਅਤੇ ਵਿਦੇਸ਼ੀ ਸੰਸਥਾਵਾਂ ਦੇਸ਼ ਵਿੱਚ ਨਿਵੇਸ਼ ਕਰਨਾ ਚਾਹੁੰਦੀਆਂ ਹਨ। ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਤ੍ਰਿਣਮੂਲ ਕਾਂਗਰਸ (ਟੀ.ਐਮ.ਸੀ.) ਦੇ ਮੈਂਬਰ ਕੀਰਤੀ ਆਜ਼ਾਦ ਦੇ ਇੱਕ ਪੂਰਕ ਸਵਾਲ ਦਾ ਜਵਾਬ ਦਿੰਦੇ ਹੋਏ ਪੱਛਮੀ ਬੰਗਾਲ ਸਰਕਾਰ 'ਤੇ ਤਨਜ਼ ਕੱਸਿਆ ਅਤੇ ਪੁੱਛਿਆ ਕਿ ਸੂਬਾ ਸਰਕਾਰ ਰੇਲਵੇ ਪ੍ਰੋਜੈਕਟਾਂ ਲਈ ਜ਼ਮੀਨ ਗ੍ਰਹਿਣ ਕਰਨ ਵਿੱਚ ਸੁਸਤੀ ਕਿਉਂ ਦਿਖਾ ਰਹੀ ਹੈ। ਪੱਛਮੀ ਬੰਗਾਲ ਵਿੱਚ ਟੀ ਐਮ ਸੀ ਦੀ ਸੱਤਾ ਹੈ, ਜਿੱਥੇ ਇਸ ਸਾਲ ਚੋਣਾਂ ਹੋਣੀਆਂ ਹਨ। ਸਪੀਕਰ ਓਮ ਬਿਰਲਾ ਨੇ ਫੈਸਲਾ ਕੀਤਾ ਹੈ ਕਿ ਜਦੋਂ ਤੱਕ ਵਿਰੋਧੀ ਧਿਰ ਵੱਲੋਂ ਉਨ੍ਹਾਂ ਵਿਰੁੱਧ ਲਿਆਂਦੇ ਗਏ ਬੇਭਰੋਸਗੀ ਮਤੇ ਦੇ ਨੋਟਿਸ ਦੀ ਪ੍ਰਕਿਰਿਆ ਦਾ ਨਿਪਟਾਰਾ ਨਹੀਂ ਹੋ ਜਾਂਦਾ, ਉਹ ਸਦਨ ਵਿੱਚ ਨਹੀਂ ਆਉਣਗੇ।

### ਸਪੀਕਰ ਵਿਰੁੱਧ ਪੇਸ਼ ਨੋਟਿਸ 'ਚ ਨੇ ਕਮੀਆਂ:

ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਹਟਾਉਣ ਦੀ ਮੰਗ ਕਰਦੇ ਹੋਏ ਪੇਸ਼ ਕੀਤੇ ਗਏ ਨੋਟਿਸ ਵਿਚ ਕਮੀਆਂ ਪਾਈਆਂ ਗਈਆਂ ਹਨ। ਨੋਟਿਸ ਵਿਚ ਫਰਵਰੀ 2025 ਦੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਦੇ ਆਧਾਰ 'ਤੇ ਨਿਯਮਾਂ ਅਨੁਸਾਰ ਇਸ ਨੂੰ ਰੱਦ ਕੀਤਾ ਜਾ ਸਕਦਾ ਸੀ। ਹਾਲਾਂਕਿ ਸਪੀਕਰ ਨੇ ਸਕੱਤਰੇਤ ਨੂੰ ਨੋਟਿਸ ਵਿਚ ਕਮੀਆਂ ਨੂੰ ਦੂਰ ਕਰਨ ਅਤੇ ਅਗਲੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ।

ਓਮ ਬਿਰਲਾ ਨੇ ਨਿਯਮਾਂ ਅਨੁਸਾਰ ਤੇਜ਼ੀ ਨਾਲ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ। ਬਜਟ ਸੈਸ਼ਨ ਦੇ ਦੂਜੇ ਪੜਾਅ ਦੀ ਸ਼ੁਰੂਆਤ ਤੋਂ ਬਾਅਦ ਨੋਟਿਸ ਨੂੰ ਸੂਚੀਬੱਧ ਕੀਤਾ ਜਾਵੇਗਾ। ਸੋਧਿਆ ਨੋਟਿਸ ਪ੍ਰਾਪਤ ਕਰਨ ਤੋਂ ਬਾਅਦ ਨਿਰਧਾਰਤ ਨਿਯਮਾਂ ਅਨੁਸਾਰ ਇਸ ਦੀ ਤੁਰੰਤ ਜਾਂਚ ਕੀਤੀ ਜਾਵੇਗੀ।

### ਹਾਈਕੋਰਟ ਵੱਲੋਂ ਅੰਮ੍ਰਿਤਪਾਲ ਸਿੰਘ ਦੀ ਪੈਰੋਲ 'ਤੇ ਪੰਜਾਬ

ਕਰਾਰ ਦਿੱਤਾ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਐੱਨ.ਐੱਸ.ਏ. ਦੀ ਧਾਰਾ-15 ਦੇ ਤਹਿਤ ਉਨ੍ਹਾਂ ਨੂੰ ਅਸਥਾਈ ਰਿਹਾਈ ਜਾਂ ਪੈਰੋਲ ਦੇਣ ਦੇ ਨਿਰਦੇਸ਼ ਦਿੱਤੇ ਜਾਣ ਤਾਂ ਜੋ ਉਹ 28 ਜਨਵਰੀ ਤੋਂ 13 ਫਰਵਰੀ ਅਤੇ 8 ਮਾਰਚ ਤੋਂ 2 ਅਪ੍ਰੈਲ ਤੱਕ ਨਿਰਧਾਰਿਤ ਬਜਟ ਇਜਲਾਸ ਦੇ ਵੱਖ-ਵੱਖ ਪੜਾਵਾਂ 'ਚ ਸ਼ਾਮਲ ਹੋ ਸਕਣ। ਪਟੀਸ਼ਨ 'ਚ ਅੰਮ੍ਰਿਤਪਾਲ ਸਿੰਘ ਨੇ ਤਰਕ ਦਿੱਤਾ ਹੈ ਕਿ ਉਨ੍ਹਾਂ ਦੇ ਹਲਕੇ ਦੇ ਲਗਭਗ 19 ਲੱਖ ਵੋਟਰਾਂ ਦੀ ਆਵਾਜ਼ ਸੰਸਦ 'ਚ ਚੁੱਕਣਾ ਉਨ੍ਹਾਂ ਦਾ ਸੰਵਿਧਾਨਕ ਅਧਿਕਾਰ ਹੈ। ਉਨ੍ਹਾਂ ਦੱਸਿਆ ਕਿ ਅਗਸਤ, 2025 ਦੇ ਹੜ੍ਹਾਂ ਕਾਰਨ ਉਨ੍ਹਾਂ ਦੇ ਹਲਕੇ ਦੇ ਕਰੀਬ 1,000 ਪਿੰਡ ਪ੍ਰਭਾਵਿਤ ਹੋਏ ਹਨ, ਜਿਨ੍ਹਾਂ ਦੀਆਂ ਸਮੱਸਿਆਵਾਂ ਅਤੇ ਸਰਹੱਦੀ ਖੇਤਰ 'ਚ ਵੱਧ ਰਹੇ ਨਸ਼ਿਆਂ ਅਤੇ ਵਿਕਾਸ ਦੇ ਮੁੱਦਿਆਂ ਨੂੰ ਸੰਸਦ 'ਚ ਚੁੱਕਣਾ ਬਹੁਤ ਜ਼ਰੂਰੀ ਹੈ। ਸੰਸਦ ਮੈਂਬਰ ਨੇ ਦੋਸ਼ ਲਾਇਆ ਕਿ ਉਨ੍ਹਾਂ ਦੀ ਪੈਰੋਲ ਦੀ ਮੰਗ ਨੂੰ ਰੱਦ ਕਰਨਾ ਸਿਆਸੀ ਬਦਲਾਖ਼ੋਰੀ ਤੋਂ ਪ੍ਰੇਰਿਤ ਹੈ ਅਤੇ ਇਹ ਕੁਦਰਤੀ ਨਿਆਂ ਦੇ ਸਿਧਾਂਤਾਂ ਦੇ ਖ਼ਿਲਾਫ਼ ਹੈ। ਇਸ ਤੋਂ ਪਹਿਲਾਂ ਵੀ ਹਾਈਕੋਰਟ ਨੇ ਸਪੱਸ਼ਟ ਕੀਤਾ ਸੀ ਕਿ ਐੱਸ.ਐੱਸ.ਏ. ਤਹਿਤ ਅਸਥਾਈ ਰਿਹਾਈ ਦਾ ਫ਼ੈਸਲਾ ਲੈਣ ਦਾ ਅਧਿਕਾਰ ਸਬੰਧਿਤ ਸੂਬਾ ਸਰਕਾਰ ਕੋਲ ਹੁੰਦਾ ਹੈ।

### ਪੰਜਾਬ 'ਚ ਲਾਇਸੈਂਸੀ ਅਸਲ੍ਹਾ

ਐਸ.ਐਸ.ਪੀ. ਦੀ ਰਿਪੋਰਟ ਦੇ ਆਧਾਰ 'ਤੇ ਲਿਆ ਜਾਂਦਾ ਸੀ, ਪਰ ਹੁਣ ਖੁਫੀਆ ਏਜੰਸੀਆਂ ਦੀ ਰਿਪੋਰਟ ਵੀ ਲਾਜ਼ਮੀ ਕਰ ਦਿੱਤੀ ਗਈ ਹੈ। ਬਿਨੈਕਾਰ ਦੇ ਪਿਛੋਕੜ, ਸਮਾਜਿਕ ਗਤੀਵਿਧੀਆਂ, ਅਪਰਾਧਿਕ ਰਿਕਾਰਡ ਅਤੇ ਸੰਭਾਵੀ ਖ਼ਤਰੇ ਦਾ ਮੁਲਾਂਕਣ ਖੁਫੀਆ ਰਿਪੋਰਟਾਂ ਦੇ ਆਧਾਰ 'ਤੇ ਕੀਤਾ ਜਾਵੇਗਾ। ਜੇਕਰ ਬਿਨੈਕਾਰ ਆਪਣੀ ਜਾਨ ਨੂੰ ਖ਼ਤਰਾ ਦੱਸ ਕੇ ਲਾਇਸੈਂਸ ਦੀ ਮੰਗ ਕਰ ਰਹੇ ਹਨ, ਤਾਂ ਸਬੰਧਤ ਜ਼ਿਲ੍ਹੇ ਦੀ ਖੁਫੀਆ ਇਕਾਈ ਤੋਂ ਰਿਪੋਰਟ ਦੀ ਲੋੜ ਹੋਵੇਗੀ। ਜੇਕਰ ਕਿਸੇ ਵੀ ਪੱਧਰ 'ਤੇ ਝੂਠੀ ਜਾਂ ਮਨਘੜਤ ਰਿਪੋਰਟ ਤਿਆਰ ਕਰਕੇ ਲਾਇਸੈਂਸ ਲਿਆ ਜਾਂਦਾ ਤਾਂ ਸਬੰਧਤ ਅਧਿਕਾਰੀ, ਭਾਵੇਂ ਉਹ ਐਸ.ਐਚ.ਓ., ਡੀ.ਐਸ.ਪੀ., ਐਸ.ਐਸ.ਪੀ., ਜਾਂ ਕੋਈ ਹੋਰ ਅਧਿਕਾਰੀ ਕਿਉਂ ਨਾ ਹੋਵੇ, ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਡੀ.ਜੀ.ਪੀ. ਗੌਰਵ ਯਾਦਵ ਨੇ ਸਪੱਸ਼ਟ ਕੀਤਾ ਕਿ ਸਰਕਾਰੀ ਹੁਕਮਾਂ ਅਨੁਸਾਰ ਹਥਿਆਰ ਲਾਇਸੈਂਸ ਪ੍ਰਕਿਰਿਆ ਨੂੰ ਹੋਰ ਸਖ਼ਤ ਕੀਤਾ ਜਾ ਰਿਹਾ ਹੈ। ਹਥਿਆਰਾਂ ਨੂੰ ਸਟੇਟਸ ਸਿੰਬਲ ਬਣਾ ਕੇ, ਅਪਰਾਧ ਕਰਨ ਦੀ ਪ੍ਰਵਿਰਤੀ ਨੂੰ ਰੋਕਣਾ ਜ਼ਰੂਰੀ ਹੈ। ਪਿਛਲੇ ਤਿੰਨ ਸਾਲਾਂ ਵਿੱਚ ਹਜ਼ਾਰਾਂ ਲਾਇਸੈਂਸ ਰੱਦ ਕੀਤੇ ਗਏ ਹਨ, ਅਤੇ ਇਹ ਸਖ਼ਤੀ ਜਾਰੀ ਰਹੇਗੀ।

### ਪੰਜਾਬ ਦੀ 2027 ਦੀ ਰਾਜਨੀਤੀ ਵਿੱਚ ਡੇਰਿਆਂ ਦੀ ਝੰਡੀ

ਮਜ਼ਬੂਰੀ ਵੀ ਹੈ ਅਤੇ ਰਣਨੀਤੀ ਵੀ। ਇਹ ਸਿਰਫ਼ ਗੱਠਜੋੜ ਦੀ ਗੱਲ ਨਹੀਂ; ਇਹ ਸਿਆਸੀ ਜੀਵਨ-ਮਰਨ ਦਾ ਸਵਾਲ ਹੈ। ਅਕਾਲੀ ਦਲ, ਜੋ ਕਦੇ ਪੰਥਕ ਸਿਆਸਤ ਦਾ ਕੇਂਦਰ ਸੀ, ਆਪਣੀ ਘਟਦੀ ਪਕੜ ਤੋਂ ਬਾਹਰ ਨਿਕਲਣਾ ਚਾਹੁੰਦਾ ਹੈ। ਭਾਜਪਾ, ਜੋ ਪੰਜਾਬ ਵਿੱਚ ਹਮੇਸ਼ਾ ਸਾਥੀ ਦੀ ਛਾਂ ਵਿੱਚ ਰਹੀ, ਹੁਣ ਆਪਣਾ ਵੱਖਰਾ ਆਧਾਰ ਮਜ਼ਬੂਤ ਕਰਨਾ ਚਾਹੁੰਦੀ ਹੈ। ਪਰ ਜ਼ਮੀਨੀ ਹਕੀਕਤ ਇਹ ਹੈ ਕਿ ਦੋਵੇਂ ਪਾਰਟੀਆਂ ਅਕੇਲੇ ਅਜੇ ਵੀ ਉਹ ਭਰੋਸਾ ਪੈਦਾ ਨਹੀਂ ਕਰ ਸਕੀਆਂ ਜੋ ਸਿੱਧੀ ਸੱਤਾ ਦਿਵਾ ਸਕੇ। ਇਸ ਲਈ ਫਿਰੋਂ 'ਸਮਝੌਤਾ' ਹੀ ਇਕ ਮੰਤਰ ਬਣਦਾ ਦਿਸਦਾ ਹੈ।

ਪਰ ਇਸ ਵਾਰ ਕਹਾਣੀ ਵਿੱਚ ਇੱਕ ਹੋਰ ਖਿਡਾਰੀ ਖੁੱਲ੍ਹ ਕੇ ਸਾਹਮਣੇ ਆ ਰਿਹਾ ਹੈ—ਡੇਰਾਵਾਦ। ਡੇਰਿਆਂ ਦੇ ਮੁਖੀਆਂ ਦੀ ਸਿੱਧੀ ਭਾਈਵਾਲੀ ਹੁਣ ਸਿਰਫ਼ ਅਫਵਾਹ ਨਹੀਂ ਰਹੀ; ਇਹ ਖੁੱਲ੍ਹੀ ਚਰਚਾ ਦਾ ਵਿਸ਼ਾ ਹੈ। ਸਵਾਲ ਇਹ ਹੈ ਕਿ ਕੀ ਪੰਜਾਬ ਦੀ ਜਮਹੂਰੀ ਸਿਆਸਤ ਇੰਨੀ ਕਮਜ਼ੋਰ ਹੋ ਗਈ ਹੈ ਕਿ ਉਸਨੂੰ ਆਧਿਆਤਮਿਕ ਕੇਂਦਰਾਂ ਦੇ ਆਸ਼ੀਰਵਾਦ ਬਿਨਾਂ ਵੋਟ ਨਹੀਂ ਮਿਲ ਸਕਦੇ? ਜਾਂ ਫਿਰ ਸਿਆਸੀ ਦਲਾਂ ਨੇ ਮੰਨ ਲਿਆ ਹੈ ਕਿ ਵੋਟਰ ਹੁਣ ਵਿਚਾਰਧਾਰਾ ਨਾਲ ਨਹੀਂ, ਇਸ਼ਾਰਿਆਂ ਨਾਲ ਚਲਦਾ ਹੈ?

ਡੇਰੇ ਸਿਰਫ਼ ਧਾਰਮਿਕ ਅਸਥਾਨ ਨਹੀਂ ਰਹੇ; ਅੱਜ ਉਹ ਵੱਡੇ ਸਮਾਜਕ ਅਤੇ ਰਾਜਨੀਤਿਕ ਪ੍ਰਭਾਵ ਵਾਲੇ ਕੇਂਦਰ ਬਣ ਚੁੱਕੇ ਹਨ। ਉਨ੍ਹਾਂ ਦੇ ਸਾਥ ਨਾਲ ਹਜ਼ਾਰਾਂ-ਲੱਖਾਂ ਵੋਟਾਂ ਦੀ ਉਮੀਦ ਜੋੜੀ ਜਾਂਦੀ ਹੈ। ਪਰ ਇਹ ਪ੍ਰਸ਼ਨ ਵੀ ਉੱਠਦਾ ਹੈ ਕਿ ਕੀ ਇਹ ਵੋਟਾਂ ਨਾਗਰਿਕ ਚੇਤਨਾ ਦੀ ਪ੍ਰਤੀਕ ਹਨ ਜਾਂ ਇਕੱਠੇ ਹੁਕਮਾਂ ਦੀ ਪਾਲਣਾ? ਜੇ ਸਿਆਸਤ ਡੇਰਿਆਂ ਦੇ ਦਰਵਾਜ਼ਿਆਂ ਤੋਂ ਨਿਕਲੇ ਫ਼ਰਮਾਨਾਂ 'ਤੇ ਟਿਕੇਗੀ, ਤਾਂ ਫਿਰ ਸੰਵਿਧਾਨ, ਨੀਤੀ ਅਤੇ ਲੋਕ-ਹਿੱਤ ਕਿੱਥੇ ਖੜ੍ਹੇ ਹੋਣਗੇ?

ਅੰਦਰਲੀਆਂ ਗੱਲਾਂ ਨੂੰ ਖਰੋਚ ਕੇ ਵੇਖੀਏ ਤਾਂ ਤਸਵੀਰ ਹੋਰ ਸਾਫ ਹੁੰਦੀ ਹੈ। ਇਹ ਗਠਜੋੜ ਸਿਧਾਂਤਕ ਨੇੜਤਾ ਦਾ ਨਤੀਜਾ ਘੱਟ, ਤੇ ਰਾਜਨੀਤਿਕ ਗਣਿਤ ਦਾ ਜੋੜ-ਘਟਾਓ ਵੱਧ ਲੱਗਦਾ ਹੈ। ਕਿਸੇ ਨੂੰ ਆਪਣੇ ਖਿਸਕਦੇ ਵੋਟ ਬੈਂਕ ਦੀ ਚਿੰਤਾ ਹੈ, ਕਿਸੇ ਨੂੰ ਕੇਂਦਰ ਨਾਲ ਤਾਲਮੇਲ ਦੀ ਲੋੜ। ਕਿਸੇ ਨੂੰ ਮਾਮਲਿਆਂ ਦੀਆਂ ਫ਼ਾਈਲਾਂ ਤੋਂ ਰਾਹਤ ਚਾਹੀਦੀ ਹੈ, ਕਿਸੇ ਨੂੰ ਸੱਤਾ। ਜਨਤਾ ਦੇ ਮੁੱਦੇ—ਬੇਰੁਜ਼ਗਾਰੀ, ਨਸ਼ਾ, ਕਰਜ਼ੇ ਹੇਠਾਂ ਡੁੱਬੀ ਖੇਤੀ, ਪਰਵਾਸ—ਫਿਰ ਹਾਸਿਏ 'ਤੇ ਧੱਕੇ ਜਾਂਦੇ ਦਿਸਦੇ ਹਨ।

'ਆਪ' ਸਰਕਾਰ ਦੇ ਵਿਰੁੱਧ ਅਸੰਤੋਸ਼ ਨੂੰ ਇਕ ਮੌਕੇ ਵਜੋਂ ਵੇਖਿਆ ਜਾ ਰਿਹਾ ਹੈ। ਕਾਂਗਰਸ ਦੀ ਅੰਦਰੂਨੀ ਕਲੇਸ਼ ਵੀ ਵਿਰੋਧੀ ਧਿਰ ਲਈ ਸੁਵਿਧਾਜਨਕ ਮੰਨੀ ਜਾ ਰਹੀ ਹੈ। ਇਸ ਸਾਰੇ ਵਿੱਚ ਪੰਜਾਬ ਦਾ ਆਮ ਵੋਟਰ ਫਿਰੋਂ ਇਕ ਗਿਣਤੀ ਬਣ ਕੇ ਰਹਿ ਗਿਆ ਹੈ—ਜਿਸਨੂੰ ਜੋੜਿਆ, ਘਟਾਇਆ ਤੇ ਵੰਡਿਆ ਜਾ ਸਕੇ। ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਸਿਆਸਤ ਵਿੱਚ ਮੁੱਦਿਆਂ ਦੀ ਥਾਂ ਪ੍ਰਬੰਧਕ ਸਮਝੌਤਿਆਂ ਨੇ ਲੈ ਲਈ ਹੈ। ਜਦੋਂ ਚੋਣਾਂ ਵਿਚਾਰਾਂ ਦੀ ਬਜਾਏ ਸਮੀਕਰਨਾਂ ਨਾਲ ਲੜੀਆਂ ਜਾਣ, ਤਾਂ ਲੋਕਤੰਤਰ ਦੀ ਰੂਹ ਕਮਜ਼ੋਰ ਪੈਂਦੀ ਹੈ। ਪੰਜਾਬ ਜਿਸਨੇ ਕਈ ਇਤਿਹਾਸਕ ਸੰਘਰਸ਼ ਵੇਖੇ ਹਨ, ਉਹ ਅੱਜ ਵੀ ਸੱਚੀ ਤੇ ਪਾਰਦਰਸ਼ੀ ਸਿਆਸਤ ਦੀ ਉਡੀਕ ਕਰ ਰਿਹਾ ਹੈ।

ਸੱਤਾ ਦਾ ਮੇਲਾ ਲੱਗਣਾ ਨਵੀਂ ਗੱਲ ਨਹੀਂ। ਪਰ ਜੇ ਇਹ ਮੇਲਾ ਸਿਰਫ਼ ਕੁਰਸੀਆਂ ਦੀ ਬੋਲੀ ਤੱਕ ਸੀਮਿਤ ਰਹਿ ਗਿਆ, ਤਾਂ ਹਾਰ ਸਿਰਫ਼ ਕਿਸੇ ਪਾਰਟੀ ਦੀ ਨਹੀਂ, ਪੰਜਾਬ ਦੀ ਹੋਵੇਗੀ। ਲੋਕਾਂ ਨੂੰ ਹੁਣ ਫੈਸਲਾ ਕਰਨਾ ਹੈ ਕਿ ਉਹ ਡੇਰਿਆਂ ਦੇ ਇਸ਼ਾਰਿਆਂ 'ਤੇ ਚੱਲਣ ਵਾਲੀ ਸਿਆਸਤ ਚਾਹੁੰਦੇ ਹਨ ਜਾਂ ਆਪਣੇ ਹੱਕਾਂ ਤੇ ਭਵਿੱਖ ਲਈ ਖੜ੍ਹੀ ਹੋਣ ਵਾਲੀ ਨਵੀਂ ਰਾਜਨੀਤਿਕ ਸੱਭਿਆਚਾਰ।

# ਪੈਂਗੁਇਨ ਰੈਂਡਮ ਹਾਊਸ ਨੂੰ ਦਿੱਲੀ ਪੁਲਿਸ ਨੇ ਭੇਜਿਆ ਨੋਟਿਸ

## ਅਣਪ੍ਰਕਾਸ਼ਿਤ ਕਿਤਾਬ ਸੋਸ਼ਲ ਮੀਡੀਆ ਉੱਤੇ ਪ੍ਰਸਾਰਿਤ ਕਰਨ ਨੂੰ ਲੈ ਕੇ ਮੰਗਿਆ ਸਪੱਸ਼ਟੀਕਰਨ




ਨਵੀਂ ਦਿੱਲੀ, 11 ਫਰਵਰੀ (ਚ.ਨ.ਸ.): ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ 'ਪੈਂਗੁਇਨ ਰੈਂਡਮ ਹਾਊਸ ਇੰਡੀਆ' ਨੂੰ ਨੋਟਿਸ ਜਾਰੀ ਕਰ ਕੇ ਸਾਬਕਾ ਮੁਖੀ ਜਨਰਲ ਮਨੋਜ ਮੁਕੁੰਦ ਨਰਵਣੇ ਦੀ ਅਣਪ੍ਰਕਾਸ਼ਿਤ ਕਿਤਾਬ ਨੂੰ ਸੋਸ਼ਲ ਮੀਡੀਆ 'ਤੇ ਉਪਲੱਬਧ ਕਰਵਾਉਣ ਦੇ ਸਬੰਧ 'ਚ ਸਪੱਸ਼ਟੀਕਰਨ ਮੰਗਿਆ ਹੈ।ਇਕ ਅਧਿਕਾਰੀ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਇਹ ਨੋਟਿਸ ਅਜਿਹੇ ਸਮੇਂ ਜਾਰੀ ਕੀਤਾ ਗਿਆ, ਜਦੋਂ ਕਿਤਾਬ ਦੀ ਸਥਿਤੀ ਅਤੇ ਅਣਅਧਿਕਾਰਤ ਐਡੀਸ਼ਨਾਂ ਦੇ ਗੈਰ-ਕਾਨੂੰਨੀ ਪ੍ਰਸਾਰਨ ਦੇ ਵਿਰੋਧ 'ਚ ਦਾਅਵੇ ਕੀਤੇ ਜਾ ਰਹੇ ਹਨ, ਜਿਸ ਨਾਲ ਪ੍ਰਕਾਸ਼ਕ, ਸਾਬਕਾ ਫ਼ੌਜ ਮੁਖੀ ਅਤੇ ਸੀਨੀਅਰ ਰਾਜਨੀਤਕ ਹਸਤੀਆਂ ਇਕ ਵਿਆਪਕ ਜਨਤਕ ਵਿਵਾਦ 'ਚ ਸ਼ਾਮਲ ਹੋ ਗਈਆਂ ਹਨ। ਪੁਲਿਸ ਅਨੁਸਾਰ, ਵਿਸ਼ੇਸ਼ ਸੈੱਲ ਨੇ ਨੋਟਿਸ ਦੇ ਮਾਧਿਅਮ ਨਾਲ ਪ੍ਰਕਾਸ਼ਕ ਤੋਂ ਰਸਮੀ ਤੌਰ 'ਤੇ ਸੰਪਰਕ ਕਰ ਕੇ ਕਈ ਸਵਾਲ ਪੁੱਛੇ ਹਨ ਅਤੇ ਉਨ੍ਹਾਂ ਦੇ ਵਿਸਤ੍ਰਿਤ ਜਵਾਬ ਮੰਗੇ ਹਨ। ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ,"ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ 'ਪੈਂਗੁਇਨ ਇੰਡੀਆ' ਨੂੰ ਨੋਟਿਸ ਜਾਰੀ ਕਤਾ ਹੈ। ਇਸ ਨੋਟਿਸ ਦੇ ਮਾਧਿਅਮ ਨਾਲ ਕਈ ਸਵਾਲ ਪੁੱਛੇ ਗਏ ਹਨ ਅਤੇ ਉਨ੍ਹਾਂ ਦੇ ਜਵਾਬ ਮੰਗੇ ਗਏ ਹਨ।" ਇਹ ਕਦਮ ਉਨ੍ਹਾਂ ਰਿਪੋਰਟ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ, ਜਿਨ੍ਹਾਂ 'ਚ ਦਾਅਵਾ ਕੀਤਾ ਗਿਆ ਹੈ ਕਿ ਨਰਵਣੇ ਦੀ ਯਾਦਾਂ ਦੀ ਕਿਤਾਬ 'ਫੋਰ ਸਟਾਰਸ ਆਫ ਡੈਸਟਿਨੀ' ਦੀ ਖਰੜੇ ਨੂੰ ਪ੍ਰਕਾਸ਼ਨ ਤੋਂ ਪਹਿਲਾਂ ਡਿਜੀਟਲ ਅਤੇ ਹੋਰ ਫਾਰਮੈਟਾਂ 'ਚ ਗੈਰ-ਕਾਨੂੰਨੀ ਤੌਰ 'ਤੇ ਪ੍ਰਸਾਰਿਤ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਖਰੜੇ ਦੇ ਅਣਅਧਿਕਾਰਤ ਪ੍ਰਸਾਰ ਦੇ ਸੰਬੰਧ 'ਚ ਲੱਗੇ ਦੋਸ਼ਾਂ ਕਾਰਨ ਐੱਫ.ਆਈ.ਆਰ. ਦਰਜ ਕੀਤੀ ਗਈ ਹੈ ਅਤੇ ਮਾਮਲੇ ਦੀ ਜਾਂਚ ਜਾਰੀ ਹੈ।

## ਰਾਜ ਸਭਾ 'ਚ ਗੂੰਜਿਆ ਪੰਜਾਬ ਦੇ ਪਾਣੀਆਂ ਦਾ ਮੁੱਦਾ

# ਸਤਲੁਜ 'ਚ ਵਾਧੂ ਪਾਣੀ ਲਿਆਉਣ ਦੀ ਮੰਗ



ਨਵੀਂ ਦਿੱਲੀ, 11 ਫਰਵਰੀ (ਚ.ਨ.ਸ.): ਰਾਜ ਸਭਾ 'ਚ ਬੁੱਧਵਾਰ ਨੂੰ ਪੰਜਾਬ, ਹਰਿਆਣਾ ਅਤੇ ਰਾਜਸਥਾਨ ਲਈ ਪਾਣੀ ਦੀ ਕਿੱਲਤ ਦੂਰ ਕਰਨ ਵਾਸਤੇ ਇਕ ਅਹਿਮ ਮੰਗ ਚੁੱਕੀ ਗਈ। ਭਾਰਤੀ ਜਨਤਾ ਪਾਰਟੀ ਦੇ ਮੈਂਬਰ ਘਨਸ਼ਿਆਮ ਤਿਵਾੜੀ ਨੇ ਜੰਮੂ-ਕਸ਼ਮੀਰ 'ਚ ਵਹਿਣ ਵਾਲੀਆਂ ਚੰਦਰਾ ਅਤੇ ਭਾਗਾ ਨਦੀਆਂ 'ਚ ਸੁਰੰਗ ਬਣਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਅਨੁਸਾਰ, ਇਸ ਸੁਰੰਗ ਦੇ ਬਣਨ ਨਾਲ ਇਨ੍ਹਾਂ ਨਦੀਆਂ ਦਾ ਪਾਣੀ ਸਤਲੁਜ ਨਦੀ 'ਚ ਆ ਸਕੇਗਾ, ਜਿਸ ਨਾਲ ਪੰਜਾਬ ਸਮੇਤ ਗੁਆਂਢੀ ਸੂਬਿਆਂ ਨੂੰ ਵੱਡੀ ਰਾਹਤ ਮਿਲੇਗੀ। ਸਦਨ 'ਚ ਜ਼ੀਰੋ ਕਾਲ ਦੌਰਾਨ ਇਹ ਮੁੱਦਾ ਚੁੱਕਦੇ ਹੋਏ ਤਿਵਾੜੀ ਨੇ ਕਿਹਾ ਕਿ ਜੇਕਰ ਚੰਦਰਾ ਅਤੇ ਭਾਗਾ ਨਦੀਆਂ ਦਾ ਪਾਣੀ ਸਤਲੁਜ 'ਚ ਮੋੜ ਦਿੱਤਾ ਜਾਂਦਾ ਹੈ, ਤਾਂ ਭਾਰਤ ਦੇ ਹਿੱਸੇ ਵਾਲੀਆਂ ਨਦੀਆਂ (ਰਾਵੀ, ਬਿਆਸ ਅਤੇ ਸਤਲੁਜ) 'ਚ ਪਾਣੀ ਦੀ ਮਾਤਰਾ 3 ਮਿਲੀਅਨ ਏਕੜ ਫੁੱਟ ਤੱਕ ਵਧ ਜਾਵੇਗੀ। ਇਸ ਵਾਧੂ ਪਾਣੀ ਨਾਲ ਨਾ ਸਿਰਫ਼ ਪੰਜਾਬ ਅਤੇ ਹਰਿਆਣਾ ਦੀਆਂ ਲੋੜਾਂ ਪੂਰੀਆਂ ਹੋਣਗੀਆਂ, ਸਗੋਂ ਰਾਜਸਥਾਨ ਦੇ ਬੇਹੱਦ ਸੁੱਕੇ ਇਲਾਕਿਆਂ ਜਿਵੇਂ ਸੀਕਰ, ਝੁੰਝਨੂ, ਚੁਰੂ ਅਤੇ ਨਾਗੌਰ ਨੂੰ ਵੀ ਵੱਡੀ ਮਦਦ ਮਿਲੇਗੀ। ਘਨਸ਼ਿਆਮ ਤਿਵਾੜੀ ਨੇ 1960 ਦੀ ਸਿੰਧੂ ਜਲ ਸੰਧੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਸਮਝੌਤੇ ਤਹਿਤ ਭਾਰਤ ਨੂੰ ਸਿਰਫ਼ 20 ਫੀਸਦੀ ਪਾਣੀ ਮਿਲਿਆ ਸੀ, ਜਦੋਂਕਿ ਪਾਕਿਸਤਾਨ ਨੂੰ ਚਿਨਾਬ, ਜੇਹਲਮ ਅਤੇ ਸਿੰਧੂ ਨਦੀਆਂ ਦਾ 80 ਫੀਸਦੀ ਪਾਣੀ ਦਿੱਤਾ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਪਾਕਿਸਤਾਨ 'ਚ ਵਰਤੋਂ ਤੋਂ ਬਾਅਦ ਵੀ 22 ਐੱਮ.ਏ.ਐੱਫ.ਪਾਣੀ ਬੇਕਾਰ ਹੋ ਕੇ ਸਮੁੰਦਰ 'ਚ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲਗਾਮ ਹਮਲੇ ਤੋਂ ਬਾਅਦ ਇਸ ਸੰਧੀ ਨੂੰ ਮੁਅੱਤਲ ਕਰ ਦਿੱਤਾ ਹੈ ਅਤੇ ਸਰਕਾਰ ਨੇ ਸੰਧੀ 'ਤੇ ਮੁੜ ਵਿਚਾਰ ਕਰਨ ਲਈ ਪਾਕਿਸਤਾਨ ਨੂੰ ਚਿੱਠੀਆਂ ਵੀ ਲਿਖੀਆਂ ਹਨ, ਪਰ ਗੁਆਂਢੀ ਦੇਸ਼ ਸਹਿਮਤ ਨਹੀਂ ਹੋ ਰਿਹਾ। ਸੋਸ਼ਲ ਮੀਡੀਆ 'ਤੇ ਰੋਕ ਦੀ ਮੰਗ: ਭਾਜਪਾ ਮੈਂਬਰ ਬਾਬੂਭਾਈ ਜੇਸੰਗਭਾਈ ਦੇਸਾਈ ਨੇ ਬੱਚਿਆਂ ਅਤੇ ਨੌਜਵਾਨਾਂ ਦੇ ਮਾਨਸਿਕ ਸਿਹਤ ਦੀ ਰਾਖੀ ਲਈ ਸੋਸ਼ਲ ਮੀਡੀਆ ਨੂੰ ਵਿਨਿਯਮਿਤ ਕਰਨ ਅਤੇ ਇਕ ਮਜ਼ਬੂਤ ਨਿਯਾਮਕ ਢਾਂਚਾ ਬਣਾਉਣ ਦੀ ਮੰਗ ਕੀਤੀ। ਡਾ. ਲਕਸ਼ਮੀਕਾਂਤ ਵਾਜਪਾਈ ਨੇ ਉੱਤਰ ਪ੍ਰਦੇਸ਼ ਦੀ ਵੱਡੀ ਆਬਾਦੀ ਨੂੰ ਦੇਖਦੇ ਹੋਏ ਮੇਰਠ ਵਿੱਚ ਏਮਜ਼ ਜਾਂ ਉਸ ਵਰਗਾ ਉੱਚ ਪੱਧਰੀ ਮੈਡੀਕਲ ਸੰਸਥਾਨ ਸਥਾਪਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਸਮਾਜਵਾਦੀ ਪਾਰਟੀ ਦੇ ਜਾਵੇਦ ਅਲੀ ਖਾਨ ਨੇ ਉੱਤਰ ਪ੍ਰਦੇਸ਼ 'ਚ ਕੁੱਤਿਆਂ ਅਤੇ ਬਾਂਦਰਾਂ ਦੇ ਹਮਲਿਆਂ ਕਾਰਨ ਲੋਕਾਂ ਨੂੰ ਹੋ ਰਹੀਆਂ ਪਰੇਸ਼ਾਨੀਆਂ ਦਾ ਮੁੱਦਾ ਚੁੱਕਿਆ। ਜੇ.ਡੀ.ਯੂ. ਦੇ ਸੰਜੇ ਕੁਮਾਰ ਝਾਅ ਨੇ ਬਿਹਾਰ ਦੇ ਦਰਭੰਗਾ ਹਵਾਈ ਅੱਡੇ ਨੂੰ ਅੰਤਰਰਾਸ਼ਟਰੀ ਦਰਜਾ ਦੇਣ ਅਤੇ ਇਸ ਦੇ ਵਿਸਤਾਰ ਦੀ ਮੰਗ ਕੀਤੀ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

## ਸੰਪਾਦਕੀ

# ਐਸ. ਆਈ. ਆਰ. ਤੇ ਪਾਰਦਰਸ਼ਤਾ

ਲੋਕਤੰਤਰ ਵਿੱਚ ਚੋਣਾਂ ਦੀ ਅਖੰਡਤਾ ਬਣਾਈ ਰੱਖਣ ਲਈ ਵੋਟਰ ਸੂਚੀ ਦੀ ਸਮੇਂ-ਸਮੇਂ 'ਤੇ ਸੋਧ ਜ਼ਰੂਰੀ ਹੈ। ਇਸ ਉਦੇਸ਼ ਲਈ ਦੇਸ਼ ਭਰ ਦੇ ਵੱਖ-ਵੱਖ ਰਾਜਾਂ ਵਿੱਚ ਇੱਕ ਵਿਸ਼ੇਸ਼ ਡੂੰਘਾਈ ਨਾਲ ਸੋਧ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਹਾਲਾਂਕਿ, ਇਸ ਪ੍ਰਕਿਰਿਆ ਵਿੱਚ ਕਈ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਡਰਾਫਟ ਸੂਚੀ ਵਿੱਚੋਂ ਵੱਡੀ ਗਿਣਤੀ ਵਿੱਚ ਨਾਗਰਿਕਾਂ ਨੂੰ ਬਾਹਰ ਕਰਨ ਅਤੇ ਰਾਜਨੀਤਿਕ ਪਾਰਟੀਆਂ ਵੱਲੋਂ ਨਿਯਮਾਂ ਦੇ ਉਲਟ ਇਸ ਪ੍ਰਕਿਰਿਆ ਵਿੱਚ ਦਖਲ ਦੇਣ ਦੇ ਦੋਸ਼ਾਂ ਬਾਰੇ ਸਵਾਲ ਉਠਾਏ ਜਾ ਰਹੇ ਹਨ। ਇਸ ਲਈ ਨਵੀਂ ਵੋਟਰ ਸੂਚੀ ਤਿਆਰ ਕਰਨ ਵਿੱਚ ਪੂਰੀ ਪਾਰਦਰਸ਼ਤਾ ਅਤੇ ਨਿਰਪੱਖਤਾ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ ਤਾਂ ਜੋ ਸਾਰੇ ਯੋਗ ਨਾਗਰਿਕਾਂ ਦੇ ਵੋਟਿੰਗ ਅਧਿਕਾਰ ਸੁਰੱਖਿਅਤ ਰਹਿਣ ਅਤੇ ਸੂਚੀ ਵਿੱਚੋਂ ਅਯੋਗ ਜਾਂ ਮ੍ਰਿਤਕ ਵਿਅਕਤੀਆਂ ਨੂੰ ਹਟਾਉਣ ਦਾ ਕੰਮ ਬਿਨਾਂ ਕਿਸੇ ਵਿਵਾਦ ਜਾਂ ਰੁਕਾਵਟ ਦੇ ਪੂਰਾ ਹੋ ਸਕੇ। ਇਸੇ ਲਈ ਪੱਛਮੀ ਬੰਗਾਲ ਨਾਲ ਸਬੰਧਤ ਇੱਕ ਸਮਾਨ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਸੋਮਵਾਰ ਨੂੰ ਸਾਰੇ ਰਾਜਾਂ ਨੂੰ ਸਪੱਸ਼ਟ ਕਰ ਦਿੱਤਾ ਕਿ ਕਿਸੇ ਨੂੰ ਵੀ ਵਿਸ਼ੇਸ਼ ਡੂੰਘਾਈ ਨਾਲ ਸੋਧ ਅਭਿਆਸ ਵਿੱਚ ਦਖਲ ਦੇਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਵੋਟਰ ਸੂਚੀ ਦੀ ਵਿਸ਼ੇਸ਼ ਡੂੰਘਾਈ ਨਾਲ ਸੋਧ ਬਿਹਾਰ ਵਿੱਚ ਸ਼ੁਰੂ ਹੋਈ ਸੀ ਅਤੇ ਉਦੋਂ ਤੋਂ ਹੀ ਵਿਵਾਦਾਂ ਵਿੱਚ ਘਿਰੀ ਹੋਈ ਹੈ। ਸ਼ੁਰੂ ਵਿੱਚ ਚੋਣ ਕਮਿਸ਼ਨ ਵੱਲੋਂ ਆਧਾਰ ਨੂੰ ਪਛਾਣ ਦਸਤਾਵੇਜ਼ ਵਜੋਂ ਸ਼ਾਮਲ ਕਰਨ ਤੋਂ ਇਨਕਾਰ ਕਰਨਾ ਇੱਕ ਵੱਡਾ ਮੁੱਦਾ ਸੀ। ਕਮਿਸ਼ਨ ਨੇ ਦਲੀਲ ਦਿੱਤੀ ਕਿ ਆਧਾਰ ਨੂੰ ਨਾਗਰਿਕਤਾ ਦਾ ਸਬੂਤ ਨਹੀਂ ਮੰਨਿਆ ਜਾ ਸਕਦਾ, ਪਰ ਬਾਅਦ ਵਿੱਚ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਤੋਂ ਬਾਅਦ ਇਸਨੂੰ ਇੱਕ ਪਛਾਣ ਦਸਤਾਵੇਜ਼ ਵਜੋਂ ਸ਼ਾਮਲ ਕੀਤਾ ਗਿਆ। ਹੁਣ ਪੱਛਮੀ ਬੰਗਾਲ ਵਿੱਚ ਇਸ ਪ੍ਰਕਿਰਿਆ ਬਾਰੇ ਰੋਜ਼ਾਨਾ ਨਵੇਂ ਸਵਾਲ ਉਠਾਏ ਜਾ ਰਹੇ ਹਨ। ਹਾਲ ਹੀ ਵਿੱਚ ਚੋਣ ਕਮਿਸ਼ਨ ਨੇ ਖੁਦ ਰਾਜ ਵਿੱਚ ਡਰਾਫਟ ਸੂਚੀ ਤੋਂ ਬਾਹਰ ਰਹਿ ਗਏ ਵੋਟਰਾਂ ਲਈ ਸੁਣਵਾਈ ਪ੍ਰਕਿਰਿਆ ਨੂੰ ਮੁਅੱਤਲ ਕਰਨ ਦਾ ਆਦੇਸ਼ ਦਿੱਤਾ ਸੀ। ਕਮਿਸ਼ਨ ਨੇ ਸਵੀਕਾਰ ਕੀਤਾ ਕਿ 2002 ਦੀ ਵੋਟਰ ਸੂਚੀ ਦੇ ਡਿਜੀਟਾਈਜ਼ੇਸ਼ਨ ਵਿੱਚ ਤਕਨੀਕੀ ਸਮੱਸਿਆਵਾਂ ਦੇ ਕਾਰਨ ਡਰਾਫਟ ਸੂਚੀ ਵਿੱਚ ਬਹੁਤ ਸਾਰੇ ਨਾਮ ਸ਼ਾਮਲ ਨਹੀਂ ਕੀਤੇ ਗਏ ਸਨ ਅਤੇ ਅਜਿਹੇ ਵਿਅਕਤੀਆਂ ਲਈ ਨਿੱਜੀ ਸੁਣਵਾਈਆਂ ਇਸ ਸਮੇਂ ਜ਼ਰੂਰੀ ਨਹੀਂ ਸਨ। ਇਹ ਵੀ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਬਰ ਸੋਧ ਪ੍ਰਕਿਰਿਆ ਨੂੰ ਸਫਲਤਾਪੂਰਵਕ ਪੂਰਾ ਕਰਨਾ ਸਿਰਫ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਨਹੀਂ ਹੈ, ਬਲਕਿ ਰਾਜ ਸਰਕਾਰਾਂ ਵੀ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਰਾਜ ਸਰਕਾਰ ਇਸ ਉਦੇਸ਼ ਲਈ ਢੁੱਕਵੇਂ ਅਤੇ ਸਮਰੱਥ ਕਰਮਚਾਰੀ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੈ। ਅਜਿਹੀ ਸਥਿਤੀ ਵਿੱਚ ਇਹ ਉਮੀਦ ਕੀਤੀ ਜਾਂਦੀ ਹੈ ਕਿ ਰਾਜ ਸਰਕਾਰ ਅਤੇ ਚੋਣ ਕਮਿਸ਼ਨ ਰਾਜਨੀਤੀ ਨੂੰ ਦੂਰ ਰੱਖਦੇ ਹੋਏ ਸਹਿਯੋਗ ਅਤੇ ਤਾਲਮੇਲ ਵਿੱਚ ਇਕੱਠੇ ਕੰਮ ਕਰਨਗੇ। ਚੋਣ ਕਮਿਸ਼ਨ ਸੋਧ ਪ੍ਰਕਿਰਿਆ ਲਈ ਪੱਛਮੀ ਬੰਗਾਲ ਵਿੱਚ ਵਾਧੂ ਕਰਮਚਾਰੀਆਂ ਦੀ ਤਾਇਨਾਤੀ ਦੀ ਮੰਗ ਕਰ ਰਿਹਾ ਹੈ, ਜਿਸ 'ਤੇ ਰਾਜ ਸਰਕਾਰ ਹੁਣ ਸਹਿਮਤ ਹੋ ਗਈ ਹੈ। ਜੇਕਰ ਸਰਕਾਰ ਪਹਿਲਾਂ ਇਸ ਲਈ ਸਹਿਮਤ ਹੋ ਜਾਂਦੀ, ਤਾਂ ਇਸ ਕੰਮ ਵਿੱਚ ਸ਼ਾਮਲ ਹੋਰ ਕਰਮਚਾਰੀਆਂ ਨੂੰ ਕੰਮ ਦੇ ਦਬਾਅ ਦਾ ਸਾਹਮਣਾ ਨਾ ਕਰਨਾ ਪੈਂਦਾ, ਜਿਸ 'ਤੇ ਸੂਬੇ ਦੀ ਸੱਤਾਧਾਰੀ ਪਾਰਟੀ ਨੇ ਸਵਾਲ ਉਠਾਏ ਹਨ। ਚੋਣ ਕਮਿਸ਼ਨ ਦੀ ਇਹ ਵੀ ਮੁੱਢਲੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ ਕਿ ਉਹ ਇਹ ਯਕੀਨੀ ਬਣਾਏ ਕਿ ਕੋਈ ਵੀ ਯੋਗ ਵਿਅਕਤੀ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਨਾ ਰਹੇ। ਇਹ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਸੋਧ ਪ੍ਰਕਿਰਿਆ ਪਾਰਦਰਸ਼ੀ ਅਤੇ ਨਿਰਪੱਖ ਰਹੇ।

-ਜਗਜੀਤ ਸਿੰਘ ਦਰਦੀ

# ਸੰਸਦ ਵਿੱਚ ਐਲ.ਓ.ਪੀ.ਰਾਹੁਲ ਗਾਂਧੀ ਦਾ ਕਿਰਦਾਰ ਕਾਂਗਰਸ ਦੀ ਰਾਜਨੀਤੀ ਲਈ ਆਖਰੀ ਕਿੱਲ ਸਾਬਤ ਹੋਵੇਗਾ

### *ਸੰਸਦ,ਸਪੀਕਰ, ਮੰਤਰੀ ਤੋਂ ਲੈ ਕੇ ਪ੍ਰਧਾਨ ਮੰਤਰੀ ਤੱਕ ਰਾਹੁਲ ਗਾਂਧੀ ਦਾ ਭੰਡੀ ਪ੍ਰਚਾਰ ਕਾਂਗਰਸ ਲਈ ਲੋਕ ਵਿਰੋਧ ਵਿੱਚ ਬਦਲਿਆ*



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਸੰਸਦ ਵਿੱਚ ਹੋ ਰਿਹਾ ਹੱਲਾ ਤੇ ਵਿਰੋਧੀ ਧਿਰ ਦੀ ਭੂਮਿਕਾ, ਨਿਯਮਾਂ ਦੀ ਉਲੰਘਣਾ ਅਤੇ ਰਾਹੁਲ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਦਾ ਭਵਿੱਖ ਭਾਰਤੀ ਸੰਸਦ, ਜੋ ਕਿ ਦੇਸ਼ ਦੀ ਲੋਕਤੰਤਰ ਦੀ ਸਭ ਤੋਂ ਵੱਡੀ ਅਤੇ ਪਵਿੱਤਰ ਸੰਸਥਾ ਮੰਨੀ ਜਾਂਦੀ ਹੈ, ਅੱਜ ਕੱਲ੍ਹ ਇੱਕ ਅਜਿਹੇ ਹਾਲਾਤ ਵਿੱਚ ਫਸ ਗਈ ਹੈ, ਜਿੱਥੇ ਚਰਚਾ ਅਤੇ ਵਿਚਾਰ-ਵਟਾਂਦਰੇ ਦੀ ਥਾਂ 'ਤੇ ਸ਼ੋਰ-ਸ਼ਰਾਬਾ, ਨਾਅਰੇਬਾਜ਼ੀ, ਕਾਗਜ਼ ਫੈਂਕਣਾ ਅਤੇ ਨਿਯਮਾਂ ਦੀ ਖੁੱਲ੍ਹੀ ਉਲੰਘਣਾ ਹੋ ਰਹੀ ਹੈ।

ਅੱਜ ਖਾਸ ਤੌਰ 'ਤੇ ਲੋਕ ਸਭਾ ਵਿੱਚ ਵਿਰੋਧੀ ਧਿਰ, ਜਿਸ ਵਿੱਚ ਕਾਂਗਰਸ ਪਾਰਟੀ ਅਤੇ ਇਸ ਦੇ ਸਹਿਯੋਗੀ ਪ੍ਰਮੁੱਖ ਹਨ, ਵੱਲੋਂ ਅਜਿਹੇ ਵਿਵਹਾਰ ਨੇ ਸੰਸਦੀ ਮਰਿਆਦਾ ਨੂੰ ਤਾਕ 'ਤੇ ਰੱਖ ਦਿੱਤਾ ਹੈ। ਇਹ ਸਥਿਤੀ ਖਾਸ ਕਰਕੇ ਬਜਟ ਸੈਸ਼ਨ 2026 ਵਿੱਚ ਵਧੇਰੇ ਵਿਖਾਈ ਦਿੱਤੀ, ਜਿੱਥੇ ਰਾਹੁਲ ਗਾਂਧੀ ਨੂੰ ਬੋਲਣ ਦੀ ਇਜਾਜ਼ਤ ਨਾ ਮਿਲਣ 'ਤੇ ਵਿਰੋਧੀ ਮੈਂਬਰਾਂ ਨੇ ਵੈੱਲ ਵਿੱਚ ਜਾ ਕੇ ਨਾਅਰੇ ਲਗਾਏ, ਕਾਗਜ਼ ਫੈਂਕੇ ਅਤੇ ਹਾਊਸ ਨੂੰ ਵਾਰ-ਵਾਰ ਅਜਰਨ ਕਰਵਾਇਆ ਗਿਆ।

ਅੱਜ ਇਸ ਨਾਲ ਸਵਾਲ ਉੱਠ ਰਿਹਾ ਹੈ ਕਿ ਕੀ ਵਿਰੋਧੀ ਧਿਰ ਦੀ ਇਹ ਅਗਵਾਈ ਅਤੇ ਵਿਵਹਾਰ ਕਾਂਗਰਸ ਲਈ ਆਖਰੀ ਕਿਲ ਸਾਬਤ ਹੋ ਸਕਦਾ ਹੈ? ਅਤੇ ਰਾਹੁਲ ਗਾਂਧੀ ਦਾ ਇਹ ਕਿਰਦਾਰ ਪਾਰਟੀ ਨੂੰ ਕਿੱਧਰ ਲੈ ਜਾ ਰਿਹਾ ਹੈ? ਹੁਣ ਸੰਸਦ ਵਿੱਚ ਵਿਵਹਾਰ ਅਤੇ ਨਿਯਮਾਂ ਦੀ ਉਲੰਘਣਾ ਦਾ ਇਤਿਹਾਸ ਭਾਰਤੀ ਸੰਸਦ ਵਿੱਚ ਵਿਘਨ ਪਾਉਣਾ ਕੋਈ ਨਵੀਂ ਗੱਲ ਨਹੀਂ ਹੈ। ਪਿਛਲੇ ਕਈ ਸਾਲਾਂ ਤੋਂ ਵਿਰੋਧੀ ਧਿਰਾਂ ਅਤੇ ਸੱਤਾਧਾਰੀ ਪਾਰਟੀਆਂ ਦੋਵੇਂ ਹੀ ਵਾਰ-ਵਾਰ ਸੈਸ਼ਨਾਂ 'ਚ ਵਿਘਨ ਪਾਉਂਦੀਆਂ ਰਹੀਆਂ ਹਨ। ਪਰ 2026 ਦੇ ਬਜਟ ਸੈਸ਼ਨ ਵਿੱਚ ਇਹ ਸਥਿਤੀ ਬਹੁਤ ਗੰਭੀਰ ਹੋ ਗਈ। ਫਰਵਰੀ 2026 ਵਿੱਚ, ਜਦੋਂ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਦੇ ਭਾਸ਼ਣ ਜਾਂ ਬਜਟ ਚਰਚਾ ਤੋਂ ਪਹਿਲਾਂ ਬੋਲਣ ਦੀ ਮੰਗ ਕੀਤੀ ਅਤੇ ਪੂਰਵ ਸੈਨਾ ਮੁਖੀ ਐੱਮ.ਐੱਮ. ਨਰਵਾਣੇ ਦੀ ਅਣਪ੍ਰਕਾਸ਼ਿਤ ਆਤਮਕਥਾ ਦੇ ਹਵਾਲੇ ਨਾਲ ਭਾਰਤ-ਚੀਨ ਸਰਹੱਦ ਵਿਵਾਦ 'ਤੇ ਗੱਲ ਕਰਨੀ ਚਾਹੀ, ਤਾਂ ਸਪੀਕਰ ਨੇ ਇਸ ਨੂੰ ਰੋਕ ਦਿੱਤਾ।

ਇਸ ਨਾਲ ਵਿਰੋਧੀ ਮੈਂਬਰਾਂ ਨੇ ਵੈੱਲ ਵਿੱਚ ਜਾ ਕੇ ਨਾਅਰੇ ਲਗਾਏ, ਕਾਗਜ਼ ਫੈਂਕੇ ਅਤੇ ਹਾਊਸ ਨੂੰ ਵਾਰ-ਵਾਰ ਅਜਰਨ ਕਰਵਾਇਆ। ਇਸ ਦੌਰਾਨ 8 ਵਿਰੋਧੀ ਮੈਂਬਰਾਂ ਨੂੰ ਸਸਪੈਂਡ ਵੀ ਕੀਤਾ ਗਿਆ।ਇਹ ਵਿਘਨ ਪਾਉਣਾ ਸਿਰਫ਼ ਇੱਕ ਘਟਨਾ ਨਹੀਂ ਸੀ। ਫਰਵਰੀ 2 ਤੋਂ ਲਗਾਤਾਰ ਹਾਊਸ ਅਜਰਨ ਹੁੰਦਾ ਰਿਹਾ, ਜਿਸ ਨਾਲ ਬਜਟ ਚਰਚਾ ਅਤੇ ਹੋਰ ਮਹੱਤਵਪੂਰਨ ਕੰਮ ਰੁਕ ਗਏ। ਵਿਰੋਧੀ ਧਿਰ ਨੇ ਸਪੀਕਰ ਓਮ ਬਿਰਲਾ ਵਿਰੁੱਧ ਨੋ-ਕਾਨਫੀਡੈਂਸ ਮੋਸ਼ਨ ਵੀ ਲਿਆਂਦਾ, ਜਿਸ ਵਿੱਚ 100 ਤੋਂ ਵੱਧ ਮੈਂਬਰਾਂ ਦੇ ਦਸਤਖਤ ਸਨ।

ਉਹਨਾਂ ਨੇ ਸਪੀਕਰ 'ਤੇ ਪੱਖਪਾਤੀ ਵਿਵਹਾਰ, ਰਾਹੁਲ ਗਾਂਧੀ ਨੂੰ ਬੋਲਣ ਨਾ ਦੇਣ ਅਤੇ ਵਿਰੋਧੀ ਮੈਂਬਰਾਂ ਨੂੰ ਸਸਪੈਂਡ ਕਰਨ ਦੇ ਦੋਸ਼ ਲਗਾਏ।ਪਰ ਇਸ ਵਿੱਚ ਇੱਕ ਅਹਿਮ ਨੁਕਤਾ ਇਹ ਹੈ ਕਿ ਵਿਰੋਧੀ ਧਿਰ ਦਾ ਵਿਵਹਾਰ ਵੀ ਸੰਸਦੀ ਮਰਿਆਦਾ ਤੋਂ ਬਾਹਰ ਸੀ। ਨਾਅਰੇਬਾਜ਼ੀ, ਵੈੱਲ ਵਿੱਚ ਜਾਣਾ, ਕਾਗਜ਼ ਫੈਂਕਣਾ ਅਤੇ ਸਪੀਕਰ ਨੂੰ ਨਾ ਮੰਨਣਾ ਇਹ ਸਭ ਨਿਯਮਾਂ ਦੀ ਖੁੱਲ੍ਹੀ ਉਲੰਘਣਾ ਹੈ।

ਸੰਸਦੀ ਨਿਯਮਾਂ ਅਨੁਸਾਰ, ਹਰ ਮੈਂਬਰ ਨੂੰ ਚੇਅਰ ਦੀ ਇਜਾਜ਼ਤ ਨਾਲ ਹੀ ਬੋਲਣਾ ਚਾਹੀਦਾ ਹੈ। ਪਰ ਅੱਜ ਵਿਰੋਧੀ ਧਿਰ ਇਹ ਮੰਨਦੀ ਹੈ ਕਿ ਉਹਨਾਂ ਨੂੰ ਬੋਲਣ ਦਾ ਅਧਿਕਾਰ ਹੈ ਅਤੇ ਉਹ ਕਿਸੇ ਵੀ ਤਰ੍ਹਾਂ ਆਪਣੀ ਗੱਲ ਮਨਵਾਉਣਗੇ, ਭਾਵੇਂ ਇਸ ਨਾਲ ਸੰਸਦ ਦਾ ਕੰਮ ਰੁਕ ਜਾਵੇ। ਇਹ ਵਿਵਹਾਰ ਨਾ ਸਿਰਫ਼ ਸੱਤਾਧਾਰੀ ਪਾਰਟੀ ਵੱਲੋਂ, ਸਗੋਂ ਲੋਕਤੰਤਰ ਦੇ ਮੁੱਢਲੇ ਸਿਧਾਂਤਾਂ ਨੂੰ ਵੀ ਚੁਣੌਤੀ ਦਿੰਦਾ ਹੈ।ਕਾਂਗਰਸ ਪਾਰਟੀ ਦਾ ਵਰਤਮਾਨ ਕਿਰਦਾਰ ਅਤੇ ਰਾਹੁਲ ਗਾਂਧੀ ਦੀ ਅਗਵਾਈ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੇ 99-100 ਸੀਟਾਂ ਜਿੱਤ ਕੇ ਵਿਰੋਧੀ ਧਿਰ ਵਜੋਂ ਮਜ਼ਬੂਤ ਸਥਿਤੀ ਬਣਾਈ ਅਤੇ ਰਾਹੁਲ ਗਾਂਧੀ ਨੂੰ ਲੀਡਰ ਆਫ ਆਪੋਜ਼ੀਸ਼ਨ (LoP) ਬਣਾਇਆ ਗਿਆ।

ਇਹ ਇੱਕ ਮਹੱਤਵਪੂਰਨ ਕਦਮ ਸੀ ਕਿਉਂਕਿ 2014 ਤੋਂ ਬਾਅਦ ਕਾਂਗਰਸ ਨੂੰ ਇਹ ਅਹੁਦਾ ਨਹੀਂ ਮਿਲਿਆ ਸੀ। ਰਾਹੁਲ ਗਾਂਧੀ ਨੇ ਇਸ ਅਹੁਦੇ ਨੂੰ ਵਰਤ ਕੇ ਸਰਕਾਰ ਨੂੰ ਕਈ ਮੁੱਦਿਆਂ 'ਤੇ ਘੇਰਨ ਦੀ ਕੋਸ਼ਿਸ਼ ਕੀਤੀ, ਜਿਵੇਂ ਚੋਣਾਂ ਵਿੱਚ ਕਥਿਤ ਧਾਂਦਲੀ, ਭਾਰਤ-ਅਮਰੀਕਾ ਵਪਾਰ ਸਮਝੌਤਾ, ਰਾਸ਼ਟਰੀ ਸੁਰੱਖਿਆ ਅਤੇ ਆਰਥਿਕ ਨੀਤੀਆਂ ਪਰ ਇਹ ਅਗਰੈਸਿਵ ਅੰਦਾਜ਼ ਅਕਸਰ ਵਿਘਨ ਪਾਉਣ ਵਿੱਚ ਬਦਲ ਜਾਂਦਾ ਹੈ।



ਰਾਹੁਲ ਗਾਂਧੀ ਨੇ ਕਈ ਵਾਰ ਸਪੀਕਰ ਨੂੰ ਚੁਣੌਤੀ ਦਿੱਤੀ ਅਤੇ ਆਪਣੀ ਗੱਲ ਮਨਵਾਉਣ ਲਈ ਵਿਰੋਧੀ ਮੈਂਬਰਾਂ ਨੂੰ ਭੜਕਾਇਆ। ਇਸ ਨਾਲ ਉਹਨਾਂ ਨੂੰ ਬੋਲਣ ਦਾ ਮੌਕਾ ਮਿਲਿਆ ਪਰ ਸੰਸਦ ਦਾ ਕੰਮ ਰੁਕ ਗਿਆ। ਉਦਾਹਰਣ ਵਜੋਂ, ਬਜਟ ਚਰਚਾ ਵਿੱਚ ਰਾਹੁਲ ਨੇ ਭਾਰਤ ਮਾਤਾ ਨੂੰ 'ਵੇਚਣ' ਵਾਲੇ ਦੋਸ਼ ਲਗਾਏ ਅਤੇ ਅਮਰੀਕਾ ਨਾਲ ਸਮਝੌਤੇ ਨੂੰ ਇੱਕ ਤਰਫਾ ਦੱਸਿਆ। ਇਹ ਗੱਲਾਂ ਤਿੱਖੀਆਂ ਸਨ ਪਰ ਵਿਘਨ ਪਾਉਣ ਨਾਲ ਉਹਨਾਂ ਦੀ ਅਸਰ ਨੂੰ ਘੱਟ ਕਰ ਦਿੱਤਾ ਗਿਆ।ਕਾਂਗਰਸ ਦਾ ਵਰਤਮਾਨ ਕਿਰਦਾਰ ਇੱਕ ਅਜਿਹੀ ਪਾਰਟੀ ਵਜੋਂ ਦਿਖ ਰਿਹਾ ਹੈ ਜੋ ਸਰਕਾਰ ਵਿਰੋਧੀ ਹੈ ਪਰ ਉਸ ਵਿੱਚ ਵਿਕਲਪਕ ਨੀਤੀਆਂ ਪੇਸ਼ ਕਰਨ ਦੀ ਬਜਾਏ ਸਿਰਫ਼ ਵਿਘਨ ਪਾਉਣ 'ਤੇ ਜ਼ੋਰ ਦਿੰਦੀ ਹੈ।

ਇਹ ਪਹਿਲਾਂ ਵੀ ਦੇਖਿਆ ਗਿਆ ਹੈ ਜਦੋਂ ਕਾਂਗਰਸ ਨੇ ਵੱਡੇ ਮੁੱਦਿਆਂ 'ਤੇ ਚਰਚਾ ਨੂੰ ਰੋਕਿਆ ਪਰ ਲੋਕਾਂ ਨੂੰ ਅਸਲ ਫਾਇਦਾ ਨਹੀਂ ਪਹੁੰਚਾਇਆ। ਰਾਹੁਲ ਗਾਂਧੀ ਦਾ 'ਸੜਕ ਸਾਫ' ਅੰਦਾਜ਼, ਜਿਸ ਵਿੱਚ ਉਹ ਰੋਡ ਸ਼ੋਅ ਅਤੇ ਰੈਲੀਆਂ ਵਿੱਚ ਤਿੱਖੀ ਭਾਸ਼ਾ ਵਰਤਦੇ ਹਨ, ਸੰਸਦ ਵਿੱਚ ਵੀ ਦਿਖ ਰਿਹਾ ਹੈ। ਪਰ ਇਹ ਅੰਦਾਜ਼ ਲੋਕਾਂ ਵਿੱਚ ਉਮੀਦ ਨਹੀਂ ਜਗਾਉਂਦਾ ਸਗੋਂ ਇੱਕ ਅਸਥਿਰ ਤਸਵੀਰ ਪੇਸ਼ ਕਰਦਾ ਹੈ।

ਕੀ ਰਾਹੁਲ ਗਾਂਧੀ ਦਾ ਕਿਰਦਾਰ ਕਾਂਗਰਸ ਲਈ ਆਖਰੀ ਕਿਲ ਹੈ?ਰਾਹੁਲ ਗਾਂਧੀ ਨੂੰ LoP ਬਣਨ ਨਾਲ ਕਾਂਗਰਸ ਨੂੰ ਨਵੀਂ ਊਰਜਾ ਮਿਲੀ ਸੀ। ਉਹਨਾਂ ਨੇ ਸਰਕਾਰ ਨੂੰ ਘੇਰਨ ਵਿੱਚ ਸਫਲਤਾ ਵੀ ਹਾਸਲ ਕੀਤੀ, ਜਿਵੇਂ ਚੋਣ ਕਮਿਸ਼ਨ 'ਤੇ ਦੋਸ਼ ਅਤੇ ਵਪਾਰ ਸਮਝੌਤੇ 'ਤੇ ਸਵਾਲ। ਪਰ ਇਹ ਅਗਰੈਸਿਵ ਅੰਦਾਜ਼ ਜੇਕਰ ਵਿਘਨ ਪਾਉਣ ਵਿੱਚ ਬਦਲ ਜਾਂਦਾ ਹੈ ਤਾਂ ਇਹ ਪਾਰਟੀ ਲਈ ਨੁਕਸਾਨਦੇਹ ਸਾਬਤ ਹੋ ਸਕਦਾ ਹੈ।

ਅੱਜ ਲੋਕ ਹੁਣ ਸੰਸਦ ਨੂੰ ਕੰਮ ਕਰਨ ਵਾਲੀ ਸੰਸਥਾ ਵਜੋਂ ਵੇਖਣਾ ਚਾਹੁੰਦੇ ਹਨ, ਨਾ ਕਿ ਸ਼ੋਰ-ਸ਼ਰਾਬੇ ਵਾਲੀ ਜਗ੍ਹਾ। ਜੇਕਰ ਕਾਂਗਰਸ ਨੂੰ ਲੱਗਦਾ ਹੈ ਕਿ ਸਿਰਫ਼ ਵਿਘਨ ਪਾ ਕੇ ਸਰਕਾਰ ਨੂੰ ਘੇਰਿਆ ਜਾ ਸਕਦਾ ਹੈ ਤਾਂ ਇਹ ਗਲਤ ਰਣਨੀਤੀ ਹੈ।ਰਾਹੁਲ ਗਾਂਧੀ ਦਾ ਕਿਰਦਾਰ ਆਖਰੀ ਕਿਲ ਤਦ ਬਣ ਸਕਦਾ ਹੈ ਜੇਕਰ ਉਹਨਾਂ ਨੇ ਇਸ ਨੂੰ ਸੰਸਦੀ ਮਰਿਆਦਾ ਅਤੇ ਲੋਕਤੰਤਰ ਦੇ ਸਿਧਾਂਤਾਂ ਨਾਲ ਜੋੜ ਕੇ ਨਾ ਚਲਾਇਆ। ਉਹਨਾਂ ਨੂੰ ਵਿਕਲਪਕ ਨੀਤੀਆਂ ਪੇਸ਼ ਕਰਨੀਆਂ ਚਾਹੀਦੀਆਂ ਹਨ, ਚਰਚਾ ਵਿੱਚ ਹਿੱਸਾ ਲੈਣਾ ਚਾਹੀਦਾ ਹੈ ਅਤੇ ਵਿਘਨ ਪਾਉਣ ਨੂੰ ਆਖਰੀ ਹਥਿਆਰ ਵਜੋਂ ਵਰਤਣਾ ਚਾਹੀਦਾ ਹੈ, ਨਾ ਕਿ ਪਹਿਲੀ ਰਣਨੀਤੀ। ਨਹੀਂ ਤਾਂ ਲੋਕ ਇਹ ਸਮਝਣ ਲੱਗ ਪੈਣਗੇ ਕਿ ਕਾਂਗਰਸ ਸਿਰਫ਼ ਵਿਰੋਧ ਲਈ ਵਿਰੋਧ ਕਰ ਰਹੀ ਹੈ ਅਤੇ ਸੱਤਾ ਵਿੱਚ ਆਉਣ ਦੀ ਯੋਗਤਾ ਨਹੀਂ ਰੱਖਦੀ।

ਅੱਜ ਸਾਰੇ ਰਾਜਨੀਤਿਕ ਪਾਰਟੀਆਂ ਦਾ ਰਵਈਆ ਸੱਤਾਧਾਰੀ ਭਾਜਪਾ ਵੀ ਪਹਿਲਾਂ ਵਿਰੋਧੀ ਧਿਰ ਨੂੰ ਘੇਰਨ ਲਈ ਦਬਾਓ ਪਾਇਆ ਹੈ ਪਰ ਅੱਜ ਵਿਰੋਧੀ ਧਿਰ ਦਾ ਵਿਵਹਾਰ ਵਧੇਰੇ ਤਿੱਖਾ ਦਿਖ ਰਿਹਾ ਹੈ। ਦੋਵੇਂ ਪੱਖਾਂ ਨੂੰ ਸੰਸਦ ਨੂੰ ਕੰਮ ਕਰਨ ਵਾਲੀ ਸੰਸਥਾ ਬਣਾਉਣ ਲਈ ਸਹਿਯੋਗ ਕਰਨਾ ਚਾਹੀਦਾ ਹੈ। ਸਪੀਕਰ ਨੂੰ ਨਿਰਪੱਖ ਰਹਿਣਾ ਚਾਹੀਦਾ ਹੈ ਅਤੇ ਵਿਰੋਧੀ ਧਿਰ ਨੂੰ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਸੰਸਦ ਵਿੱਚ ਹੋ ਰਿਹਾ ਹਲਾ ਲੋਕਤੰਤਰ ਲਈ ਚੁਣੌਤੀ ਹੈ। ਕਾਂਗਰਸ ਅਤੇ ਰਾਹੁਲ ਗਾਂਧੀ ਨੂੰ ਸਮਝਣਾ ਪਵੇਗਾ ਕਿ ਅਗਰੈਸਿਵ ਵਿਰੋਧ ਚੰਗਾ ਹੈ ਪਰ ਵਿਘਨ ਪਾਉਣ ਨਾਲ ਪਾਰਟੀ ਦੀ ਤਸਵੀਰ ਖਰਾਬ ਹੁੰਦੀ ਹੈ। ਜੇਕਰ ਇਹ ਸਿਲਸਿਲਾ ਜਾਰੀ ਰਿਹਾ ਤਾਂ ਰਾਹੁਲ ਗਾਂਧੀ ਦੀ ਅਗਵਾਈ ਕਾਂਗਰਸ ਲਈ ਆਖਰੀ ਕਿੱਲ ਬਣ ਸਕਦੀ ਹੈ।

ਅੱਜ ਲੋਕ ਚਾਹੁੰਦੇ ਹਨ ਕਿ ਸੰਸਦ ਵਿੱਚ ਚਰਚਾ ਹੋਵੇ, ਨੀਤੀਆਂ ਬਣਨ ਅਤੇ ਦੇਸ਼ ਅੱਗੇ ਵਧੇ। ਇਸ ਲਈ ਸਾਰੀਆਂ ਪਾਰਟੀਆਂ ਨੂੰ ਮਰਿਆਦਾ ਅਤੇ ਨਿਯਮਾਂ ਨੂੰ ਸਤਿਕਾਰ ਦੇਣਾ ਚਾਹੀਦਾ ਹੈ।

# ਰਾਜਪਾਲ ਦੀ ਪੈਦਲ ਯਾਤਰਾ 'ਚੋਂ ਉਘੜਦੇ ਸਿਆਸੀ ਨਕਸ਼



ਕਮਲਜੀਤ ਸਿੰਘ ਬਨਵੈਤ
98147 34035

- ਡੇਰਿਆਂ ਦੇ ਬਾਬੇ ਸ਼ਰਧਾਲੂਆਂ ਨੂੰ ਰੱਬ ਦੇ ਰਾਹ ਤੋਰਨ ਦੀ ਥਾਂ ਸਿਆਸੀ ਲੀਡਰਾਂ ਨੂੰ ਹੱਥ ਫੜਾਉਣ ਲੱਗੇ
- ਰਾਜਪਾਲ ਦੀ ਨਸ਼ਿਆਂ ਖ਼ਿਲਾਫ਼ ਯਾਤਰਾ ਵੇਲੇ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਸਿਆਸੀ ਆਗੂਆਂ ਦੀ ਹੋਈ ਮੀਟਿੰਗ ਪਿੱਛੋਂ ਸਿਆਸੀ ਪਾਰਾ ਚੜ੍ਹਿਆ
- ਨਸ਼ਿਆਂ ਖ਼ਿਲਾਫ਼ ਸਰਹੱਦੀ ਖੇਤਰ ਦੀ ਯਾਤਰਾ ਤੋਂ ਆਪ ਤੇ ਕਾਂਗਰਸ ਪਾਰਟੀ ਰਹੇ ਦੂਰ
- ਅਕਾਲੀ-ਭਾਜਪਾ ਸੰਭਾਵਿਤ ਗੱਠਜੋੜ ਲਈ ਵਿਚੋਲੀਏ ਦੀ ਭੂਮਿਕਾ ਆਈ ਸਾਹਮਣੇ

ਪਿਛਲੇ ਦਿਨਾਂ ਦੀ ਪੰਜਾਬ ਵਿੱਚ ਹੋ ਰਹੀ ਉਥਲ-ਪੁੱਥਲ ਅਤੇ ਚੱਲ ਰਹੀਆਂ ਗਤੀਵਿਧੀਆਂ ਤੋਂ ਇੰਝ ਲੱਗਣ ਲੱਗਾ ਹੈ ਜਿਵੇਂ ਸਾਡੇ ਧਾਰਮਿਕ ਲੀਡਰ ਲੋਕਾਂ ਨੂੰ ਅਧਿਆਤਮਿਕ ਰਸਤੇ 'ਤੇ ਤੋਰਨ ਦੀ ਥਾਂ ਸਿਆਸੀ ਲੀਡਰਾਂ ਦੇ ਹੱਥ ਵਿੱਚ ਹੱਥ ਫੜਾਉਣ ਲੱਗੇ ਹੋਣ। ਡੇਰਾ ਸਿਰਸਾ ਤੋਂ ਸ਼ੁਰੂ ਹੋਈ ਗੱਲ ਲਗਾਤਾਰ ਅੱਗੇ ਵਧਦੀ ਨਜ਼ਰੀਂ ਪੈਂਦੀ ਹੈ।

ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਦੀ ਸਰਹੱਦੀ ਖੇਤਰਾਂ ਦੀ ਨਸ਼ਿਆਂ ਖ਼ਿਲਾਫ਼ ਯਾਤਰਾ ਵਿੱਚ ਨਵੀਆਂ ਸਿਆਸੀ ਪੈੜਾਂ ਪਈਆਂ ਹਨ। ਕਾਂਗਰਸ ਪਾਰਟੀ ਅਤੇ ਸੱਤਾਧਾਰੀ ਆਮ ਆਦਮੀ ਪਾਰਟੀ ਦਾ ਯਾਤਰਾ ਵਿੱਚੋਂ ਮਨਫੀ ਰਹਿਣਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਭਾਰਤੀ ਜਨਤਾ ਪਾਰਟੀ ਪੰਜਾਬ ਦੇ ਵਰਕਿੰਗ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ ਦੇ ਯਾਤਰਾ ਵਿੱਚ ਸ਼ਾਮਲ ਹੋਣ ਤੋਂ ਪਿੱਛੋਂ ਅਕਾਲੀ ਭਾਜਪਾ ਗੱਠਜੋੜ ਦੀ ਚਰਚਾ ਛਿੜ ਪਈ ਹੈ। ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਵੜਿੰਗ ਨੇ ਯਾਤਰਾ ਨੂੰ ਸਮਝੌਤਾ ਐਕਸਪ੍ਰੈਸ ਸ਼ਬਦ ਦਿੱਤੇ ਹਨ। ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਕੁਲਦੀਪ ਸਿੰਘ ਧਾਲੀਵਾਲ ਨੂੰ ਰਾਜਪਾਲ ਗੁਲਾਬ ਚੰਦ ਕਟਾਰੀਆ ਦਾ ਸਿਆਸਤ ਕਰਨਾ ਚੁੱਭਿਆ ਹੈ। ਪੰਜਾਬ ਦੇ ਸਾਬਕਾ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਝੰਈਆਂ ਲੈ ਕੇ ਪੈਣ ਵਾਲੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹਾਲੇ ਚੁੱਪ ਬੈਠੇ ਹਨ। ਮੁੱਖ ਮੰਤਰੀ ਦੇ ਡੇਰਾ ਬਿਆਸ ਦੇ ਮੁਖੀ ਨੂੰ ਲੈ ਕੇ ਦਿੱਤੇ ਬਿਆਨ ਨੇ ਪਹਿਲਾਂ ਹੀ ਕਾਫੀ ਖਿਲਾਰਾ ਪਾ ਰੱਖਿਆ ਹੈ।

ਡੇਰਾ ਬਿਆਸ ਦੇ ਮੁਖੀ ਉਦੋਂ ਚਰਚਾ ਵਿੱਚ ਹੀ ਨਹੀਂ ਆਏ ਸਨ ਸਗੋਂ ਉਹਨਾਂ ਦੀ ਦੱਬਵੀਂ ਜ਼ੁਬਾਨੇ ਆਲੋਚਨਾ ਵੀ ਸ਼ੁਰੂ ਹੋ ਗਈ ਸੀ, ਜਦੋਂ ਉਹਨਾਂ ਨੇ ਨਾਭਾ ਜੇਲ੍ਹ ਵਿੱਚ ਬੰਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਬਿਕਰਮ ਸਿੰਘ ਮਜੀਠੀਆ ਨੂੰ ਕਲੀਨ ਚਿੱਟ ਦੇ ਦਿੱਤੀ ਸੀ। ਇਹ ਵੀ ਕਿਹਾ ਸੀ ਕਿ ਮਜੀਠੀਆ ਖਿਲਾਫ਼ ਦਰਜ ਕੀਤਾ ਕੇਸ ਗਲਤ ਹੈ। ਇੰਝ ਲੱਗਦਾ ਸੀ ਜਿਵੇਂ ਬਾਬਾ ਜੀ ਵਹਾਅ ਵਿੱਚ ਜਾ ਕੇ ਅਦਾਲਤੀ ਜੱਜਮੈਂਟ ਦੇ ਗਏ ਹੋਣ।

ਪੰਜਾਬ ਦੇ ਰਾਜਪਾਲ ਨੇ ਇਹ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਸੱਦੀ ਇੱਕ ਪ੍ਰੈੱਸ ਕਾਨਫਰੰਸ ਵਿੱਚ ਸਾਰੀਆਂ ਪਾਰਟੀਆਂ ਨੂੰ ਯਾਤਰਾ ਵਿੱਚ ਸ਼ਾਮਲ ਹੋਣ ਦਾ ਸੱਦਾ ਦੇਣ ਦਾ ਦਾਅਵਾ ਕੀਤਾ ਸੀ। ਕਾਂਗਰਸ ਜਾਂ ਆਪ ਨੂੰ ਉਹਨਾਂ ਨੇ ਸੱਦਾ ਭੇਜਿਆ ਨਹੀਂ ਜਾਂ ਦੋਵੇਂ ਪਾਰਟੀਆਂ ਜਾਣ ਬੁੱਝ ਕੇ ਯਾਤਰਾ ਤੋਂ ਦੂਰ ਰਹੀਆਂ ਹਨ, ਇਹ ਹਾਲੇ ਤੱਕ ਇੱਕ ਭੇਦ ਬਣਿਆ ਹੋਇਆ ਹੈ। ਸੱਦਾ ਦਿੱਤਾ ਹੋਵੇ ਤਦ ਵੀ ਗਵਰਨਰ ਦਾ ਕੰਮ ਸਿੱਧੇ ਤੌਰ 'ਤੇ ਸੂਬੇ ਵਿੱਚ ਸਿਆਸਤ ਕਰਨਾ ਨਹੀਂ ਹੁੰਦਾ ਹੈ ਸਗੋਂ ਉਹ ਤਾਂ ਸਰਕਾਰ ਦੀ ਕੰਨ ਖਿਚਾਈ ਕਰਨ ਦਾ ਅਧਿਕਾਰ ਰੱਖਦੇ ਹਨ। ਰਾਜਪਾਲ ਨੇ ਇਸ ਕਰਕੇ ਸਰਹੱਦੀ ਖੇਤਰ ਵਿੱਚ ਯਾਤਰਾ ਕੱਢੀ ਹੈ ਕਿਉਂਕਿ ਉਥੇ ਨਸ਼ਿਆਂ ਦੇ ਵਗ ਰਹੇ ਛੇਵੇਂ ਦਰਿਆ ਨੂੰ ਹਾਲੇ ਤੱਕ ਠੱਲ ਨਹੀਂ ਪਈ ਹੈ। ਕੀ ਇਸ ਦਾ ਮਤਲਬ ਇਹ ਸਮਝ ਲਿਆ ਜਾਵੇ ਕਿ ਬੀਐਸਐਫ ਜਿਸ ਨੂੰ ਕੇਂਦਰ ਸਰਕਾਰ ਨੇ ਜ਼ਿੰਮੇਵਾਰੀ ਦਿੱਤੀ ਸੀ ਕੀ ਉਹ ਆਪਣੀ ਡਿਊਟੀ ਨਿਭਾਉਣ ਵਿੱਚ ਫੇਲ੍ਹ ਹੋਈ ਹੈ।

ਇਸ ਤੋਂ ਪਹਿਲਾਂ ਪੰਜਾਬ ਦੇ ਗਵਰਨਰ ਰਹੇ ਬਨਵਾਰੀ ਲਾਲ ਪੁਰੋਹਿਤ ਦਾ ਤਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਪੇਚਾ ਪਿਆ ਰਹਿੰਦਾ ਸੀ।

ਮੁੱਖ ਮੰਤਰੀ ਮਾਨ ਨੂੰ ਸਾਬਕਾ ਗਵਰਨਰ ਦਾ ਸਰਕਾਰ ਦੇ ਕੰਮਾਂ ਵਿੱਚ ਅੜਿੱਕਾ ਪਾਈ ਰੱਖਣਾ ਕਿਸੇ ਤਰ੍ਹਾਂ ਵੀ ਵਾਰਾ ਨਹੀਂ ਸੀ ਖਾ ਰਿਹਾ। ਸਾਬਕਾ ਰਾਜਪਾਲ ਵੱਲੋਂ ਵਿਧਾਨ ਸਭਾ ਵਿੱਚ ਪਾਸ ਹੋਏ ਬਿੱਲਾਂ ਨੂੰ ਰੋਕਣ ਤੋਂ ਬਾਅਦ ਮਾਮਲਾ ਮੁਲਕ ਦੀ ਸੁਪਰੀਮ ਕੋਰਟ ਵਿੱਚ ਜਾ ਪੁੱਜਿਆ ਸੀ। ਪੰਜਾਬ ਦੀ ਪਾਪੂਲਰ ਸਰਕਾਰ ਦੇ ਮੁਖੀ ਅਤੇ ਸੰਵਿਧਾਨਿਕ ਅਹੁੱਦੇ ਦੇ ਸਿਖ਼ਰਲੇ ਸ਼ਖਸ ਦਰਮਿਆਨ ਸਬੰਧ ਕੌੜੇ ਕਸੈਲੇ ਚੱਲਦੇ ਰਹੇ। ਗਵਰਨਰ ਗੁਲਾਬ ਚੰਦ ਕਟਾਰੀਆ ਨਾਲ ਉਹਨਾਂ ਦੇ ਸਬੰਧ ਸਿੱਧ ਪੱਧਰੇ ਚੱਲ ਰਹੇ ਹਨ ਪਰ ਨਵੀਆਂ ਸਿਆਸੀ ਪੈੜਾਂ ਵਾਲੀ ਯਾਤਰਾ ਸ਼ਾਇਦ ਉਹਨਾਂ ਨੂੰ ਵੀ ਫੁੱਟੀ ਅੱਖ ਨਾ ਭਾਵੇ। ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਸ਼ਾਇਦ ਪਹਿਲੀ ਵਾਰ ਕਿਸੇ ਜਨਤਕ ਯਾਤਰਾ ਵਿੱਚ ਸ਼ਾਮਿਲ ਹੋਏ ਹਨ। ਥੋੜਾ ਸੱਚ ਕਹਿਣ ਦਾ ਹੌਂਸਲਾ ਕਰ ਹੀ ਲਿਆ ਜਾਵੇ ਤਾਂ ਇਹ ਇਹ ਬਾਬਾ ਜੀ ਤਾਂ ਆਪਣੇ ਡੇਰੇ ਆਉਣ ਵਾਲੇ ਸ਼ਰਧਾਲੂਆਂ ਨੂੰ ਨਸ਼ਿਆਂ ਖ਼ਿਲਾਫ਼ ਪ੍ਰੇਰਨ ਦੀ ਸਿੱਖਿਆ ਦੇਣ ਲੱਗ ਪੈਣ ਤਾਂ ਉਹਨਾਂ ਦੀ ਪੰਜਾਬ ਨੂੰ ਬਹੁਤ ਵੱਡੀ ਦੇਣ ਹੋ ਸਕਦੀ ਹੈ।

ਰਾਜਪਾਲ ਵੱਲੋਂ ਨਸ਼ਿਆਂ ਖਿਲਾਫ ਜਾਗਰੂਕਤਾ ਦੇ ਮਕਸਦ ਨਾਲ ਸ਼ੁਰੂ ਕੀਤੀ ਇਸ ਯਾਤਰਾ ਵਿੱਚੋਂ ਸਿਆਸੀ ਨਕਸ਼ ਉਘੜੇ ਹਨ। ਨਾਲ ਦੀ ਨਾਲ 2027 ਦੀਆਂ ਵਿਧਾਨ ਸਭਾ ਨਿਸ਼ਾਨਾ ਲੱਗਦਾ ਹੈ। ਫ਼ਿਰੋਜ਼ਪੁਰ ਵਿੱਚ ਪੈਦਲ ਯਾਤਰਾ ਵੀ ਹੋਈ ਅਤੇ ਸਮਾਗਮ ਵੀ ਕੀਤਾ ਗਿਆ। ਡੇਰਾ ਮੁਖੀ ਅਤੇ ਸ੍ਰੀ ਕਟਾਰੀਆ ਦਰਮਿਆਨ ਮੀਟਿੰਗ ਹੋਣ ਦੀ ਚਰਚਾ ਵੀ ਹੈ। ਇਸ ਮੀਟਿੰਗ ਵਿੱਚ ਭਾਜਪਾ ਦੇ ਵਰਕਿੰਗ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਭਾਜਪਾ ਨੇਤਾ ਗੁਰਜੀਤ ਸਿੰਘ ਦੇ ਸ਼ਾਮਿਲ ਹੋਣ ਦੀ ਵੀ ਖ਼ਬਰ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਫਰੀਦਕੋਟ ਤੋਂ ਫਿਰੋਜ਼ਪੁਰ ਪਹੁੰਚੇ। ਸੁਖਬੀਰ ਬਾਦਲ ਸਮੇਂ ਤੋਂ ਲੇਟ ਪਹੁੰਚੇ ਨਹੀਂ ਤਾਂ ਉਹਨਾਂ ਨੇ ਵੀ ਸ਼ਾਮਿਲ ਹੋ ਜਾਣਾ ਸੀ। ਸਿਆਸੀ ਹਲਕਿਆਂ ਵਿੱਚ ਕੁਝ ਘੁਸਰ-ਮੁਸਰ ਸ਼ੁਰੂ ਹੋ ਗਈ ਹੈ ਫਿਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਹਿਲੀ ਵਾਰ ਅੱਜ ਕੱਲ ਦੀ ਯਾਤਰਾ ਵਿੱਚ ਸ਼ਮੂਲੀਅਤ ਕਿਤੇ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਅਕਾਲੀ ਭਾਜਪਾ ਗੱਠਜੋੜ ਹੋਣ ਦਾ ਮੁੱਢ ਤਾਂ ਨਹੀਂ ਬੱਝ ਰਿਹਾ ਹੈ। ਪੰਜਾਬ ਦੇ ਰਾਜਪਾਲ ਵੱਲੋਂ ਨਸ਼ਿਆਂ ਖਿਲਾਫ ਕੱਢੀ ਯਾਤਰਾ ਅਤੇ ਸ਼ੁਰੂ ਕੀਤੀ ਮੁਹਿੰਮ ਵਿੱਚ ਸਿਰਫ ਭਾਜਪਾ ਦੇ ਆਗੂ ਹੀ ਨਜ਼ਰ ਆਉਂਦੇ ਰਹੇ ਹਨ ਪਰ ਫਿਰੋਜ਼ਪੁਰ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ ਇਸ ਵਾਸਤੇ ਵਿਚੋਲਾ ਮੰਨਿਆ ਜਾ ਰਿਹਾ ਹੈ।

ਰਾਜਪਾਲ ਕਟਾਰੀਆ ਵੱਲੋਂ ਸਰਹੱਦੀ ਖੇਤਰ ਵਿੱਚ ਨਸ਼ਿਆਂ ਖ਼ਿਲਾਫ਼ ਕੱਢੀ ਯਾਤਰਾ ਦੇ ਕੀ ਇਹ ਵੀ ਅਰਥ ਲੈ ਲਏ ਜਾਣ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਫੇਲ੍ਹ ਹੋ ਕੇ ਰਹਿ ਗਈ ਹੈ। ਅਸਲ ਵਿੱਚ ਲੋੜ ਤਾਂ ਨਸ਼ਾ ਤਸਕਰਾਂ, ਪੁਲਿਸ ਅਤੇ ਸਿਆਸੀ ਲੀਡਰਾਂ ਵਿੱਚ ਬਣੇ ਗੱਠਜੋੜ ਨੂੰ ਤੋੜਨ ਦੀ ਹੈ। ਸਿਆਸੀ ਲੀਡਰ ਆਪੋ ਆਪਣੇ ਹਲਕੇ ਨੂੰ ਨਸ਼ਾ ਮੁਕਤ ਕਰਨ ਦਾ ਤਹੱਈਆ ਕਰ ਲੈਣ ਤਾਂ ਰਿਜ਼ਲਟ ਹਾਂ ਪੱਖੀ ਰਹਿ ਸਕਦੇ ਹਨ। ਇਸ ਵਿੱਚ ਪੁਲਿਸ, ਆਮ ਲੋਕ ਤੇ ਸਮਾਜ ਸੇਵੀ ਸੰਸਥਾਵਾਂ ਨੂੰ ਨਾਲ ਲੈ ਕੇ ਤੁਰਨਾ ਪਵੇਗਾ। ਸਿਆਸੀ ਲੀਡਰਾਂ ਨੂੰ ਮਨੁੱਖ ਵਿੱਚੋਂ ਵੋਟ ਦਿਸਣ ਦੀ ਥਾਂ ਮਨੁੱਖਤਾ ਦਿਸਣ ਲੱਗ ਪਵੇ ਤਾਂ ਪੰਜਾਬ ਦੀਆਂ ਪੌਂਬਾਰਾਂ ਸਮਝੋ। ਅਫਸਰਾਂ ਵਿਚਾਰਿਆਂ ਦਾ ਕਿਆ ਹੈ ਉਹਨਾਂ ਦੀ ਘੰਡੀ ਮਰੋੜ ਕੇ ਚਾਹੇ ਸਰਕਾਰ ਤੋਰ ਲਵੇ ਜਾਂ ਗਵਰਨਰ ਅੱਗੇ ਪਿੱਛੇ ਦੁੜਾ ਲੈਣ।



ਵਿੰਕਲਜੀਤ ਸਿੰਘ ਸਰਾ
9501477889

# ਆਜ਼ਾਦੀ ਦੇ ਪਰਵਾਨੇ ਬਨਾਮ ਕੁਰਸੀ ਦੇ ਦੀਵਾਨੇ-2

ਕੱਲ ਦੀ ਬਾਕੀ

9. **ਨੈਤਿਕਤਾ ਅਤੇ ਆਦਰਸ਼, ਅੱਜ ਲਈ ਇੱਕ ਸਬਕ** : ਉਸ ਦੌਰ ਦੀ ਰਾਜਨੀਤੀ ਵਿੱਚ 'ਵਿਰੋਧ' ਦਾ ਵੀ ਇੱਕ ਸਲੀਕਾ ਸੀ। ਜੇਕਰ ਮਹਾਤਮਾ ਗਾਂਧੀ ਅਤੇ ਸੁਭਾਸ਼ ਚੰਦਰ ਬੋਸ ਦੇ ਵਿਚਾਰ ਨਹੀਂ ਮਿਲਦੇ ਸਨ ਤਾਂ ਵੀ ਉਹ ਇੱਕ-ਦੂਜੇ ਦਾ ਅਥਾਹ ਸਤਿਕਾਰ ਕਰਦੇ ਸਨ। ਬੋਸ ਨੇ ਹੀ ਗਾਂਧੀ ਨੂੰ ਸਭ ਤੋਂ ਪਹਿਲਾਂ ਰਾਸ਼ਟਰਪਿਤਾ ਕਿਹਾ ਸੀ। ਇਹ ਸੀ ਉਹਨਾਂ ਦੀ ਰਾਜਨੀਤਿਕ ਸ਼ਖ਼ਸੀਅਤ, ਜਿੱਥੇ ਨਿੱਜੀ ਮਤਭੇਦ ਦੇਸ਼ ਦੇ ਹਿੱਤ ਤੋਂ ਵੱਡੇ ਨਹੀਂ ਹੁੰਦੇ ਸਨ। ਉਹਨਾਂ ਨੇ ਸਿਖਾਇਆ ਕਿ ਸਿਆਸਤਦਾਨ ਦਾ ਚਰਿੱਤਰ ਹੀ ਉਸਦੀ ਸਭ ਤੋਂ ਵੱਡੀ ਤਾਕਤ ਹੈ। ਜੇਕਰ ਚਰਿੱਤਰ ਸਾਫ਼ ਹੈ ਤਾਂ ਪੂਰਾ ਦੇਸ਼ ਤੁਹਾਡੇ ਪਿੱਛੇ ਚੱਲਣ ਲਈ ਤਿਆਰ ਹੈ। ਉਹਨਾਂ ਕੋਲ ਕੋਈ ਵੱਡੇ ਮੀਡੀਆ ਹਾਊਸ ਜਾਂ ਸੋਸ਼ਲ ਮੀਡੀਆ ਨਹੀਂ ਸੀ ਫਿਰ ਵੀ ਉਹਨਾਂ ਦੀ ਇੱਕ ਆਵਾਜ਼ 'ਤੇ ਲੱਖਾਂ ਲੋਕ ਸੜਕਾਂ 'ਤੇ ਨਿਕਲ ਆਉਂਦੇ ਸਨ। ਕਿਉਂ ? ਕਿਉਂਕਿ ਲੋਕਾਂ ਨੂੰ ਪਤਾ ਸੀ ਕਿ ਇਹ ਨੇਤਾ ਆਪਣੇ ਫਾਇਦੇ ਲਈ ਨਹੀਂ ਸਾਡੇ ਲਈ ਲੜ ਰਿਹਾ ਹੈ।

10. **ਸੱਚਾਈ ਦੀ ਰਾਜਨੀਤੀ** : ਅੱਜ ਜਦੋਂ ਅਸੀਂ ਪਿੱਛੇ ਮੁੜ ਕੇ ਦੇਖਦੇ ਹਾਂ ਤਾਂ ਆਜ਼ਾਦੀ ਦੇ ਉਹ ਪਰਵਾਨੇ ਸਾਨੂੰ ਕਿਸੇ ਹੋਰ ਹੀ ਦੁਨੀਆ ਦੇ ਜੀਵ ਲੱਗਦੇ ਹਨ। ਕੀ ਅੱਜ ਦੇ ਦੌਰ ਵਿੱਚ ਕੋਈ ਅਜਿਹਾ ਹੈ ਜੋ ਦੇਸ਼ ਲਈ ਆਪਣੀ ਸਾਰੀ ਜਾਇਦਾਦ ਦਾਨ ਕਰ ਦੇਵੇ ? ਕੀ ਅੱਜ ਕੋਈ ਅਜਿਹਾ ਹੈ ਜੋ ਸੱਚ ਬੋਲਣ ਲਈ ਫਾਂਸੀ ਚੜ੍ਹ ਜਾਵੇ ? ਉਹ ਲੋਕ ਸੱਚਮੁੱਚ ਮਹਾਨ ਸਨ। ਉਹਨਾਂ ਨੇ ਰਾਜਨੀਤੀ ਨੂੰ ਇੱਕ 'ਪਵਿੱਤਰ ਜਜ਼ਬਾ' ਬਣਾਇਆ। ਉਹਨਾਂ ਦੀ ਕੁਰਬਾਨੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਆਜ਼ਾਦੀ ਸਿਰਫ਼ ਇੱਕ ਹੱਕ ਨਹੀਂ ਸਗੋਂ ਇੱਕ ਜ਼ਿੰਮੇਵਾਰੀ ਹੈ। ਜੇਕਰ ਅਸੀਂ ਉਹਨਾਂ ਦੇ ਸਿਧਾਂਤਾਂ ਨੂੰ ਭੁੱਲ ਕੇ ਸਿਰਫ਼ ਸਵਾਰਥ ਦੀ ਸਿਆਸਤ ਕਰਦੇ ਹਾਂ ਤਾਂ ਅਸੀਂ ਉਹਨਾਂ ਸ਼ਹੀਦਾਂ ਦੇ ਲਹੂ ਦਾ ਅਪਮਾਨ ਕਰਦੇ ਹਾਂ।

11. **ਬਾਬਾ ਗੁਰਦਿੱਤ ਸਿੰਘ ਅਤੇ ਕਾਮਾਗਾਟਾਮਾਰੂ, ਸਮੁੰਦਰ ਦੀਆਂ ਲਹਿਰਾਂ 'ਤੇ ਲਿਖੀ ਅਣਖ ਦੀ ਦਾਸਤਾਨ** : ਜਦੋਂ ਅਸੀਂ ਨਿਰਸਵਾਰਥ ਰਾਜਨੀਤੀ ਅਤੇ ਕੁਰਬਾਨੀ ਦੀ ਗੱਲ ਕਰਦੇ ਹਾਂ ਤਾਂ ਕਾਮਾਗਾਟਾਮਾਰੂ ਦਾ ਦੁਖਾਂਤ ਇੱਕ ਅਜਿਹੀ ਮਿਸਾਲ ਹੈ ਜੋ ਦਰਸਾਉਂਦੀ ਹੈ ਕਿ ਆਜ਼ਾਦੀ ਦੀ ਤੜਫ ਸਿਰਫ਼ ਹਿੰਦੁਸਤਾਨ ਦੀ ਧਰਤੀ ਤੱਕ ਸੀਮਤ ਨਹੀਂ ਸੀ। ਬਾਬਾ ਗੁਰਦਿੱਤ ਸਿੰਘ ਇੱਕ ਸਫ਼ਲ ਕਾਰੋਬਾਰੀ ਸਨ, ਉਹ ਚਾਹੁੰਦੇ ਤਾਂ ਮਲੇਸ਼ੀਆ ਵਿੱਚ ਆਰਾਮ ਦੀ ਜ਼ਿੰਦਗੀ ਜੀਅ ਸਕਦੇ ਸਨ। ਪਰ ਉਹਨਾਂ ਦੀ ਰੂਹ ਵਿੱਚ ਗੁਲਾਮੀ ਦਾ ਡੰਗ ਹਮੇਸ਼ਾ ਦਰਦ ਪੈਦਾ ਕਰਦਾ ਸੀ।

**ਗੁਲਾਮੀ ਦਾ ਅਹਿਸਾਸ ਅਤੇ ਵੱਡਾ ਫੈਸਲਾ**: ਉਸ ਸਮੇਂ ਕੈਨੇਡਾ ਦੀ ਸਰਕਾਰ ਨੇ ਭਾਰਤੀਆਂ ਦੇ ਦਾਖਲੇ 'ਤੇ ਪਾਬੰਦੀ ਲਗਾਈ ਹੋਈ ਸੀ। ਬਾਬਾ ਗੁਰਦਿੱਤ ਸਿੰਘ ਨੇ ਸੋਚਿਆ ਕਿ ਜੇਕਰ ਅਸੀਂ ਆਪਣੇ ਹੀ ਰਾਜ (ਬ੍ਰਿਟਿਸ਼ ਸਾਮਰਾਜ) ਵਿੱਚ ਇੱਕ ਥਾਂ ਤੋਂ ਦੂਜੀ ਥਾਂ ਨਹੀਂ ਜਾ ਸਕਦੇ ਤਾਂ ਫਿਰ ਸਾਡੀ ਹੋਂਦ ਕੀ ਹੈ? ਉਹਨਾਂ ਨੇ ਇੱਕ ਜਪਾਨੀ ਜਹਾਜ਼ 'ਕਾਮਾਗਾਟਾਮਾਰੂ' ਕਿਰਾਏ 'ਤੇ ਲਿਆ ਅਤੇ 376 ਭਾਰਤੀਆਂ ਨੂੰ ਲੈ ਕੇ ਕੈਨੇਡਾ ਵੱਲ ਚਾਲੇ ਪਾ ਦਿੱਤੇ। ਇਹ ਕੋਈ ਵਪਾਰਕ ਯਾਤਰਾ ਨਹੀਂ ਸੀ ਇਹ ਅੰਗਰੇਜ਼ੀ ਹਕੂਮਤ ਦੇ ਨਸਲੀ ਵਿਤਕਰੇ ਵਿਰੁੱਧ ਇੱਕ 'ਸਿਆਸੀ ਬਗ਼ਾਵਤ' ਸੀ।

**ਸਮੁੰਦਰੀ ਜੇਲ੍ਹ ਅਤੇ ਸਬਰ ਦੀ ਪ੍ਰੀਖਿਆ**: ਦੋ ਮਹੀਨਿਆਂ ਤੱਕ ਜਹਾਜ਼ ਵੈਨਕੂਵਰ ਦੇ ਕੰਢੇ ਖੜ੍ਹਾ ਰਿਹਾ। ਕੈਨੇਡੀਅਨ ਸਰਕਾਰ ਨੇ ਮੁਸਾਫ਼ਰਾਂ ਨੂੰ ਉਤਰਨ ਨਾ ਦਿੱਤਾ। ਜਹਾਜ਼ 'ਤੇ ਰਾਸ਼ਨ ਮੁੱਕ ਗਿਆ, ਪਾਣੀ ਦੀ ਬੂੰਦ-ਬੂੰਦ ਲਈ ਬੱਚੇ ਤੜਫਣ ਲੱਗੇ, ਪਰ ਬਾਬਾ ਗੁਰਦਿੱਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਹਾਰ ਨਹੀਂ ਮੰਨੀ। ਉਹਨਾਂ ਦੀ ਸਿਆਸਤ ਵਿੱਚ 'ਸੌਦੇਬਾਜ਼ੀ' ਨਹੀਂ ਸੀ ਸਿਰਫ਼ 'ਹੱਕ' ਸੀ। ਜਦੋਂ ਜਹਾਜ਼ ਵਾਪਸ ਭਾਰਤ ਦੇ ਬੱਜ-ਬੱਜ ਘਾਟ 'ਤੇ ਪਹੁੰਚਿਆ ਤਾਂ ਅੰਗਰੇਜ਼ਾਂ ਨੇ ਉਹਨਾਂ ਦਾ ਸਵਾਗਤ ਗੋਲੀਆਂ ਨਾਲ ਕੀਤਾ। ਬਾਬਾ ਜੀ ਨੇ ਕਈ ਸਾਲ ਰੂਪੋਸ਼ ਰਹਿ ਕੇ ਸੰਘਰਸ਼ ਜਾਰੀ ਰੱਖਿਆ। ਉਹਨਾਂ ਨੇ ਸਾਬਤ ਕੀਤਾ ਕਿ ਦੇਸ਼ ਭਗਤੀ ਲਈ ਸਭ ਕੁਝ ਦਾਅ 'ਤੇ ਲਾਇਆ ਜਾ ਸਕਦਾ ਹੈ ਪਰ ਇੱਜ਼ਤ ਦਾ ਸੌਦਾ ਨਹੀਂ ਕੀਤਾ ਜਾ ਸਕਦਾ।

12. **ਸ਼ਹੀਦ ਊਧਮ ਸਿੰਘ, 21 ਸਾਲਾਂ ਦੀ ਲੰਮੀ ਉਡੀਕ ਅਤੇ ਇੱਕ-ਨੁਕਾਤੀ ਰਾਜਨੀਤੀ** : ਜੇਕਰ ਕੋਈ ਪੁੱਛੇ ਕਿ 'ਨਿਰਸਵਾਰਥ ਸਬਰ' ਕੀ ਹੁੰਦਾ ਹੈ ਤਾਂ ਇਤਿਹਾਸ ਸ਼ਹੀਦ ਊਧਮ ਸਿੰਘ ਦਾ ਨਾਂ ਪੇਸ਼ ਕਰਦਾ ਹੈ। 13 ਅਪ੍ਰੈਲ 1919 ਨੂੰ ਜਲ੍ਹਿਆਂਵਾਲਾ ਬਾਗ ਵਿੱਚ ਹੋਏ ਕਤਲੇਆਮ ਨੇ ਇੱਕ ਛੋਟੇ ਜਿਹੇ ਬੱਚੇ ਦੇ ਮਨ ਵਿੱਚ ਅਜਿਹੀ ਚੰਗਿਆੜੀ ਬਾਲੀ ਜੋ 21 ਸਾਲਾਂ ਤੱਕ ਮੱਠੀ ਨਹੀਂ ਪਈ।

**ਬਦਲੇ ਦੀ ਸਿਆਸਤ ਨਹੀਂ, ਇਨਸਾਫ਼ ਦੀ ਲੜਾਈ**: ਊਧਮ ਸਿੰਘ ਦੀ ਸਿਆਸਤ ਕਿਸੇ ਪਾਰਟੀ ਦੇ ਮੈਨੀਫੈਸਟੋ 'ਤੇ ਨਹੀਂ ਚੱਲਦੀ ਸੀ। ਉਸਦਾ ਇੱਕੋ-ਇੱਕ ਮਕਸਦ ਸੀ ਮਾਈਕਲ ਓਡਵਾਇਰ ਨੂੰ ਉਸਦੇ ਕੀਤੇ ਦੀ ਸਜ਼ਾ ਦੇਣਾ। ਇਸ ਮਕਸਦ ਲਈ ਉਹ ਅਫਰੀਕਾ, ਅਮਰੀਕਾ ਅਤੇ ਯੂਰਪ ਦੇ ਕਈ ਦੇਸ਼ਾਂ ਵਿੱਚ ਘੁੰਮਿਆ। ਉਸਨੇ ਕਈ ਨਾਮ ਬਦਲੇ, ਕਈ ਤਰ੍ਹਾਂ ਦੀਆਂ ਨੌਕਰੀਆਂ ਕੀਤੀਆਂ, ਪਰ ਆਪਣਾ ਨਿਸ਼ਾਨਾ ਨਹੀਂ ਬਦਲਿਆ। ਅੱਜ ਦੀ ਰਾਜਨੀਤੀ ਵਿੱਚ ਲੋਕ 21 ਦਿਨ ਵੀ ਆਪਣੇ ਵਾਅਦੇ 'ਤੇ ਨਹੀਂ ਟਿਕਦੇ ਪਰ ਊਧਮ ਸਿੰਘ 21 ਸਾਲਾਂ ਤੱਕ ਇੱਕੋ ਵਿਚਾਰਧਾਰਾ 'ਤੇ ਟਿਕਿਆ ਰਿਹਾ। ਜਦੋਂ 1940 ਵਿੱਚ ਲੰਡਨ ਦੇ ਕੈਕਸਟਨ ਹਾਲ ਵਿੱਚ ਉਸਨੇ ਓਡਵਾਇਰ ਨੂੰ ਗੋਲੀ ਮਾਰੀ ਤਾਂ ਉਹ ਭੱਜਿਆ ਨਹੀਂ। ਉਸਨੇ ਮਾਣ ਨਾਲ ਗ੍ਰਿਫ਼ਤਾਰੀ ਦਿੱਤੀ। ਅਦਾਲਤ ਵਿੱਚ ਜਦੋਂ ਉਸਨੂੰ ਉਸਦਾ ਨਾਂ ਪੁੱਛਿਆ ਗਿਆ ਤਾਂ ਉਸਨੇ ਕਿਹਾ ਰਾਮ ਮੁਹੰਮਦ ਸਿੰਘ ਆਜ਼ਾਦ। ਇਸ ਇੱਕ ਨਾਮ ਵਿੱਚ ਪੂਰੇ ਹਿੰਦੁਸਤਾਨ ਦੀ ਏਕਤਾ ਅਤੇ ਨਿਰਸਵਾਰਥ ਸਿਆਸਤ ਛੁਪੀ ਹੋਈ ਸੀ। ਉਹ ਦੱਸਣਾ ਚਾਹੁੰਦਾ ਸੀ ਕਿ ਆਜ਼ਾਦੀ ਦੀ ਲੜਾਈ ਵਿੱਚ ਧਰਮ ਕੋਈ ਰੁਕਾਵਟ ਨਹੀਂ ਸਗੋਂ ਇੱਕ ਤਾਕਤ ਹੈ। ਉਸਨੇ ਸਾਬਤ ਕੀਤਾ ਕਿ ਇੱਕ ਸੱਚਾ ਕ੍ਰਾਂਤੀਕਾਰੀ ਉਹ ਹੈ ਜੋ ਆਪਣੇ ਨਿੱਜੀ ਸੁੱਖਾਂ ਨੂੰ ਦੇਸ਼ ਦੇ ਸਵੈਮਾਨ ਲਈ ਕੁਰਬਾਨ ਕਰ ਦੇਵੇ।

13. **ਸਿਧਾਂਤਾਂ ਦੀ ਰਾਜਨੀਤੀ ਬਨਾਮ ਅੱਜ ਦਾ ਖੋਖਲਾਪਣ** : ਇਹਨਾਂ ਸ਼ਹੀਦਾਂ ਦੇ ਜੀਵਨ ਨੂੰ ਗਹਿਰਾਈ ਨਾਲ ਦੇਖੀਏ ਤਾਂ ਸਮਝ ਆਉਂਦਾ ਹੈ ਕਿ ਉਹਨਾਂ ਦੀ ਰਾਜਨੀਤੀ ਦਾ ਧੁਰਾ 'ਨੈਤਿਕਤਾ' ਸੀ। ਬਾਬਾ ਗੁਰਦਿੱਤ ਸਿੰਘ ਕੋਲ ਦੌਲਤ ਸੀ ਪਰ ਉਹਨਾਂ ਨੇ ਗੁਲਾਮਾਂ ਦੀ ਬਾਂਹ ਫੜੀ। ਊਧਮ ਸਿੰਘ ਕੋਲ ਜਵਾਨੀ ਸੀ ਪਰ ਉਸਨੇ ਉਹ ਜਵਾਨੀ ਲੰਡਨ ਦੀਆਂ ਜੇਲ੍ਹਾਂ ਦੇ ਲੇਖੇ ਲਾ ਦਿੱਤੀ। ਭਗਤ ਸਿੰਘ ਕੋਲ ਗਿਆਨ ਸੀ ਪਰ ਉਸਨੇ ਉਸ ਗਿਆਨ ਨੂੰ ਕੁਰਸੀ ਲੈਣ ਲਈ ਨਹੀਂ ਸਗੋਂ ਲੋਕਾਂ ਨੂੰ ਜਗਾਉਣ ਲਈ ਵਰਤਿਆ। ਅੱਜ ਜਦੋਂ ਅਸੀਂ ਸਿਆਸਤਦਾਨਾਂ ਨੂੰ ਇੱਕ ਪਾਰਟੀ ਤੋਂ ਦੂਜੀ ਪਾਰਟੀ ਵਿੱਚ ਜਾਂਦੇ ਦੇਖਦੇ ਹਾਂ ਤਾਂ ਮਨ ਵਿੱਚ ਸਵਾਲ ਉੱਠਦਾ ਹੈ ਕੀ ਸ਼ਹੀਦਾਂ ਨੇ ਇਸ ਦਿਨ ਲਈ ਖੂਨ ਵਹਾਇਆ ਸੀ? ਉਹਨਾਂ ਲੋਕਾਂ ਨੇ ਤਾਂ ਜੇਲ੍ਹ ਵਿੱਚ ਮਾੜਾ ਖਾਣਾ ਖਾ ਕੇ ਵੀ ਆਪਣੇ ਸਿਧਾਂਤ ਨਹੀਂ ਬਦਲੇ ਸਨ ਪਰ ਅੱਜ ਦੇ ਨੇਤਾ ਸਿਰਫ਼ ਇੱਕ ਮੰਤਰੀ ਦੇ ਅਹੁਦੇ ਲਈ ਆਪਣੀ ਵਿਚਾਰਧਾਰਾ ਨੂੰ ਅੱਗ ਲਗਾ ਦਿੰਦੇ ਹਨ।

14. **ਪੰਜਾਬ ਦੀ ਰਾਜਨੀਤਿਕ ਵਿਰਾਸਤ ਅਤੇ ਸਾਡੀ ਜ਼ਿੰਮੇਵਾਰੀ** : ਪੰਜਾਬ ਦੀ ਧਰਤੀ ਸ਼ਹੀਦਾਂ ਦੀ ਧਰਤੀ ਹੈ। ਇੱਥੋਂ ਦੀ ਰਾਜਨੀਤੀ ਵਿੱਚ ਹਮੇਸ਼ਾ 'ਧਰਮ' (ਕਰਤੱਵ) ਅਤੇ 'ਰਾਜ' ਦਾ ਸੁਮੇਲ ਰਿਹਾ ਹੈ। ਪਰ ਅੱਜ ਸਿਆਸਤ ਵਿੱਚੋਂ 'ਕਰਤੱਵ' ਗਾਇਬ ਹੋ ਰਿਹਾ ਹੈ ਅਤੇ ਸਿਰਫ਼ 'ਰਾਜ' (ਸੱਤਾ) ਬਾਕੀ ਰਹਿ ਗਿਆ ਹੈ। ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤੱਕ ਅਤੇ ਫਿਰ ਆਜ਼ਾਦੀ ਦੇ ਸੰਘਰਸ਼ ਤੱਕ ਪੰਜਾਬ ਨੇ ਹਮੇਸ਼ਾ ਦੁਨੀਆ ਨੂੰ ਨਿਰਸਵਾਰਥ ਹੋਣ ਦਾ ਪਾਠ ਪੜ੍ਹਾਇਆ ਹੈ। ਸਾਨੂੰ ਅੱਜ ਮੁੜ ਉਹਨਾਂ ਪੰਨਿਆਂ ਨੂੰ ਫਰੋਲਣ ਦੀ ਲੋੜ ਹੈ। ਸਾਨੂੰ ਆਪਣੇ ਬੱਚਿਆਂ ਨੂੰ ਇਹ ਦੱਸਣ ਦੀ ਲੋੜ ਹੈ ਕਿ ਆਜ਼ਾਦੀ ਸਿਰਫ਼ 15 ਅਗਸਤ ਨੂੰ ਪਤੰਗਾਂ ਉਡਾਉਣ ਦਾ ਨਾਂ ਨਹੀਂ ਹੈ ਸਗੋਂ ਇਹ ਉਹਨਾਂ ਚੁੱਪ ਚੀਖਾਂ ਦਾ ਮੁੱਲ ਹੈ ਜੋ ਕਾਲੇ ਪਾਣੀ ਦੀਆਂ ਕੰਧਾਂ ਵਿੱਚ ਦਫ਼ਨ ਹਨ। ਸਾਨੂੰ ਅਜਿਹੇ ਨੇਤਾਵਾਂ ਦੀ ਪਛਾਣ ਕਰਨੀ ਪਵੇਗੀ ਜੋ ਕੁਰਸੀ ਲਈ ਨਹੀਂ ਸਗੋਂ ਕੁਰਬਾਨੀ ਦੇ ਜਜ਼ਬੇ ਨਾਲ ਅੱਗੇ ਆਉਣ।

15. **ਇਤਿਹਾਸ ਦੀ ਅਵਾਜ਼** : ਇਹ ਲੇਖ ਕੋਈ ਸ਼ਬਦਾਂ ਦਾ ਜਾਲ ਨਹੀਂ ਸਗੋਂ ਇੱਕ ਦਰਦ ਹੈ। ਉਹ ਦਰਦ ਜੋ ਅੱਜ ਦੇ ਸਿਆਸੀ ਨਿਘਾਰ ਨੂੰ ਦੇਖ ਕੇ ਹਰ ਸੱਚੇ ਭਾਰਤੀ ਦੇ ਮਨ ਵਿੱਚ ਉੱਠਦਾ ਹੈ। ਆਜ਼ਾਦੀ ਦੇ ਪਰਵਾਨਿਆਂ ਨੇ ਸਾਨੂੰ ਇੱਕ ਬਹੁਤ ਹੀ ਕੀਮਤੀ ਤੋਹਫ਼ਾ ਦਿੱਤਾ ਸੀ ਪਰ ਅਸੀਂ ਉਸਦੀ ਕਦਰ ਕਰਨੀ ਭੁੱਲ ਗਏ ਹਾਂ। ਜੇਕਰ ਅਸੀਂ ਸੱਚਮੁੱਚ ਚਾਹੁੰਦੇ ਹਾਂ ਕਿ ਸਾਡੇ ਸ਼ਹੀਦਾਂ ਦੀਆਂ ਰੂਹਾਂ ਨੂੰ ਸਕੂਨ ਮਿਲੇ ਤਾਂ ਸਾਨੂੰ ਰਾਜਨੀਤੀ ਵਿੱਚੋਂ 'ਮੌਕਾਪ੍ਰਸਤੀ' ਦੇ ਇਸ ਕੋਹੜ ਨੂੰ ਕੱਢਣਾ ਪਵੇਗਾ। ਸਾਨੂੰ ਅਜਿਹਾ ਨਿਜ਼ਾਮ ਸਿਰਜਣਾ ਪਵੇਗਾ ਜਿੱਥੇ ਕੋਈ ਗੁਰਦਿੱਤ ਸਿੰਘ ਦੁਬਾਰਾ ਜਹਾਜ਼ ਕਿਰਾਏ 'ਤੇ ਲੈ ਕੇ ਆਪਣੇ ਹੱਕਾਂ ਲਈ ਨਾ ਭਟਕੇ ਅਤੇ ਕਿਸੇ ਊਧਮ ਸਿੰਘ ਨੂੰ ਇਨਸਾਫ਼ ਲਈ 21 ਸਾਲ ਉਡੀਕ ਨਾ ਕਰਨੀ ਪਵੇ। ਆਜ਼ਾਦੀ ਦੇ ਉਹਨਾਂ ਸੂਰਬੀਰਾਂ ਨੂੰ ਪ੍ਰਣਾਮ ਜਿਨ੍ਹਾਂ ਨੇ ਸਾਡੇ 'ਅੱਜ' ਲਈ ਆਪਣਾ 'ਕੱਲ੍ਹ' ਵਾਰ ਦਿੱਤਾ। ਉਹਨਾਂ ਦੀ ਨਿਰਸਵਾਰਥ ਰਾਜਨੀਤੀ ਹਮੇਸ਼ਾ ਸਾਡੇ ਲਈ ਮਾਰਗ-ਦਰਸ਼ਕ ਬਣੀ ਰਹੇਗੀ।

**ਵਿਰਾਸਤ ਨੂੰ ਸੰਭਾਲਣ ਦੀ ਲੋੜ** : ਆਜ਼ਾਦੀ ਦੀ ਲੜਾਈ ਦੀ ਇਹ ਦਾਸਤਾਨ ਸਾਨੂੰ ਇਹ ਸਿਖਾਉਂਦੀ ਹੈ ਕਿ ਕੋਈ ਵੀ ਦੇਸ਼ ਸਿਰਫ਼ ਸੜਕਾਂ ਜਾਂ ਇਮਾਰਤਾਂ ਨਾਲ ਮਹਾਨ ਨਹੀਂ ਬਣਦਾ ਬਲਕਿ ਆਪਣੇ ਨਾਗਰਿਕਾਂ ਅਤੇ ਨੇਤਾਵਾਂ ਦੇ ਕਿਰਦਾਰ ਨਾਲ ਮਹਾਨ ਬਣਦਾ ਹੈ। ਉਹਨਾਂ ਸੂਰਬੀਰਾਂ ਨੇ ਆਪਣਾ ਹਿੱਸਾ ਪਾ ਦਿੱਤਾ ਹੁਣ ਸਾਡੀ ਵਾਰੀ ਹੈ। ਸਾਨੂੰ ਉਸ ਨਿਰਸਵਾਰਥ ਸਿਆਸਤ ਦੀ ਲੋੜ ਹੈ, ਜਿੱਥੇ ਸੱਚਾਈ ਦੀ ਕਦਰ ਹੋਵੇ, ਜਿੱਥੇ ਗਰੀਬ ਦੀ ਸੁਣਵਾਈ ਹੋਵੇ ਅਤੇ ਜਿੱਥੇ ਦੇਸ਼ ਦਾ ਹਿੱਤ ਸਭ ਤੋਂ ਉੱਪਰ ਹੋਵੇ। ਆਜ਼ਾਦੀ ਦੇ ਉਹਨਾਂ ਪਰਵਾਨਿਆਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਅਸੀਂ ਉਹਨਾਂ ਦੇ ਸੁਪਨਿਆਂ ਦਾ ਭਾਰਤ ਬਣਾਈਏ ਇੱਕ ਅਜਿਹਾ ਭਾਰਤ, ਜਿੱਥੇ ਹਰ ਕੋਈ ਸਿਰ ਉੱਚਾ ਕਰਕੇ ਜੀਅ ਸਕੇ।

# ਕਾਰ ਦੀ ਲਪੇਟ 'ਚ ਆਏ ਮੋਟਰਸਾਈਕਲ ਸਵਾਰ ਦੀ ਮੌਤ

ਟਾਂਡਾ ਉੜਮੁੜ, 11 ਫਰਵਰੀ (ਅਰਜੁਨ ਜੈਨ): ਹਾਈਵੇ 'ਤੇ ਦਾਰਾਪੁਰ ਬਾਈਪਾਸ ਨੇੜੇ ਅੱਜ ਸ਼ਾਮ ਇੱਕ ਸਫਾਰੀ ਗੱਡੀ ਦੀ ਲਪੇਟ 'ਚ ਆਉਣ ਕਾਰਨ ਮੋਟਰਸਾਈਕਲ ਸਵਾਰ ਦੀ ਮੌਤ ਹੋ ਗਈ। ਜੋ ਪਿੰਡਾਂ ਵਿੱਚ ਫੇਰੀ ਲਗਾ ਕੇ ਕੱਪੜੇ ਵੇਚਣ ਦਾ ਕੰਮ ਕਰਦਾ ਸੀ।ਹਾਦਸਾ ਸ਼ਾਮ ਉਸ ਵੇਲੇ ਵਾਪਰਿਆ ਜਦੋਂ ਮੋਟਰਸਾਈਕਲ ਸਵਾਰ ਮਨਦੀਪ ਕੁਮਾਰ ਪੁੱਤਰ ਤਰਸੇਮ ਲਾਲ ਵਾਸੀ ਘੋਗਰਾ ਤੇਜ਼ ਰਫਤਾਰ ਸਫਾਰੀ ਗੱਡੀ ਦੀ ਲਪੇਟ ਵਿੱਚ ਆ ਗਿਆ। ਦੱਸਿਆ ਜਾ ਰਿਹਾ ਕਿ ਟੱਕਰ ਤੋਂ ਬਾਅਦ ਗੱਡੀ ਉਸ ਨੂੰ ਲਗਭਗ 200 ਮੀਟਰ ਦੂਰੀ ਤੱਕ ਘਸੀਟਦੇ ਹੋਏ ਲੈ ਗਈ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਸੜਕ ਸੁਰੱਖਿਆ ਫੋਰਸ ਦੇ ਥਾਣੇਦਾਰ ਜਸਵਿੰਦਰ ਸਿੰਘ, ਕਾਂਸਟੇਬਲ ਲਾਂਬਾ ਤੇ ਰੁਚਿਕਾ ਡਡਵਾਲ ਦੀ ਮਦਦ ਦੇ ਨਾਲ ਟਾਂਡਾ ਪੁਲਿਸ ਨੇ ਟੱਕਰ ਮਾਰਨ ਵਾਲੀ ਗੱਡੀ ਨੂੰ ਕਬਜ਼ੇ ਵਿਚ ਲੈ ਕੇ ਉਸ ਦੇ ਚਾਲਕ ਦੀ ਭਾਲ ਸ਼ੁਰੂ ਕੀਤੀ ਹੈ। ਟਾਂਡਾ ਪੁਲਿਸ ਦੇ ਏ.ਐਸ.ਆਈ. ਜਗਦੀਪ ਸਿੰਘ ਹਾਦਸੇ ਦੀ ਜਾਂਚ ਕਰ ਰਹੇ ਹਨ।ਪਤਾ ਲਗਾਇਆ ਜਾ ਰਿਹਾ ਹੈ ਕਿ ਹਾਦਸਾ ਕਿਨ੍ਹਾਂ ਹਲਾਤਾਂ 'ਚ ਵਾਪਰਿਆ ਹੈ।



# ਪਾਕਿਸਤਾਨ ਸਰਕਾਰ ਤੋਂ ਆਜ਼ਾਦੀ ਦੀ ਮੰਗ ਕਰ ਰਹੇ ਸੂਬਾ ਬਲੋਚਿਸਤਾਨ 'ਚ ਜੰਗ ਵਰਗੇ ਹਾਲਾਤ ਬਣੇ

ਅੰਮ੍ਰਿਤਸਰ, 11 ਫਰਵਰੀ (ਗੁਰਦਿਆਲ ਸਿੰਘ): ਪਾਕਿਸਤਾਨ ਸਰਕਾਰ ਤੋਂ ਆਜ਼ਾਦੀ ਦੀ ਮੰਗ ਕਰ ਰਹੇ ਸੂਬਾ ਬਲੋਚਿਸਤਾਨ ਵਿੱਚ ਜੰਗ ਵਰਗੇ ਹਾਲਾਤ ਬਣ ਚੁੱਕੇ ਹਨ।ਪਾਕਿਸਤਾਨੀ ਫ਼ੌਜ ਵੱਲੋਂ ਬਲੋਚਾਂ 'ਤੇ ਟੈਂਕਾਂ, ਡਰੋਨਾਂ ਤੇ ਤੋਪਖ਼ਾਨੇ ਰਾਹੀਂ ਭਾਰੀ ਧਮਾਕੇ, ਘੱਟ ਗਿਣਤੀਆਂ 'ਤੇ ਜ਼ੁਲਮ ਕਰਨ ਵਾਲੀ ਪਾਕਿ ਸਰਕਾਰ ਨੂੰ ਭਾਰਤ ਦੀ ਆਲੋਚਨਾ ਕਰਨ ਦਾ ਕੋਈ ਹੱਕ ਨਹੀਂ ਕਰਨ ਦੇ ਨਾਲ-ਨਾਲ ਸੂਬੇ ਦੇ ਬਹੁਤ ਸਾਰੇ ਖੇਤਰਾਂ 'ਚ ਹਵਾਈ ਹਮਲੇ ਵੀ ਕੀਤੇ ਜਾ ਰਹੇ ਹਨ।ਫ਼ੌਜ ਨੇ ਭਾਰੀ ਬੰਬਾਰੀ ਕਰਕੇ ਅਹਿਮਦਵਾਲ ਜ਼ਿਲ੍ਹੇ ਦੇ ਨੋਸ਼ਕੀ ਕਸਬੇ ਦੇ ਕਈ ਪਿੰਡਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ।ਪਾਕਿਸਤਾਨੀ ਸੁਰੱਖਿਆ ਬਲਾਂ ਨੇ ਨੋਸ਼ਕੀ 'ਚ ਚੱਲ ਰਹੇ ਕਰਫ਼ਿਊ ਤੇ ਸੁਰੱਖਿਆ ਕਾਰਵਾਈ ਦੌਰਾਨ ਬਸ਼ੀਰ ਜ਼ੇਬ ਬਲੋਚ ਦੇ ਜੱਦੀ ਘਰ ਨੂੰ ਢਾਹੁਣ ਦੀ ਆੜ 'ਚ ਉਥੇ ਦਰਜਨਾਂ ਘਰਾਂ 'ਤੇ ਹਵਾਈ ਹਮਲੇ ਕਰਕੇ ਉਨ੍ਹਾਂ ਨੂੰ ਜ਼ਮੀਨਦੋਜ਼ ਕਰ ਦਿੱਤਾ। ਬਸ਼ੀਰ ਜ਼ੇਬ ਨੂੰ ਬਲੋਚ ਲਿਬਰੇਸ਼ਨ ਆਰਮੀ (ਬੀ.ਐਲ.ਏ.) ਦਾ ਆਗੂ ਦੱਸਿਆ ਜਾ ਰਿਹਾ ਹੈ।ਇਸ ਬਾਰੇ ਜਾਰੀ ਰਿਪੋਰਟਾਂ 'ਚ ਕਿਹਾ ਕਿ ਸੁਰੱਖਿਆ ਬਲ ਕਈ ਦੇ ਸਖ਼ਤ ਸੁਰੱਖਿਆ ਉਪਾਵਾਂ ਤੋਂ ਬਾਅਦ ਬਕਤਰਬੰਦ ਵਾਹਨਾਂ ਤੇ ਟੈਂਕਾਂ ਨਾਲ ਨੋਸ਼ਕੀ 'ਚ ਦਾਖਲ ਹੋਏ।ਸ਼ਹਿਰ ਭਰ 'ਚ ਕਰਫ਼ਿਊ ਲਗਾ ਦਿੱਤਾ ਗਿਆ ਤੇ ਅਧਿਕਾਰੀਆਂ ਨੇ ਦੁਕਾਨਾਂ ਬੰਦ ਰੱਖਣ ਦੇ ਆਦੇਸ਼ ਦਿੱਤੇ।ਇਸ ਦੇ ਨਾਲ ਹੀ ਵਸਨੀਕਾਂ ਨੂੰ ਕਾਰਵਾਈ ਜਾਰੀ ਰਹਿਣ ਦੌਰਾਨ ਘਰ ਦੇ ਅੰਦਰ ਰਹਿਣ ਦੀ ਹਦਾਇਤ ਕੀਤੀ ਗਈ ਹੈ। ਸੁਰੱਖਿਆ ਬਲਾਂ ਨੇ ਅਹਿਮਦਵਾਲ ਖੇਤਰ 'ਚ ਵੀ ਦਰਜਨਾਂ ਘਰਾਂ ਨੂੰ ਵਿਸਫੋਟਕਾਂ ਦੀ ਵਰਤੋਂ ਕਰਕੇ ਤਬਾਹ ਕਰ ਦਿੱਤਾ। ਬਲੋਚ ਨੇਤਾਵਾਂ ਨੇ ਦੱਸਿਆ ਕਿ ਦਹਿਸ਼ਤ ਤੇ ਸਮੂਹਿਕ ਸਜ਼ਾ ਦੀਆਂ ਇਹ ਕਾਰਵਾਈਆਂ ਉਨ੍ਹਾਂ ਲੋਕਾਂ ਵਿਰੁੱਧ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਪਾਕਿ ਦੇ ਬਲੋਚਿਸਤਾਨ 'ਤੇ ਗੈਰ-ਕਾਨੂੰਨੀ ਕਬਜ਼ੇ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ।ਉਨ੍ਹਾਂ ਨਾਲ ਹੀ ਇਹ ਚਿਤਾਵਨੀ ਵੀ ਦਿੱਤੀ ਕਿ ਬਲੋਚ ਧਰਤੀ 'ਤੇ ਪਾਕਿਸਤਾਨੀ ਫ਼ੌਜ ਦੇ ਅਜਿਹੇ ਅਪਰਾਧ ਕਦੇ ਵੀ ਬਰਦਾਸ਼ਤ ਨਹੀਂ ਕੀਤੇ ਜਾਣਗੇ।ਬਲੋਚ ਆਗੂ ਮੀਰ ਯਾਰ ਬਲੋਚ ਨੇ ਇਸ ਬਾਰੇ ਜਾਰੀ ਬਿਆਨ 'ਚ ਕਿਹਾ ਕਿ ਪਾਕਿ ਬਲੋਚਿਸਤਾਨ 'ਚ ਅਜਿਹੀਆਂ ਜੰਗੀ ਕਾਰਵਾਈਆਂ ਨਾਲ ਆਪਣੇ ਆਪ ਨੂੰ ਇਕ ਅੱਤਵਾਦੀ ਰਾਜ ਵਜੋਂ ਪ੍ਰਗਟ ਕਰ ਰਿਹਾ ਹੈ, ਉਸ ਨੇ ਸੂਬੇ 'ਚ ਆਪਣੀ ਜਾਇਜ਼ਤਾ, ਅਧਿਕਾਰ ਤੇ ਨਿਯੰਤਰਨ ਪੂਰੀ ਤਰ੍ਹਾਂ ਗੁਆ ਦਿੱਤਾ ਹੈ।ਬਲੋਚ ਨੇ ਕਿਹਾ ਕਿ ਬੀ.ਐਲ.ਏ. ਨੇ ਮੁਸਤੰਗ, ਪੰਜਗੁਰ ਤੇ ਹੋਰ ਖੇਤਰਾਂ 'ਚ ਆਪਣੀ ਰਾਜਨੀਤਿਕ, ਨੈਤਿਕ ਤੇ ਫ਼ੌਜੀ ਹਾਰ ਨੂੰ ਸਵੀਕਾਰ ਕਰਨ ਦੀ ਬਜਾਏ ਪਾਕਿ ਫ਼ੌਜ ਬੇਰਹਿਮੀ ਨਾਲ ਬਲ ਦਾ ਸਹਾਰਾ ਲੈ ਰਹੀ ਹੈ। ਬਲੋਚਿਸਤਾਨ ਦੇ ਵੱਖਵਾਦੀ ਨੇਤਾ ਮੀਰ ਯਾਰ ਬਲੋਚ ਨੇ ਪਾਕਿ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਤੇ ਫ਼ੌਜ ਮੁਖੀ ਆਸਿਮ ਮੁਨੀਰ ਨੂੰ ਸ਼ੀਸ਼ਾ ਵਿਖਾਉਂਦਿਆਂ ਕਿਹਾ ਕਿ ਬਲੋਚਿਸਤਾਨ 'ਚ ਵੱਡੀ ਗਿਣਤੀ ਵਿਚ ਮਸਜਿਦਾਂ ਨੂੰ ਢਾਹ ਦੇਣ ਵਾਲੀ ਪਾਕਿਸਤਾਨੀ ਫ਼ੌਜ ਤੇ ਘੱਟ ਗਿਣਤੀਆਂ 'ਤੇ ਜ਼ੁਲਮ ਕਰਨ ਵਾਲੀ ਪਾਕਿਸਤਾਨੀ ਸਰਕਾਰ ਨੂੰ ਭਾਰਤ ਦੀ ਆਲੋਚਨਾ ਕਰਨ ਦਾ ਕੋਈ ਹੱਕ ਨਹੀਂ ਹੈ।



# ਸੜਕ ਹਾਦਸੇ 'ਚ ਤਿੰਨ ਨੌਜਵਾਨਾਂ ਦੀ ਮੌਤ

ਫਗਵਾੜਾ, 11 ਫਰਵਰੀ (ਚ.ਨ.ਸ): ਜਲੰਧਰ-ਲੁਧਿਆਣਾ ਰਾਸ਼ਟਰੀ ਰਾਜਮਾਰਗ 'ਤੇ ਫਗਵਾੜਾ ਦੇ ਚਾਚੋਕੀ ਨੇੜੇ ਮੰਗਲਵਾਰ ਨੂੰ ਇੱਕ ਕਾਰ ਬੇਕਾਬੂ ਹੋ ਕੇ ਡਿਵਾਈਡਰ ਨਾਲ ਟਕਰਾਉਣ ਮਗਰੋਂ ਦੂਜੇ ਪਾਸੇ ਆ ਰਹੇ ਟਾਟਾ 407 ਕੈਂਟਰ ਨਾਲ ਟਕਰਾ ਗਈ। ਹਾਦਸੇ 'ਚ ਕਾਰ ਸਵਾਰ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ, ਜਦਕਿ ਕੈਂਟਰ ਡਰਾਈਵਰ ਜ਼ਖ਼ਮੀ ਹੋ ਗਿਆ। ਹਾਦਸਾ ਇੰਨਾ ਜ਼ਬਰਦਸਤ ਸੀ ਕਿ ਕਾਰ ਪੂਰੀ ਤਰ੍ਹਾਂ ਤਬਾਹ ਹੋ ਗਈ ਤੇ ਕੈਂਟਰ ਦਾ ਵੀ ਕਾਫ਼ੀ ਨੁਕਸਾਨ ਹੋਇਆ। ਸਾਹਿਲ ਮੁਹੰਮਦ (23) ਪੁੱਤਰ ਕਸ਼ਮੀਰ ਮੁਹੰਮਦ, ਦਲਜੀਤ ਭੱਟੀ (20) ਪੁੱਤਰ ਅਵਤਾਰ ਚੰਦ ਤੇ ਅਵਤਾਰ ਮਹਿਮੀ (17) ਪੁੱਤਰ ਦੇਸ ਰਾਜ ਮਹਿਮੀ, ਤਿੰਨੇ ਵਾਸੀ ਮੁਠੱਡਾ ਕਲਾਂ, ਥਾਣਾ ਫਿਲੌਰ ਕਾਰ 'ਚ ਸਵਾਰ ਹੋ ਕੇ ਫਗਵਾੜ ਤੋਂ ਗੋਰਾਇਆ ਵੱਲ ਜਾ ਰਹੇ ਸਨ। ਤਿੰਨੇ ਐਲਪੀਯੂ, ਫਗਵਾੜਾ ਦੇ ਵਿਦਿਆਰਥੀ ਦੱਸੇ ਜਾ ਰਹੇ ਹਨ।ਜਦੋਂ ਇਨ੍ਹਾਂ ਦੀ ਕਾਰ ਚਾਚੋਕੀ ਨੇੜੇ ਪੁੱਜੀ ਤਾਂ ਬੇਕਾਬੂ ਹੋ ਕੇ ਫਗਵਾੜਾ-ਗੁਰਾਇਆ ਮਾਰਗ 'ਤੇ ਡਿਵਾਈਡਰ ਨਾਲ ਟਕਰਾ ਕੇ ਕਾਰ ਦੂਜੇ ਪਾਸੇ ਕੈਂਟਰ 'ਚ ਵੱਜੀ। ਡਿਵਾਈਡਰ ਨਾਲ ਟਕਰਾਉਣ ਮਗਰੋਂ ਉਛਲ ਕੇ ਦੂਜੇ ਪਾਸੇ ਲੁਧਿਆਣਾ ਵੱਲੋਂ ਆ ਰਹੇ ਟਾਟਾ 407 ਕੈਂਟਰ ਨਾਲ ਟਕਰਾ ਗਈ। ਦੂਜੇ ਪਾਸੇ ਟਰੱਕ ਡਰਾਈਵਰ, ਵਿਜੇ ਕੁਮਾਰ ਵਾਸੀ ਲਾਡੋਵਾਲ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।ਕਾਰ ਸਵਾਰ ਫਿਲੌਰ ਵਾਸੀ ਤਿੰਨਾਂ ਨੌਜਵਾਨਾਂ ਦੀ ਮੌਕੇ 'ਤੇ ਮੌਤ, ਕੈਂਟਰ ਡਰਾਈਵਰ ਦੀ ਵੀ ਲੱਤ ਟੁੱਟ ਗਈ। ਉਸਨੂੰ ਇਲਾਜ ਲਈ ਫਗਵਾੜਾ ਸਿਵਲ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਹਾਦਸੇ ਕਾਰਨ ਹਾਈਵੇਅ 'ਤੇ ਭਾਰੀ ਟ੍ਰੈਫਿਕ ਜਾਮ ਲੱਗ ਗਿਆ। ਸੈਂਕੜੇ ਵਾਹਨ ਜਾਮ 'ਚ ਫਸ ਗਏ। ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜੀ ਪੁਲਿਸ ਤੇ ਐਸਐਸਐਫ ਦੀਆਂ ਟੀਮਾਂ ਨੇ ਲਾਸ਼ਾਂ ਚੁੱਕ ਕੇ ਹਸਪਤਾਲ ਭੇਜੀਆਂ।

# ਸਿੱਖਜ਼ ਇਨ ਅਮਰੀਕਾ ਦੀ ਪਹਿਲਕਦਮੀ ਨਾਲ ਪਾਕਿ 'ਚ ਉਦਾਸੀਨ ਸੰਤ ਦਰਬਾਰ ਦੀ ਨਵਉਸਾਰੀ ਸ਼ੁਰੂ

ਅੰਮ੍ਰਿਤਸਰ, 11 ਫਰਵਰੀ (ਗੁਰਦਿਆਲ ਸਿੰਘ): ਪਾਕਿਸਤਾਨ ਦੇ ਜ਼ਿਲ੍ਹਾ ਓਕਾੜਾ ਦੀ ਤਹਿਸੀਲ ਦੀਪਾਲਪੁਰ ਵਿਖੇ ਖੰਡਰ 'ਚ ਤਬਦੀਲ ਹੋ ਚੁੱਕੇ ਦਰਬਾਰ ਬਾਬਾ ਭੂਮਨ ਸ਼ਾਹ ਤੇ ਉਸ ਅੰਦਰ ਮੌਜੂਦ ਲਈ ਇਤਿਹਾਸਕ ਸਮਾਧਾਂ ਨੂੰ ਸੁਰੱਖਿਅਤ ਕਰਨ ਸਿੱਖਜ਼ ਇਨ ਅਮਰੀਕਾ ਜਥੇਬੰਦੀ ਵੱਲੋਂ ਇਤਿਹਾਸਕ ਸਮਾਰਕ ਦੀ ਪਹਿਲਕਦਮੀ 'ਤੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਵੱਲੋਂ ਨਵਉਸਾਰੀ ਸ਼ੁਰੂ ਕਰ ਦਿੱਤੀ ਗਈ ਹੈ।ਜਥੇਬੰਦੀ ਦੇ ਸੰਸਥਾਪਕ ਤੇ ਪ੍ਰਧਾਨ ਡਾ. ਗੁਰਿੰਦਰ ਪਾਲ ਸਿੰਘ ਜੋਸਨ ਨੇ ਨਵਉਸਾਰੀ ਦਾ ਰਸਮੀ ਉਦਘਾਟਨ ਕਰਨ ਉਪਰੰਤ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਬਾਬਾ ਭੂਮਨ ਸ਼ਾਹ ਦੀ ਗਿਣਤੀ ਭਾਰਤ ਦੇ ਪ੍ਰਮੁੱਖ ਉਦਾਸੀਨ ਸੰਤਾਂ 'ਚ ਕੀਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਦੂਰੋਂ ਵੇਖਣ 'ਤੇ ਕਿਸੇ ਕਿਲ੍ਹੇ ਵਾਂਗ ਪ੍ਰਤੀਤ ਹੁੰਦੀ ਡੇਰੇ ਦੀ ਇਮਾਰਤ ਕਾਫੀ ਵਿਸ਼ਾਲ ਹੈ ਤੇ ਇਸ ਦੇ ਪ੍ਰਮੁੱਖ ਪ੍ਰਵੇਸ਼ ਦੁਆਰ 'ਤੇ ਗੁਰਮੁਖੀ 'ਚ ਦਰਬਾਰ ਬਾਬਾ ਭੂਮਨ ਸ਼ਾਹ ਸਾਹਿਬ ਜੀ ਲਿਖਿਆ ਹੋਇਆ ਹੈ।ਇਸ ਦੇ ਅੰਦਰ ਹੀ ਬਾਬਾ ਬੰਦ ਜੀ ਦਾ ਵੱਡਾ ਦਰਬਾਰ, ਕਈ ਉਦਾਸੀਨ ਤੇ ਦੂਜੇ ਮਹੰਤਾਂ ਦੀਆਂ ਸਮਾਧਾਂ ਤੇ ਬਹੁਤ ਵੱਡੀ ਸਰਾਂ ਅੱਜ ਵੀ ਮੌਜੂਦ ਹੈ। ਉਨ੍ਹਾਂ ਨੇ ਦੱਸਿਆ ਕਿ ਦਰਬਾਰ 'ਚ ਹਰ ਜਗ੍ਹਾ ਤੇ ਖ਼ਾਸ ਤੌਰ 'ਤੇ ਕੰਧਾਂ ਉਪਰ ਪੰਛੀਆਂ, ਉਦਾਸੀਨ ਸੰਤਾਂ ਤੇ ਹਿੰਦੂ ਦੇਵੀ-ਦੇਵਤਿਆਂ ਦੇ ਬੇਸ਼ੁਮਾਰ ਤੇਲ ਕੰਧ ਚਿੱਤਰ ਬਣੇ ਹੋਏ ਹਨ, ਪਰ ਰੱਖ-ਰਖਾਅ ਦੀ ਘਾਟ ਕਾਰਨ ਇਹ ਖ਼ਤਮ ਹੋ ਰਹੇ ਹਨ।ਅੰਦਰ ਪ੍ਰਮੁੱਖ ਭਵਨ 'ਚ ਲੱਗੀ ਪੱਥਰ ਦੀ ਸਿਲ 'ਤੇ ਦੇਵਨਾਗਰੀ ਤੇ ਸ਼ਾਹਮੁਖੀ 'ਚ ਦਰਜ ਇਬਾਰਤ ਮੁਤਾਬਿਕ ਸ੍ਰੀਮਾਨ ਕਵਰ ਚੰਦਰ ਦਾਸ ਨੇ ਸੰਮਤ 1996 (ਸੰਨ 1939) 'ਚ ਇਸ ਅਸਥਾਨ ਦੀ ਨਵਉਸਾਰੀ ਕਰਵਾਈ। ਪ੍ਰਾਰਥਨਾ ਹਾਲ ਦੀ ਉਸਾਰੀ ਸੰਨ 1910 'ਚ ਕਰਵਾਈ ਗਈ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਡੇਰੇ ਸਮੇਤ ਇਸ ਅਸਥਾਨ ਦੇ ਦੋ ਸਮਾਰਕਾਂ ਨੂੰ ਪੁਰਾਤਤਵ ਵਿਭਾਗ ਪਾਕਿਸਤਾਨ ਦੁਆਰਾ ਐਕਟੈ 1974 ਅਧੀਨ ਸੁਰੱਖਿਅਤ ਸਮਾਰਕ ਦਾ ਦਰਜਾ ਦਿੱਤਾ ਗਿਆ ਹੈ।



# ਡੈਨਮਾਰਕ ਦੁਨੀਆਂ ਦਾ ਸਭ ਤੋਂ ਘੱਟ ਭ੍ਰਿਸ਼ਟ ਦੇਸ਼

## ☛ਸੋਮਾਲੀਆ ਤੇ ਦੱਖਣੀ ਸੁਡਾਨ ਸਭ ਤੋਂ ਭ੍ਰਿਸ਼ਟ ਮੁਲਕ

ਬਰਲਿਨ, 11 ਫਰਵਰੀ (ਚ.ਨ.ਸ): ਟਰਾਂਸਪੇਰੈਂਸੀ ਇੰਟਰਨੈਸ਼ਨਲ ਨੇ ਵਿਸ਼ਵ ਭਰ ਵਿੱਚ ਭ੍ਰਿਸ਼ਟਾਚਾਰ ਦੀ ਸਥਿਤੀ ਨੂੰ ਬਿਆਨ ਕਰਦਾ ਭ੍ਰਿਸ਼ਟਾਚਾਰ ਧਾਰਨਾ ਸੂਚਕ ਅੰਕ (ਸੀਪੀਆਈ)-2025 ਜਾਰੀ ਕੀਤਾ ਹੈ ਜੋ ਦੁਨੀਆਂ ਭਰ ਦੇ ਲੋਕਤੰਤਰੀ ਦੇਸ਼ਾਂ ਵਿੱਚ ਭ੍ਰਿਸ਼ਟਾਚਾਰ ਵਧਣ ਵੱਲ ਇਸ਼ਾਰਾ ਕਰਦਾ ਹੈ।ਰਿਪੋਰਟ ਮੁਤਾਬਿਕ 100 'ਚੋਂ 89 ਅੰਕ ਲੈ ਕੇ ਡੈਨਮਾਰਕ ਦੁਨੀਆਂ ਦਾ ਸਭ ਤੋਂ ਘੱਟ ਭ੍ਰਿਸ਼ਟ ਦੇਸ਼ ਰਿਹਾ। ਇਸ ਤੋਂ ਬਾਅਦ ਫਿਨਲੈਂਡ ਤੇ ਸਿੰਗਾਪੁਰ ਦਾ ਨੰਬਰ ਆਉਂਦਾ ਹੈ।ਦੂਜੇ ਪਾਸੇ, ਸੋਮਾਲੀਆ ਤੇ ਦੱਖਣੀ ਸੁਡਾਨ ਮਹਿਜ਼ 9-9 ਅੰਕਾਂ ਨਾਲ ਸੂਚੀ ਵਿੱਚ ਸਭ ਤੋਂ ਹੇਠਾਂ ਹਨ। ਵੈਨੇਜ਼ੁਏਲਾ ਦੀ ਹਾਲਤ ਵੀ ਕਾਫੀ ਖਰਾਬ ਹੈ।ਸੂਚਕ ਅੰਕ ਅਨੁਸਾਰ ਦੁਨੀਆਂ ਦੇ ਜ਼ਿਆਦਾਤਰ ਦੇਸ਼ ਭ੍ਰਿਸ਼ਟਾਚਾਰ ਨਾਲ ਨਜਿੱਠਣ ਵਿੱਚ ਨਾਕਾਮ ਰਹੇ ਹਨ।ਸਰਵੇਖਣ ਵਾਲੇ 182 'ਚੋਂ 122 ਮੁਲਕਾਂ ਦਾ ਸਕੋਰ 50 ਤੋਂ ਵੀ ਘੱਟ ਹੈ। ਨਿਊਜ਼ੀਲੈਂਡ, ਕੈਨੇਡਾ, ਬਰਤਾਨੀਆ 5 ਤੇ ਫਰਾਂਸ ਵਰਗੇ ਵਿਕਸਿਤ ਲੋਕਤੰਤਰਾਂ 5 ਦੇ ਅੰਕਾਂ ਵਿੱਚ ਵੀ ਗਿਰਾਵਟ ਦਰਜ ਕੀਤੀ ਗਈ ਹੈ। ਰਿਪੋਰਟ ਵਿੱਚ ਅਮਰੀਕਾ ਦੀ ਸਥਿਤੀ ਬਾਰੇ ਗੰਭੀਰ ਚਿੰਤਾ ਜਤਾਈ ਗਈ ਹੈ।ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੇ ਪਹਿਲੇ ਸਾਲ ਦੌਰਾਨ ਅਮਰੀਕਾ ਦੇ ਅੰਕ ਘੱਟ ਕੇ 64 ਰਹਿ ਗਏ ਹਨ। ਰੂਸ 22 ਅੰਕਾਂ ਨਾਲ ਬੇਹੱਦ ਭ੍ਰਿਸ਼ਟ ਮੁਲਕਾਂ ਦੀ ਸੂਚੀ ਵਿੱਚ ਬਰਕਰਾਰ ਹੈ।ਭਾਰਤ ਪੱਤਰਕਾਰਾਂ ਲਈ ਖ਼ਤਰਨਾਕ ਦੇਸ਼ਾਂ ਦੀ ਸੂਚੀ 'ਚ: ਬਰਲਿਨ ਦੀ ਸੰਸਥਾ ਟ੍ਰਾਂਸਪੇਰੈਂਸੀ ਇੰਟਰਨੈਸ਼ਨਲ ਵੱਲੋਂ ਅੱਜ ਜਾਰੀ ਕੀਤੀ ਗਈ ਭ੍ਰਿਸ਼ਟਾਚਾਰ ਧਾਰਨਾ ਸੂਚੀ (ਸੀਪੀਆਈ) 2025 ਵਿੱਚ ਭਾਰਤ ਦੀ ਸਥਿਤੀ ਵਿੱਚ ਕੁਝ ਸੁਧਾਰ ਹੋਇਆ ਹੈ। ਭਾਰਤ 182 ਮੁਲਕਾਂ 'ਚੋਂ 91ਵੇਂ ਨੰਬਰ 'ਤੇ ਪਹੁੰਚ ਗਿਆ ਹੈ।ਪਿਛਲੇ ਸਾਲ ਇਹ 96ਵੇਂ ਸਥਾਨ 'ਤੇ ਸੀ। ਅੰਕ ਵੀ ਪਿਛਲੇ ਸਾਲ ਨਾਲੋਂ ਇੱਕ ਅੰਕ ਵੱਧ ਕੇ 39 ਹੋ ਗਏ ਹਨ, ਹਾਲਾਂਕਿ ਭਾਰਤ ਦਾ ਜ਼ਿਕਰ ਉਨ੍ਹਾਂ ਮੁਲਕਾਂ ਵਿੱਚ ਕੀਤਾ ਗਿਆ ਹੈ ਜੋ ਭ੍ਰਿਸ਼ਟਾਚਾਰ ਬਾਰੇ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ਲਈ ਖ਼ਤਰਨਾਕ ਹਨ। ਸਾਲ 2012 ਤੋਂ ਹੁਣ ਤੱਕ ਗੈਰ-ਜੰਗੀ ਖੇਤਰਾਂ ਵਿੱਚ 829 ਪੱਤਰਕਾਰਾਂ ਦੇ ਕਤਲ ਹੋ ਚੁੱਕੇ ਹਨ।



# ਪ੍ਰਹਾਰ-2 ਤਹਿਤ ਡੀਐਸਪੀ ਨੇ ਚੈਕਿੰਗ ਅਭਿਆਨ ਚਲਾਇਆ



ਫਤਹਿਗੜ੍ਹ ਚੂੜੀਆਂ, 11 ਫਰਵਰੀ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਪੰਜਾਬ ਪੁਲਿਸ ਵੱਲੋਂ ਚਲਾਏ ਜਾ ਰਹੇ ਪ੍ਰਹਾਰ-2 ਮੁਹਿੰਮ ਤਹਿਤ ਐਸਐਸਪੀ ਬਟਾਲਾ ਦੇ ਦਿਸ਼ਾ-ਨਿਰਦੇਸ਼ ਹੇਠ ਡੀ.ਐਸ.ਪੀ. ਰਾਜੇਸ਼ ਕੱਕੜ ਤੇ ਥਾਣਾ ਮੁਖੀ ਸੁਰਿੰਦਰ ਪਾਲ ਸਿੰਘ ਫਤਹਿਗੜ੍ਹ ਚੂੜੀਆਂ ਦੀ ਅਗਵਾਈ ਹੇਠ ਇਲਾਕੇ ਵਿੱਚ ਵਿਸ਼ੇਸ਼ ਚੈਕਿੰਗ ਅਭਿਆਨ ਚਲਾਇਆ ਗਿਆ।ਇਸ ਦੌਰਾਨ ਸਥਾਨਕ ਬੱਸ ਅੱਡੇ 'ਤੇ ਆਉਣ-ਜਾਣ ਵਾਲੀਆਂ ਬੱਸਾਂ ਦੀ ਗਹਿਰਾਈ ਨਾਲ ਜਾਂਚ ਕੀਤੀ ਗਈ ਤੇ ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਲਈ ਗਈ ਤਾਂ ਜੋ ਕਾਨੂੰਨ-ਵਿਵਸਥਾ ਨੂੰ ਮਜ਼ਬੂਤ ਬਣਾਇਆ ਜਾ ਸਕੇ।ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਅਜਿਹੇ ਅਭਿਆਨਾਂ ਦਾ ਮਕਸਦ ਅਪਰਾਧਕ ਗਤੀਵਿਧੀਆਂ 'ਤੇ ਨਿਗਰਾਨੀ ਰੱਖਣਾ ਤੇ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨਾ ਹੈ।ਉਨ੍ਹਾਂ ਨੇ ਆਮ ਜਨਤਾ ਨੂੰ ਅਪੀਲ ਕੀਤੀ ਕਿ ਕਿਸੇ ਵੀ ਸ਼ੱਕੀ ਹਲਚਲ ਬਾਰੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਜਾਵੇ।ਡੀਐਸਪੀ ਫਤਹਿਗੜ੍ਹ ਚੂੜੀਆਂ ਤੇ ਐਸਐਚਓ ਸੁਰਿੰਦਰ ਪਾਲ ਸਿੰਘ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਕਿ ਕੋਈ ਵੀ ਨਸ਼ਾ ਕਰਦਾ ਜਾਂ ਵੇਚਦਾ ਹੋਵੇ ਉਸ ਦੀ ਤਲਾਹ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ।ਪ੍ਰਹਾਰ-2 ਤਹਿਤ ਫਤਹਿਗੜ੍ਹ ਚੂੜੀਆਂ ਥਾਣੇ ਦੇ ਪੁਲਿਸ ਮੁਲਾਜ਼ਮ ਹਾਜ਼ਰ ਸਨ।

# ਵਿਧਾਇਕ ਜਿੰਪਾ ਨੇ ਧੋਬੀ ਘਾਟ ਚੌਕ ਤੋਂ ਆਦਮਵਾਲ ਤੱਕ ਸੜਕ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ

ਹੁਸ਼ਿਆਰਪੁਰ, 11 ਫਰਵਰੀ (ਦੀਪਕ ਅਗਨੀਹੋਤਰੀ): ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ 4.20 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਧੋਬੀ ਘਾਟ ਚੌਕ ਤੋਂ ਆਦਮਵਾਲ ਤੱਕ ਸੜਕ ਦੇ ਨਿਰਮਾਣ ਕਾਰਜ ਦੀ ਰਸਮੀ ਸ਼ੁਰੂਆਤ ਕਰਵਾਈ।ਇਸ ਮਹੱਤਵਪੂਰਨ ਪ੍ਰੋਜੈਕਟ ਦੇ ਸ਼ੁਰੂ ਹੋਣ ਨਾਲ ਇਲਾਕੇ ਦੇ ਲੋਕਾਂ ਨੂੰ ਜਿਥੇ ਬਿਹਤਰ ਆਵਾਜਾਈ ਸਹੂਲਤ ਮਿਲੇਗੀ, ਉਥੇ ਹੀ ਲੰਬੇ ਸਮੇਂ ਤੋਂ ਚੱਲ ਰਹੀ ਸੜਕ ਸਬੰਧੀ ਸਮੱਸਿਆਵਾਂ ਤੋਂ ਵੀ ਰਾਹਤ ਮਿਲੇਗੀ। ਇਸ ਮੌਕੇ 'ਤੇ ਵਿਧਾਇਕ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ ਤੇ ਸ਼ਹਿਰੀ ਤੇ ਪੇਂਡੂ ਇਲਾਕਿਆਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਸ ਸੜਕ ਦੇ ਨਿਰਮਾਣ ਨਾਲ ਨਾ ਕੇਵਲ ਆਵਾਜਾਈ ਅਸਾਨ ਹੋਵੇਗੀ, ਜਦਕਿ ਵਪਾਰ, ਸਿੱਖਿਆ ਤੇ ਸਿਹਤ ਸੇਵਾਵਾਂ ਤੱਕ ਪਹੁੰਚ ਵੀ ਸੁਖਾਲੀ ਬਣੇਗੀ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਸੜਕ ਦੇ ਨਿਰਮਾਣ ਵਿੱਚ ਗੁਣਵੱਤਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਤਾਂ ਜੋ ਇਹ ਲੰਬੇ ਸਮੇਂ ਤੱਕ ਟਿਕਾਊ ਰਹੇ।ਵਿਧਾਇਕ ਨੇ ਕਿਹਾ ਕਿ ਇਲਾਕੇ ਦੇ ਲੋਕਾਂ ਦੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਪ੍ਰੋਜੈਕਟ ਨੂੰ ਪਹਿਲ ਦੇ ਆਧਾਰ 'ਤੇ ਮਨਜ਼ੂਰੀ ਦਿੱਤੀ ਗਈ ਹੈ।ਉਨ੍ਹਾਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੰਮ ਨੂੰ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਤੇ ਉਚ ਮਿਆਰਾਂ ਅਨੁਸਾਰ ਪੂਰਾ ਕੀਤਾ ਜਾਵੇ। ਇਸ ਮੌਕੇ ਰਾਜਨ ਸੈਣੀ, ਸੰਮਤੀ ਮੈਂਬਰ ਰਘੁਵੀਰ ਕੌਰ, ਐਡਵੋਕੇਟ ਸੁਨੀਲ, ਬਲਵਿੰਦਰ ਰਾਣਾ, ਬਲਵਿੰਦਰ ਬੱਗਾ, ਖੁਸ਼ੀਰਾਮ ਧੀਮਾਨ ਤੇ ਸਰਪੰਚ ਸਤਪਾਲ ਸੱਤੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਸਾਰੇ ਪਤਵੰਤਿਆਂ ਨੇ ਇਸ ਵਿਕਾਸ ਕਾਰਜ ਲਈ ਵਿਧਾਇਕ ਦਾ ਧੰਨਵਾਦ ਕੀਤਾ।



# ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ (ਜ਼ੋਨ ਬਾਬਾ ਫੌਜਾ ਸਿੰਘ ਜੀ) ਦੀ ਕੋਰ ਕਮੇਟੀ ਦਾ ਗਠਨ

ਬਟਾਲਾ, 11 ਫਰਵਰੀ (ਬਲਵਿੰਦਰ ਸਿੰਘ ਪੰਜਗਰਾਈਂ): ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਦੇ ਸੰਵਿਧਾਨ ਅਨੁਸਾਰ, ਜ਼ੋਨ ਬਾਬਾ ਫੌਜਾ ਸਿੰਘ ਜੀ ਦਾ ਚੋਣ ਇਜਲਾਸ ਇਲਾਕੇ ਦੇ ਕਿਸਾਨਾਂ ਦੀ ਹਾਜ਼ਰੀ ਵਿੱਚ ਹੋਇਆ। ਇਸ ਭਰਵੇਂ ਇਕੱਠ ਵਿੱਚ ਜ਼ੋਨ ਬਾਬਾ ਫੌਜਾ ਸਿੰਘ ਜੀ ਦੀਆਂ ਇਕਾਈ ਕਮੇਟੀਆਂ ਤੋਂ ਚੁਣੇ ਹੋਏ ਡੈਲੀਗੇਟ ਪਹੁੰਚੇ।ਚੋਣ ਇਜਲਾਸ ਨੂੰ ਸੰਬੋਧਨ ਕਰਦਿਆਂ ਸੂਬਾ ਪੱਧਰੀ ਆਗੂ ਸਵਿੰਦਰ ਸਿੰਘ ਚੁਤਾਲਾ ਤੇ ਹਰਵਿੰਦਰ ਸਿੰਘ ਮਸਾਣੀਆਂ ਆਬਜ਼ਰਵਰ ਦੇ ਤੌਰ 'ਤੇ ਪਹੁੰਚੇ। ਉਕਤ ਆਗੂਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਰਕਾਰਾਂ ਲੋਕਤੰਤਰ ਦਾ ਮਖੌਟਾ ਪਾ ਕੇ, ਤਾਨਾਸ਼ਾਹੀ ਰਵੱਈਆ ਅਪਣਾ ਕੇ, ਕਾਰਪੋਰੇਟਰਾਂ ਦੇ ਹੱਕ ਵਿੱਚ ਭੁਗਤ ਕੇ, ਦੇਸ਼ ਨੂੰ ਬਰਬਾਦ ਕਰਨ ਦੇ ਰਾਹ ਤੁਰ ਪਈਆਂ ਹਨ।ਉਨ੍ਹਾਂ ਕਿਹਾ ਕਿ ਮਨਰੇਗਾ ਤੇ ਭਾਰਤ/ਅਮਰੀਕਾ ਸਮਝੌਤਾ, ਭਾਰਤੀ ਕਿਸਾਨਾਂ ਤੇ ਮਜ਼ਦੂਰਾਂ ਦੇ ਲਈ ਵਿਨਾਸ਼ਕਾਰੀ ਸਾਬਿਤ ਹੋਣਗੇ, ਜਿਸ ਲਈ ਲੋਕਾਂ ਦਾ ਲਾਮਬੰਦ ਹੋਣਾ ਜ਼ਰੂਰੀ ਹੋ ਗਿਆ ਹੈ।ਕੰਵਲਜੀਤ ਸਿੰਘ ਪੰਜਗਰਾਈਆਂ ਨੇ ਰਿਪੋਰਟ ਪੜ੍ਹਦਿਆਂ ਪਿਛਲੇ ਸੰਘਰਸ਼ਾਂ ਤੋਂ ਕੀਤੀਆਂ ਪ੍ਰਾਪਤੀਆਂ ਤੇ ਜਥੇਬੰਦੀ ਨੂੰ ਦਰਪੇਸ਼ ਚੁਣੌਤੀਆਂ 'ਤੇ ਚਾਨਣਾ ਪਾਇਆ ਤੇ ਪੁਰਾਣੀ ਜ਼ੋਨ ਕਮੇਟੀ ਭੰਗ ਕਰਨ ਦਾ ਐਲਾਨ ਕੀਤਾ।ਇਸ ਮੌਕੇ 'ਤੇ ਚੁਣੇ ਹੋਏ ਡੈਲੀਗੇਟਾਂ ਦੁਆਰਾ ਨਵੀਂ ਚੋਣ ਕੀਤੀ ਗਈ, ਜਿਸ ਵਿੱਚ ਜ਼ੋਨ ਪ੍ਰਧਾਨ ਰਛਪਾਲ ਸਿੰਘ ਚੀਮਾ, ਸਕੱਤਰ ਕੰਵਲਜੀਤ ਸਿੰਘ ਪੰਜਗਰਾਈਆਂ, ਖਜ਼ਾਨਚੀ ਕਿਰਪਾਲ ਸਿੰਘ ਨਾਗਰਾ, ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਧਾਨ, ਮੀਤ ਪ੍ਰਧਾਨ ਤਜਿੰਦਰ ਸਿੰਘ ਬਾਜਵਾ, ਜਥੇਬੰਧਕ ਸਕੱਤਰ ਤਜਿੰਦਰ ਸਿੰਘ ਕੰਡਿਆਲ, ਪ੍ਰਚਾਰ ਸਕੱਤਰ ਸਰਬਜੀਤ ਸਿੰਘ ਵਰਿਆਂ ਤੇ ਗੁਰਪ੍ਰੀਤ ਸਿੰਘ ਕੋਟਲੀ ਪ੍ਰੈਸ ਸਕੱਤਰ ਸਮੇਤ 08 ਮੈਂਬਰੀ ਕੋਰ ਕਮੇਟੀ ਤੇ ਸਰਪ੍ਰਸਤ ਗੁਲਜ਼ਾਰ ਸਿੰਘ ਪੰਜਗਰਾਈਆਂ ਦੀ ਨਿਯੁਕਤੀ ਕੀਤੀ ਗਈ। ਇਜਲਾਸ ਵਿੱਚ ਜ਼ੋਨ ਬਾਬਾ ਫੌਜਾ ਸਿੰਘ ਜੀ ਦੀਆਂ 15 ਇਕਾਈ ਕਮੇਟੀਆਂ ਦੇ ਪ੍ਰਧਾਨ ਤੇ ਸਕੱਤਰਾਂ 'ਤੇ ਆਧਾਰਿਤ ਜ਼ੋਨ ਕਮੇਟੀ ਦਾ ਗਠਨ ਕੀਤਾ ਗਿਆ।ਇਜਲਾਸ ਨੇ ਜੈਕਾਰਿਆਂ ਦੀ ਗੂੰਜ ਵਿੱਚ ਸਾਰੇ ਮਤਿਆਂ ਨੂੰ ਪ੍ਰਵਾਨਗੀ ਦਿੱਤੀ।ਇਸ ਮੌਕੇ 'ਤੇ ਟਰੇਡ ਯੂਨੀਅਨ ਤੇ ਸਮੂਹਿਕ ਜਥੇਬੰਦੀਆਂ ਦੁਆਰਾ ਅੱਜ 12 ਫਰਵਰੀ ਨੂੰ ਵਾਲੀ ਹੋਣ ਜਾ ਰਹੀ ਹੜਤਾਲ ਦਾ ਵੀ ਪੂਰਨ ਸਮਰਥਨ ਕੀਤਾ।



# ਜ਼ਿਲ੍ਹਾ ਹਸਪਤਾਲ 'ਚ ਜਲਦ ਸ਼ੁਰੂ ਹੋਵੇਗੀ ਐਮ.ਆਰ.ਆਈ. ਸੁਵਿਧਾ: ਰਮਨ ਬਹਿਲ

## ☛'ਸਾਡੇ ਬਜ਼ੁਰਗ ਸਾਡਾ ਮਾਣ' ਤਹਿਤ ਕੈਂਪ ਲਗਾਇਆ

ਗੁਰਦਾਸਪੁਰ, 11 ਫਰਵਰੀ (ਜਗੀਰ ਸਿੰਘ ਮੰਡ/ਨਾਹਰ): 'ਸਾਡੇ ਬਜ਼ੁਰਗ ਸਾਡਾ ਮਾਣ' ਨਾਅਰੇ ਦੇ ਤਹਿਤ ਬਿਰਧ ਆਸ਼ਰਮ ਗੁਰਦਾਸਪੁਰ ਵਿਖੇ ਬਜ਼ੁਰਗਾਂ ਲਈ ਵਿਸ਼ੇਸ਼ ਕੈਂਪ ਲਗਾਇਆ ਗਿਆ, ਜਿਸ ਵਿੱਚ ਹਲਕਾ ਇੰਚਾਰਜ ਗੁਰਦਾਸਪੁਰ ਰਮਨ ਬਹਿਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਕੈਂਪ ਵਿੱਚ ਸਮੂਹ ਬਜ਼ੁਰਗਾਂ ਦਾ ਮੈਡੀਕਲ ਚੈਕਅੱਪ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਰਮਨ ਬਹਿਲ ਨੇ ਦੱਸਿਆ ਕਿ ਅੱਜ ਦੇ ਕੈਂਪ ਵਿੱਚ ਬਜ਼ੁਰਗਾਂ ਦੀਆਂ ਵੱਖ-ਵੱਖ ਬਿਮਾਰੀਆਂ ਦਾ ਮੈਡੀਕਲ ਚੈਕਅੱਪ ਕੀਤਾ ਗਿਆ ਹੈ।ਜ਼ਰੂਰਤ ਅਨੁਸਾਰ ਮੁਫ਼ਤ ਦਵਾਈ, ਟੈਸਟ ਆਦਿ ਕੀਤੇ ਗਏ ਹਨ।ਮੁਫ਼ਤ ਬੀਮਾ ਕਾਰਡ ਵੀ ਬਣਾਏ ਜਾ ਰਹੇ ਹਨ। ਜੋ ਬਜ਼ੁਰਗਾਂ ਮੋਤੀਆਬਿੰਦ ਦੇ ਸ਼ਿਕਾਰ ਹਨ ਤੇ ਉਨ੍ਹਾਂ ਕੋਲ ਬੀਮਾ ਕਾਰਡ ਨਹੀਂ ਹੈ, ਉਨ੍ਹਾਂ ਦੇ ਮੋਤੀਆਬਿੰਦ ਆਪ੍ਰੇਸ਼ਨ ਲਈ ਪ੍ਰਬੰਧ ਕਰ ਦਿੱਤਾ ਗਿਆ ਹੈ।ਜ਼ਰੂਰੀ ਟੈਸਟ ਤੋਂ ਬਾਅਦ ਤੁਰੰਤ ਮੋਤੀਆਬਿੰਦ ਆਪ੍ਰੇਸ਼ਨ ਕਰ ਦਿੱਤਾ ਜਾਵੇਗਾ।ਇਸ ਮੌਕੇ ਰਮਨ ਬਹਿਲ ਨੇ ਕਿਹਾ ਕਿ ਜ਼ਿਲ੍ਹਾ ਹਸਪਤਾਲ ਗੁਰਦਾਸਪੁਰ ਵਿਖੇ ਐਮਆਰਆਈ (ਮਗਨੇਟਿਕ ਰੇਸੋਨਾਂਸ ਏਮੇਜਿੰਗ (ਦਿਮਾਗ ਦੀ ਸਕੈਨਿੰਗ) ਦੀ ਸੁਵਿਧਾ ਸ਼ੁਰੂ ਹੋਵੇਗੀ, ਇਸ ਸਬੰਧੀ ਟੈਂਡਰ ਹੋ ਗਏ ਹਨ।ਦੱਸਣਯੋਗ ਹੈ ਕਿ 'ਸਾਡੇ ਬਜ਼ੁਰਗ ਸਾਡਾ ਮਾਣ' ਤਹਿਤ 16 ਫਰਵਰੀ ਨੂੰ ਬਿਰਧ ਆਸ਼ਰਮ ਧਾਰੀਵਾਲ, 17 ਕੁਸ਼ਟ ਆਸ਼ਰਮ ਦੀਨਾਨਗਰ, 20 ਫਰਵਰੀ ਨੂੰ ਬ੍ਰਿਧ ਆਸ਼ਰਮ ਬਟਾਲਾ ਤੇ 24 ਨੂੰ ਸਰਕਾਰੀ ਹਸਪਤਾਲ ਭਾਮ ਵਿਖੇ ਬਜ਼ੁਰਗਾਂ ਲਈ ਕੈਂਪ ਲਗਾਏ ਜਾਣਗੇ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸੁੱਚਾ ਸਿੰਘ ਮੁਲਤਾਨੀ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ, ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਤੇਜਿੰਦਰ ਕੌਰ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਕਿਰਤਪ੍ਰੀਤ ਕੌਰ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਵਿੰਮੀ ਮਹਾਜਨ ਆਦਿ ਹਾਜ਼ਰ ਸਨ।



# ਤੀਸਰੇ ਫੁੱਟਬਾਲ/ਕਬੱਡੀ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸੰਪੰਨ

## ☛ਇੰਟਰਨੈਸ਼ਨਲ ਖਿਡਾਰੀ ਯੁਵਰਾਜ ਸਿੰਘ ਗਿੱਲ ਦਾ ਵਿਸ਼ੇਸ਼ ਸਨਮਾਨ

ਸ੍ਰੀ ਹਰਿਗੋਬਿੰਦਪੁਰ ਸਾਹਿਬ, 11 ਫਰਵਰੀ (ਸੁੱਖ ਅੰਮ੍ਰਿਤ ਘੁਮਾਣ/ਡਾ. ਸਰਬਜੀਤ ਭਿੰਡਰ): ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਤੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਐਨਆਰਆਈ ਵੀਰਾਂ ਤੇ ਪਿੰਡ ਦੇ ਸਹਿਯੋਗ ਨਾਲ ਦੋ ਰੋਜ਼ਾ ਤੀਸਰਾ ਫੁੱਟਬਾਲ ਟੂਰਨਾਮੈਂਟ ਉਲੰਪੀਅਨ ਅਜੀਤ ਸਿੰਘ ਭੁੱਲਰ ਯਾਦਗਾਰੀ ਸਟੇਡੀਅਮ ਪਿੰਡ ਕੰਡੀਲਾ ਵਿਖੇ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋਈਆਂ।ਇਸ ਦੋ ਦਿਨਾਂ ਕਰਵਾਏ ਖੇਡ ਟੂਰਨਾਮੈਂਟ ਦਾ ਉਦਘਾਟਨ ਬਾਬਾ ਬੁੱਢਾ ਸਿੰਘ ਜੀ ਗ੍ਰੰਥੀ ਸਭਾ ਪੰਜਾਬ ਰਜਿ ਭਾਰਤ ਦੇ ਮੁੱਖ ਸੇਵਾਦਾਰ ਸਤਨਾਮ ਸਿੰਘ ਧਨੋਆ, ਕੁਲਵਿੰਦਰ ਸਿੰਘ ਜਨਰਲ ਸਕੱਤਰ, ਲਖਬੀਰ ਸਿੰਘ, ਸੁਰਜੀਤ ਸਿੰਘ ਨੇ ਅਰਦਾਸ ਕਰਨ ਉਪਰੰਤ ਖੇਡਾਂ ਸ਼ੁਰੂ ਕਰਵਾਈਆਂ। ਇਸ ਟੂਰਨਾਮੈਂਟ ਵਿੱਚ ਕੁੱਲ ਵੱਖ-ਵੱਖ ਖੇਡਾਂ ਨਾਲ ਸਬੰਧਤ 16 ਟੀਮਾਂ ਨੇ ਭਾਗ ਲਿਆ।ਲੜਕੀਆਂ ਦੀਆਂ ਦੌੜਾਂ ਵਿੱਚ ਆਂਚਲਪ੍ਰੀਤ ਕੌਰ ਨੇ ਪਹਿਲਾ, ਗੁਰਜੋਤ ਕੌਰ ਦੂਜਾ, ਪਲਕਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ।ਜਿਸ ਵਿੱਚ ਫੁੱਟਬਾਲ ਫਾਈਨਲ 'ਚ ਕੰਡੀਲਾ ਨੇ ਪਹਿਲੇ ਸਥਾਨ 'ਤੇ ਲੱਧਾ ਮੁੰਡਾ ਦੂਜੇ 'ਤੇ, ਕਬੱਡੀ 60 ਕਿਲੋ ਵਿੱਚੋਂ ਕੰਡੀਲਾ ਪਹਿਲੇ ਤੇ ਕਾਜਮਪੁਰ ਦੂਜੇ ਸਥਾਨ 'ਤੇ, ਕਬੱਡੀ ਓਪਨ ਦਾ ਸ਼ੋਅ ਮੈਚ ਸੰਤ ਬਾਬਾ ਹਜ਼ਾਰਾ ਸਿੰਘ ਕਲੱਬ ਬੋਪਾਰਾਏ ਤੇ ਭੰਬੋਈ ਦੀਆਂ ਟੀਮਾਂ ਦਰਮਿਆਨ ਹੋਇਆ, ਜਿਸ ਵਿੱਚ ਸੰਤ ਬਾਬਾ ਹਜ਼ਾਰਾ ਸਿੰਘ ਕਲੱਬ ਬੋਪਾਰਾਏ ਨੇ ਪਹਿਲਾ ਤੇ ਭੰਬੋਈ ਨੇ ਦੂਸਰਾ ਸਥਾਨ ਹਾਸਲ ਕੀਤਾ।ਇਸ ਮੌਕੇ 'ਤੇ ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਰਾਜਨਬੀਰ ਸਿੰਘ ਘੁਮਾਣ, ਸਰਪੰਚ ਤਜਿੰਦਰ ਸਿੰਘ ਬੱਬੂ, ਸੂਬੇਦਾਰ ਖਜ਼ਾਨ ਸਿੰਘ ਗਿੱਲ, ਮਾਸਟਰ ਸੰਤੋਖ ਸਿੰਘ ਕਾਜਮਪੁਰ, ਸਮੇਤ ਵੱਖ-ਵੱਖ ਪਹੁੰਚੀਆਂ ਸ਼ਖ਼ਸੀਅਤਾਂ ਨੇ ਸਾਂਝੇ ਤੌਰ 'ਤੇ ਕੀਤੀ। ਟੂਰਨਾਮੈਂਟ ਪ੍ਰਬੰਧਕਾਂ ਵੱਲੋਂ ਆਈਆਂ ਹੋਈਆਂ ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ 'ਤੇ ਯੁਵਰਾਜ ਸਿੰਘ ਗਿੱਲ ਇੰਟਰਨੈਸ਼ਨਲ ਐਮਆਰ ਫੁੱਟਬਾਲ ਕਲੱਬ ਹਰਿਆਣਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਟੂਰਨਾਮੈਂਟ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸ੍ਰੀ ਹਰਿਗੋਬਿੰਦਪੁਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਾਜਨਬੀਰ ਸਿੰਘ ਘੁਮਾਣ, ਸੂਬੇਦਾਰ ਖਜ਼ਾਨ ਸਿੰਘ ਗਿੱਲ, ਕੁਲਤਾਰ ਸਿੰਘ, ਮਨਪ੍ਰੀਤ ਸਿੰਘ ਗਿੱਲ ਪ੍ਰੋਫੈਸਰ ਗੁਰੂ ਨਾਨਕ ਕਾਲਜ, ਗੁਰਬਾਜ ਸਿੰਘ, ਬਲਦੇਵ ਸਿੰਘ, ਸਤਿੰਦਰ ਸਿੰਘ ਖ਼ਾਲਸਾ, ਸੁਰਜੀਤ ਸਿੰਘ, ਕਿਸ਼ਨ ਸਿੰਘ ਮੁਕੇਰੀਆਂ, ਸਿਕੰਦਰ ਸਿੰਘ ਖ਼ਾਲਸਾ ਚੇਅਰਮੈਨ ਤਰਨਾ ਦਲ, ਸਰਪੰਚ ਤਜਿੰਦਰ ਸਿੰਘ ਬੱਬੂ ਕੰਡੀਲਾ, ਸਾਬਕਾ ਸਰਪੰਚ ਕੁਲਵੰਤ ਸਿੰਘ ਲੱਧਾ ਮੁੰਡਾ ਆਦਿ ਹਾਜ਼ਰ ਸਨ।



# ਪਿੰਡ ਸ਼ਾਹਪੁਰ ਜਾਜਨ 'ਚ 50 ਲੱਖ ਦੀ ਲਾਗਤ ਨਾਲ ਆਧੁਨਿਕ ਸਹੂਲਤਾਂ ਨਾਲ ਲੈਸ ਖੇਡ ਸਟੇਡੀਅਮ ਬਣੇਗਾ : ਸਰਪੰਚ ਮਾਨ

ਡੇਰਾ ਬਾਬਾ ਨਾਨਕ, 11 ਫਰਵਰੀ (ਹੈਪੀ ਕੋਟਲੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ 'ਚੋਂ ਕੱਢ ਕੇ ਖੇਡਾਂ ਪ੍ਰਤੀ ਜੋੜਨ ਲਈ ਪਿੰਡੋ-ਪਿੰਡ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ, ਜਿਸਦੇ ਤਹਿਤ ਅੱਜ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦੇ ਦਿਸ਼ਾ-ਨਿਰਦੇਸ਼ਾਂ ਤੇ ਬੀਡੀਪੀਓ ਡੇਰਾ ਬਾਬਾ ਨਾਨਕ ਅਮਨਦੀਪ ਕੌਰ ਵੱਲੋਂ ਪਿੰਡ ਸ਼ਾਹਪੁਰ ਜਾਜਨ ਵਿਖੇ ਆਧੁਨਿਕ ਸਹੂਲਤਾਂ ਨਾਲ ਲੈਸ ਖੇਡ ਸਟੇਡੀਅਮ ਦੀ ਆਰੰਭਤਾ ਸਰਪੰਚ ਤਜਿੰਦਰ ਸਿੰਘ ਮਾਨ ਤੇ ਪੰਚਾਇਤ ਸਕੱਤਰ ਹਰੀਸ਼ ਕੁਮਾਰ ਦੀ ਨਿਗਰਾਨੀ ਹੇਠ ਕੀਤੀ ਗਈ। ਇਸ ਮੌਕੇ 'ਤੇ ਗੱਲਬਾਤ ਦੌਰਾਨ ਸਰਪੰਚ ਤੇਜਿੰਦਰ ਸਿੰਘ ਮਾਨ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਾਡੇ ਪਿੰਡ ਵਿੱਚ ਖੇਡ ਸਟੇਡੀਅਮ ਬਣਾਉਣ ਲਈ 50 ਲੱਖ ਰੁਪਏ ਦੀ ਗ੍ਰਾਂਟ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਸ ਦਾ ਕਿ ਅੱਜ ਰਸਮੀ ਤੌਰ 'ਤੇ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ। ਸਰਪੰਚ ਮਾਨ ਨੇ ਦੱਸਿਆ ਕਿ ਇਹ ਖੇਡ ਸਟੇਡੀਅਮ ਕਰੀਬ ਸਾਢੇ ਚਾਰ ਏਕੜ ਵਿੱਚ ਬਣਾਇਆ ਜਾਵੇਗਾ, ਜਿਸ ਵਿੱਚ ਸੁੰਦਰ ਲਾਈਟਾਂ, ਦਰਖਤ, ਗੱਦੀ ਘਾਹ ਲਗਾਇਆ ਜਾਵੇਗਾ ਤੇ ਦੌੜਨ ਲਈ ਵੱਖ-ਵੱਖ ਟਰੈਕ ਬਣਾਏ ਜਾਣਗੇ ਤੇ ਉਥੇ ਹੀ ਸਾਫ ਪਾਣੀ ਦੀ ਸੁਵਿਧਾ ਮੁਹੱਈਆ ਕਰਵਾਈ ਜਾਵੇਗੀ।ਉਨ੍ਹਾਂ ਦੱਸਿਆ ਕਿ ਖੇਡ ਸਟੇਡੀਅਮ ਬਣਨ ਨਾਲ ਨੌਜਵਾਨ ਨਸ਼ਿਆਂ ਨੂੰ ਛੱਡ ਕੇ ਖੇਡਾਂ ਨਾਲ ਜੁੜਨਗੇ ਤੇ ਜਿਸ ਨਾਲ ਉਨ੍ਹਾਂ ਤਾਂ ਆਪਣਾ ਤੇ ਆਪਣੇ ਸੂਬੇ ਦਾ ਨਾਮ ਰੌਸ਼ਨ ਹੋਵੇਗਾ।ਇਸ ਮੌਕੇ 'ਤੇ ਸਰਪੰਚ ਤੇਜਿੰਦਰ ਸਿੰਘ ਮਾਨ, ਪੰਚਾਇਤ ਸਕੱਤਰ ਹਰੀਸ਼ ਕੁਮਾਰ, ਗੁਰਵਿੰਦਰ ਸਿੰਘ ਪੰਚ, ਬਲਦੇਵ ਸਿੰਘ ਬੱਲੀ ਪੰਚ, ਬਾਬਾ ਹਰਜੀਤ ਲਾਲ ਪੰਚ, ਮਦਨ ਲਾਲ ਪੰਚ, ਗੁਰਮੇਜ ਸਿੰਘ ਡੋਗਰ, ਜੋਗਿੰਦਰ ਸਿੰਘ ਚੰਡੀਗੜ੍ਹ ਆਦਿ ਹਾਜ਼ਰ ਸਨ।



# ਖ਼ਾਲਸਾ ਕਾਲਜ ਵਿਖੇ 'ਸਾਈਬਰ ਜਾਗਰੂਕਤਾ ਦਿਵਸ' ਮਨਾਇਆ

ਗੜ੍ਹਦੀਵਾਲ, 11 ਫਰਵਰੀ (ਗੌਰਵ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਅਦਾਰੇ ਖ਼ਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਕੱਤਰ (ਸਿੱਖਿਆ) ਸੁਖਮਿੰਦਰ ਸਿੰਘ ਦੀ ਰਹਿਨੁਮਾਈ ਤੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੀ ਅਗਵਾਈ ਹੇਠ ਕੰਪਿਊਟਰ ਵਿਭਾਗ ਦੇ ਬਾਈਟ ਬਸਟਰ ਕਲੱਬ ਵੱਲੋਂ ਆਈ.ਕਿਊ.ਏ.ਸੀ ਤੇ ਆਈ.ਆਈ.ਸੀ ਦੇ ਸਹਿਯੋਗ ਨਾਲ ਸਾਈਬਰ ਜਾਗਰੂਕਤਾ ਦਿਵਸ ਸਬੰਧੀ ਵਿਸ਼ੇਸ਼ ਲੈਕਚਰ ਕਰਵਾਇਆ ਗਿਆ।ਇਸ ਮੌਕੇ ਕੰਪਿਊਟਰ ਵਿਭਾਗ ਦੇ ਮੁਖੀ ਕਮਲਜੀਤ ਕੌਰ ਨੇ ਵਿਦਿਆਰਥੀਆਂ ਨੂੰ ਸਾਈਬਰ ਜਾਗਰੂਕਤਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਪ੍ਰਾਚੀ (ਬੀ.ਸੀ.ਏ., ਸਮੈਸਟਰ-ਚੌਥਾ) ਨੇ ਸਾਈਬਰ ਸੁਰੱਖਿਆ ਬਾਰੇ ਵਿਦਿਆਰਥੀਆਂ ਨੂੰ ਵੱਖ-ਵੱਖ ਦ੍ਰਿਸ਼ਾਂ ਰਾਹੀਂ ਸਾਈਬਰ ਅਪਰਾਧਾਂ ਤੋਂ ਸੁਚੇਤ ਰਹਿਣ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਬਾਈਟ ਬਸਟਰ ਕਲੱਬ ਦੇ ਮੈਂਬਰਾਂ ਵੱਲੋਂ ਕੁਇਜ਼ ਮੁਕਾਬਲੇ ਕਰਵਾਏ ਗਏ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਇਨ੍ਹਾਂ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ।ਇਸ ਮੌਕੇ 'ਤੇ ਕੰਪਿਊਟਰ ਵਿਭਾਗ ਦੇ ਮੁਖੀ ਕਮਲਜੀਤ ਕੌਰ, ਪਵਿੱਤਰਜੀਤ ਕੌਰ, ਜੋਤੀ ਮਨਦੀਪ ਕੌਰ, ਜਸਲੀਨ ਕੌਰ ਤੇ ਵਿਦਿਆਰਥੀ ਹਾਜ਼ਰ ਸਨ।

# ਸ਼ਿਵ ਮੰਦਰ ਰਾਹੋਂ ਵਿਖੇ ਭੋਲੇਨਾਥ ਦੀ ਵਿਸ਼ਾਲ ਜਾਗੋ 13 ਨੂੰ ਸ਼ਾਮ 7 ਵਜੇ

ਰਾਹੋਂ, 11 ਫਰਵਰੀ (ਸੰਜੀਵ ਕੁਮਾਰ ਬੋਬੀ): ਸਾਰੇ ਭਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਿਵ ਭੋਲੇਨਾਥ ਦੀ ਵਿਸ਼ਾਲ ਜਾਗੋ ਡੀਜੇ ਦੇ ਨਾਲ 13 ਫਰਵਰੀ ਦਿਨ ਸ਼ੁੱਕਰਵਾਰ ਸ਼ਾਮ 7 ਵਜੇ ਸ਼ਿਵ ਮੰਦਰ ਚੌਕ ਪਟੂਆਂ ਰਾਹੋਂ ਤੋਂ ਸ਼ੁਰੂ ਕੀਤੀ ਜਾਵੇਗੀ, ਜਿਸ ਦਾ ਉਦਘਾਟਨ ਜਸਪਾਲ ਸਿੰਘ ਗਹੂਣੀਆਂ ਕੈਨੇਡਾ ਵਾਲੇ ਕਰਨਗੇ।ਇਸ ਮੌਕੇ 'ਤੇ ਸ਼ਿਵ ਪਾਰਵਤੀ ਦੀਆਂ ਸੁੰਦਰ ਝਾਕੀਆਂ ਕੱਢੀਆਂ ਜਾਣਗੀਆਂ।ਇਸ ਮੌਕੇ 'ਤੇ ਸ਼ਰਧਾਲੂ 101 ਔਰਤਾਂ ਨੂੰ ਵਧੀਆ ਸੂਟ ਭੋਲੇ ਸ਼ੰਕਰ ਜੇ ਵਿਆਹ ਦੀ ਖੁਸ਼ੀ ਵਿੱਚ ਆਸ਼ੀਰਵਾਦ ਦੇ ਤੌਰ 'ਤੇ ਦਿੱਤੇ ਜਾਣਗੇ ਤੇ ਸ਼ਰਧਾਲੂਆਂ ਵੱਲੋਂ ਜਗ੍ਹਾ-ਜਗ੍ਹਾ ਪ੍ਰਸ਼ਾਦ ਵਰਤਾਏ ਜਾਣਗੇ ਤੇ ਆਖਰ ਵਿੱਚ ਦਵਾਰੇ ਵਾਲੇ ਖੂਹ 'ਤੇ ਵਿਸ਼ਾਲ ਲੰਗਰ ਚਲਾਇਆ ਜਾਵੇਗਾ। ਆਪ ਜੀ ਨੇ ਪਰਿਵਾਰ ਸਮੇਤ ਪਹੁੰਚ ਕੇ ਸ਼ਿਵ ਭੋਲੇਨਾਥ ਦਾ ਆਸ਼ੀਰਵਾਦ ਪ੍ਰਾਪਤ ਕਰਨਾ ਜੀ।



# ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਹੈਲਥ ਕਾਰਡ ਬਣਾਉਣ ਲਈ ਲਗਾਏ ਗਏ ਨੇ ਵਿਸ਼ੇਸ਼ ਕੈਂਪ: ਵਿਧਾਇਕ ਸ਼ੈਰੀ ਕਲਸੀ

ਬਟਾਲਾ/ਅੱਚਲ ਸਾਹਿਬ, 11 ਫਰਵਰੀ (ਬਲਵਿੰਦਰ ਸਿੰਘ ਪੰਜਗਰਾਈਂ/ਜੁਗਰਾਜ ਸਿੰਘ ਖ਼ਾਲਸਾ): ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਤੱਕ ਕੈਸ਼ਲੈਸ ਬੀਮਾ ਦੇਣ ਲਈ ਵਿਸ਼ੇਸ਼ ਕੈਂਪਾਂ ਲਗਾਏ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਹੈਲਥ ਕਾਰਡ ਬਣਾਉਣ ਵਿੱਚ ਕੋਈ ਮੁਸ਼ਕਿਲ ਪੇਸ਼ ਨਾ ਆਵੇ।ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਨੌਜਵਾਨ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਬਟਾਲਾ ਹਲਕੇ ਅੰਦਰ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਕਾਰਡ ਬਣਾਉਣ ਲਈ 7 ਸਥਾਨਾਂ 'ਤੇ ਵਿਸ਼ੇਸ਼ ਕੈਂਪ ਲਗਾਏ ਗਏ ਹਨ। ਇਸ ਤੋਂ ਇਲਾਵਾ ਕਾਮਨ ਸਰਵਿਸ ਸੈਂਟਰਾਂ ਵਿੱਚ ਵੀ ਹੈਲਥ ਕਾਰਡ ਬਣ ਰਹੇ ਹਨ।ਉਨ੍ਹਾਂ ਦੱਸਿਆ ਬਟਾਲਾ ਦੀ ਵਾਰਡ ਨੰਬਰ 7, 37, ਵਾਰਡ ਨੰਬਰ 28 ਡੋਗਰਾ ਮੁਹੱਲਾ ਕਸ਼ਮੀਰ ਗਲੀ, ਵਾਰਡ ਨੰਬਰ 31 ਨੇੜੇ ਰਾਮਲੀਲ੍ਹਾ ਗਰਾਊਂਡ ਮੀਆਂ ਮੁਹੱਲਾ, ਪਿੰਡ ਡੱਲਾ ਮੋੜ ਨੇੜੇ ਕਾਨਵੈਂਟ ਸਕੂਲ ਹਰਚੋਵਾਲ ਰੋਡ, ਪਿੰਡ ਭਗਤਪੁਰ ਰੱਬਵਾਲਾ ਨੇੜੇ ਡੀਏਵੀ ਸਕੂਲ ਕਾਦੀਆਂ ਤੇ ਪਿੰਡ ਕੋਟਲਾ ਮੂਸਾ ਨੇੜੇ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਵਿਖੇ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ।ਵਿਧਾਇਕ ਨੇ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਬਣੇ ਹੈਲਥ ਕਾਰਡਾਂ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ ਤੇ ਮਰੀਜ਼ ਆਪਣੇ ਇਲਾਜ ਸਰਕਾਰੀ ਹਸਪਤਾਲਾਂ ਦੇ ਨਾਲ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿੱਚ ਵੀ ਕਰਵਾ ਰਹੇ ਹਨ।ਵਿਧਾਇਕ ਕਲਸੀ ਨੇ ਕਿਹਾ ਕਿ ਇਸ ਸਿਹਤ ਯੋਜਨਾ ਦੇ ਲਾਗੂ ਹੋਣ ਨਾਲ ਅਮੀਰਾਂ ਦੀ ਪਹੁੰਚ ਵਿੱਚ ਆਉਂਦੇ ਸਭ ਤੋਂ ਮਹਿੰਗੇ ਨਿੱਜੀ ਹਸਪਤਾਲ ਵੀ ਗਰੀਬਾਂ ਲਈ ਖੋਲ੍ਹ ਦਿੱਤੇ ਗਏ ਹਨ, ਜੋ ਲੋਕ ਸੇਵਾ ਵਿੱਚ ਫੈਸਲਾਕੁੰਨ ਬਦਲਾਅ ਹੈ।



# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੂੰ ਬੈਲਟਾਂ ਤੇ ਸਰਟੀਫਿਕੇਟ ਦਿੱਤੇ

ਕਲਾਨੌਰ, 11 ਫਰਵਰੀ (ਇਕਬਾਲ ਵਾਲੀਆ/ਕਮਲਜੀਤ ਸਿੰਘ): ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮੱਲਿਆਂਵਾਲ ਵਿਖੇ ਸਕੂਲੀ ਵਿਦਿਆਰਥੀਆਂ ਨੇ ਮਾਰਸ਼ਲ ਆਰਟ ਦਾ ਗਰੇਟ ਪ੍ਰਮੋਸ਼ਨ ਟੈਸਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ।ਇਸ ਸਬੰਧੀ ਪ੍ਰਿੰਸੀਪਲ ਸਿਮਰਤਪਾਲ ਕੌਰ ਨੇ ਦੱਸਿਆ ਕਿ ਮਾਰਸ਼ਲ ਆਰਟ ਦਾ ਗਰੇਟ ਪ੍ਰਮੋਸ਼ਨ ਟੈਸਟ ਭਾਰੀ ਉਤਸ਼ਾਹ ਤੇ ਅਨੁਸ਼ਾਸਨ ਭਰੇ ਮਾਹੌਲ ਵਿੱਚ ਕਰਵਾਇਆ ਗਿਆ। ਇਸ ਟੈਸਟ ਵਿੱਚ ਸਕੂਲ ਦੇ ਬੱਚਿਆਂ ਨੇ ਪੂਰੀ ਲਗਨ, ਆਤਮ-ਵਿਸ਼ਵਾਸ ਤੇ ਮਿਹਨਤ ਨਾਲ ਭਾਗ ਲਿਆ ਤੇ ਆਪਣੀ ਪਿਛਲੀ ਬੈਲਟ ਤੋਂ ਅਗਲੀ ਬੈਲਟ ਵੱਲ ਸਫ਼ਲਤਾਪੂਰਵਕ ਪ੍ਰਮੋਸ਼ਨ ਹਾਸਲ ਕੀਤੀ। ਇਸ ਪ੍ਰਮੋਸ਼ਨ ਟੈਸਟ ਦੌਰਾਨ ਵਿਦਿਆਰਥੀਆਂ ਨੇ ਯੈਲੋ ਬੈਲਟ, ਯੈਲੋ-ਗਰੀਨ ਬੈਲਟ, ਗਰੀਨ ਬੈਲਟ, ਗਰੀਨ-ਬਲੂ ਬੈਲਟ ਤੇ ਬਲੂ ਬੈਲਟ ਤੱਕ ਆਪਣੇ ਰੈਂਕ ਪ੍ਰਾਪਤ ਕੀਤੇ। ਖ਼ਾਸ ਗੱਲ ਇਹ ਰਹੀ ਕਿ ਕਈ ਬੱਚਿਆਂ ਨੇ ਮਾਰਸ਼ਲ ਆਰਟ ਦੇ ਉਚੇ ਦਰਜੇ ਹਾਈਐਸਟ ਬਲੂ ਬੈਲਟ ਤੱਕ ਪਹੁੰਚ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਇਹ ਗਰੇਟ ਪ੍ਰਮੋਸ਼ਨ ਟੈਸਟ ਕੈਮਡ ਇੰਡੀਆ ਕੋਮਬੈਟ ਐਡਵਾਂਸ ਮਾਰਸ਼ਲ ਆਰਟ ਟ੍ਰੇਨਿੰਗ ਇੰਡੀਆ ਐਸੋਸੀਏਸ਼ਨ ਦੇ ਅਧੀਨ ਕਰਵਾਇਆ ਗਿਆ।ਇਸ ਮੌਕੇ 'ਤੇ ਐਸੋਸੀਏਸ਼ਨ ਦੇ ਚੀਫ਼ ਐਗਜਾਮੀਨਰ ਤੇ ਡਾਇਰੈਕਟਰ ਡਾ. ਪ੍ਰਦੀਪ ਸ਼ਰਮਾ ਹਾਜ਼ਰ ਰਹੇ। ਉਨ੍ਹਾਂ ਨਾਲ ਮਾਰਸ਼ਲ ਆਰਟ ਦੇ ਕੋਚ ਮਿਸਟਰ ਰਾਹੁਲ ਨੌਰਥ ਇੰਡੀਆ ਨੇ ਵੀ ਬੱਚਿਆਂ ਨੂੰ ਪ੍ਰਸ਼ਿਕਸ਼ਣ ਤੇ ਮਾਰਗ ਦਰਸ਼ਨ ਪ੍ਰਦਾਨ ਕੀਤਾ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਸੈਲਫ ਡਿਫੈਂਸ ਬੱਚਿਆਂ ਲਈ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਨਾਲ ਉਹ ਹਰ ਤਰ੍ਹਾਂ ਦੀ ਸਥਿਤੀ ਦਾ ਡੱਟ ਕੇ ਸਾਹਮਣਾ ਕਰ ਸਕਦੇ ਹਨ ਤੇ ਆਪਣੀ ਸੁਰੱਖਿਆ ਆਪ ਕਰ ਸਕਦੇ ਹਨ।ਇਸ ਮੌਕੇ ਵਧੀਆ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਬੈਲਟਾਂ ਤੇ ਸਰਟੀਫਿਕੇਟ ਵੀ ਵੰਡੇ ਗਏ।



# ਪਾਕਿ 'ਚ ਖੰਡਰ ਦਾ ਰੂਪ ਲੈ ਰਹੇ ਗੁਰਦੁਆਰਾ ਗੁਰੂ ਨਾਨਕਸਰ ਦੀ ਨਵ-ਉਸਾਰੀ ਸ਼ੁਰੂ

ਅੰਮ੍ਰਿਤਸਰ, 11 ਫਰਵਰੀ (ਚ.ਨ.ਸ): ਲਹਿੰਦੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀਫ਼ ਵੱਲੋਂ ਜਾਰੀ ਆਦੇਸ਼ਾਂ 'ਤੇ ਪਾਕਿਸਤਾਨ ਵਿਚਲੇ ਇਤਿਹਾਸਕ ਗੁਰਦੁਆਰਿਆਂ ਦੇ ਸ਼ੁਰੂ ਕੀਤੇ ਗਏ ਨਵਉਸਾਰੀ ਪ੍ਰਾਜੈਕਟ ਦੇ ਚੱਲਦਿਆਂ ਜ਼ਿਲ੍ਹਾ ਸਿਆਲਕੋਟ ਦੀ ਤਹਿਸੀਲ ਡਸਕਾ ਦੇ ਪਿੰਡ ਚੱਕ ਫ਼ਤਿਹ ਭਿੰਡਰ 'ਚ ਮੌਜੂਦ ਯਾਦਗਾਰ ਗੁਰਦੁਆਰਾ ਗੁਰੂ ਨਾਨਕਸਰ ਸਾਹਿਬ ਦੀ ਪਿੰਡ ਦੇ ਬਾਹਰਵਾਰ ਮੌਜੂਦ ਦੋ ਮੰਜ਼ਿਲਾ ਇਮਾਰਤ ਦੀ ਵੀ ਨਵਉਸਾਰੀ ਸ਼ੁਰੂ ਕਰ ਦਿੱਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਸ ਗੁਰਦੁਆਰੇ ਦੀ ਕਾਰਸੇਵਾ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਵੱਲੋਂ ਸਿਆਲਕੋਟ ਦੇ ਗੁਰਦੁਆਰਾ ਬਾਬੇ ਦੀ ਬੇਰ ਦੇ ਮੁੱਖ ਸੇਵਾਦਾਰ ਜਸਕਰਨ ਸਿੰਘ ਸਿੱਧੂ ਨੂੰ ਸੌਂਪੀ ਗਈ ਹੈ। ਰੱਖ-ਰਖਾਅ ਦੀ ਘਾਟ ਕਾਰਨ ਗੁਰਦੁਆਰਾ ਸਾਹਿਬ ਦੀ ਇਮਾਰਤ ਪੂਰੀ ਤਰ੍ਹਾਂ ਨਾਲ ਖੰਡਰ ਦਾ ਰੂਪ ਬਣ ਗਈ। ਉਸਾਰੀ ਦਾ ਪਹਿਲਾ ਪੜਾਅ ਮਾਰਚ ਦੇ ਪਹਿਲੇ ਹਫ਼ਤੇ ਤੱਕ ਕੀਤਾ ਜਾਵੇਗਾ। ਜਸਕਰਨ ਸਿੰਘ ਸਿੱਧੂ ਨੇ ਸਿਆਲਕੋਟ ਤੋਂ ਇੱਕ ਅਖਬਾਰ ਨਾਲ ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪਾਕਿਸਤਾਨੀ ਸਿੱਖ ਸੰਗਤ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਗਈ ਨਵਉਸਾਰੀ ਦਾ ਪਹਿਲਾ ਪੜਾਅ ਮਾਰਚ ਮਹੀਨੇ ਦੇ ਪਹਿਲੇ ਹਫ਼ਤੇ ਤੱਕ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਉਸਾਰੀ ਦੇ ਪਹਿਲੇ ਪੜਾਅ 'ਚ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਚੁਫੇਰੇ ਸੁਰੱਖਿਆ ਕੰਧ ਬਣਾ ਕੇ ਦਰਵਾਜ਼ਾ ਲਗਾਇਆ ਜਾ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਗੁਰਦੁਆਰਾ ਨਾਨਕਸਰ 4 ਕਨਾਲ ਜ਼ਮੀਨ 'ਤੇ ਮੌਜੂਦ ਹੈ ਅਤੇ ਦੇਸ਼ ਦੀ ਵੰਡ ਤੋਂ ਬਾਅਦ ਪਹਿਲੀ ਵਾਰ ਇਸ ਅਸਥਾਨ ਦੀ ਸੇਵਾ ਕਰਵਾਈ ਜਾ ਰਹੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਨਵਉਸਾਰੀ ਦੀ ਸੇਵਾ ਦੌਰਾਨ ਗੁਰਦੁਆਰਾ ਸਾਹਿਬ ਦੀ ਮੂਲ ਵਾਸਤੂਕਲਾ ਅਤੇ ਧਾਰਮਿਕ ਮਰਿਆਦਾ ਨੂੰ ਪੂਰੀ ਤਰ੍ਹਾਂ ਬਰਕਰਾਰ ਰੱਖਿਆ ਜਾਵੇਗਾ।



# ਕ੍ਰਿਪਟੋ ਨੂੰ ਲੈ ਕੇ ਰਾਘਵ ਚੱਢਾ ਦਾ ਵੱਡਾ ਹਮਲਾ

## ☛ਸਰਕਾਰ ਟੈਕਸ ਲੈ ਰਹੀ ਹੈ ਪਰ ਸੁਰੱਖਿਆ ਨਹੀਂ ਦੇ ਰਹੀ

ਨਵੀਂ ਦਿੱਲੀ, 11 ਫਰਵਰੀ (ਚ.ਨ.ਸ): ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਰਾਘਵ ਚੱਢਾ ਨੇ ਰਾਜ ਸਭਾ 'ਚ ਕ੍ਰਿਪਟੋਕਰੰਸੀ ਨੂੰ ਲੈ ਕੇ ਕੇਂਦਰ ਸਰਕਾਰ ਦੀਆਂ ਨੀਤੀਆਂ 'ਤੇ ਤਿੱਖਾ ਹਮਲਾ ਕੀਤਾ ਹੈ। ਚੱਢਾ ਨੇ ਤਰਕ ਦਿੱਤਾ ਕਿ ਭਾਰਤ 'ਚ ਕ੍ਰਿਪਟੋ ਪ੍ਰਤੀ ਸਰਕਾਰ ਦਾ ਵਿਵਹਾਰ ਉਲਟਾ ਹੈ। ਸਰਕਾਰ ਨਿਵੇਸ਼ਕਾਂ ਤੋਂ ਭਾਰੀ ਟੈਕਸ ਤਾਂ ਵਸੂਲ ਰਹੀ ਹੈ ਪੈਰ ਉਨ੍ਹਾਂ ਨੂੰ ਕੋਈ ਕਾਨੂੰਨੀ ਸੁਰੱਖਿਆ ਜਾਂ ਸਪੈਸ਼ਟ ਰੈਗੂਲੇਸ਼ਨੇ ਨਹੀਂ ਦੇ ਰਹੀ ਹੈ। ਰਾਘਵ ਚੱਢਾ ਨੇ ਸਰਕਾਰ ਤੋਂ ਮੰਗ ਕੀਤੀ ਕਿ ਵਰਚੁਅਲ ਡਿਜੀਟਲ ਐਸੈਟਸ ਨੂੰ ਇਕ ਸਪੱਸ਼ਟ ਐਸੈਟ ਕਲਾਸ ਦਾ ਦਰਜਾ ਦਿੱਤਾ ਜਾਵੇ। ਸੰਸਦ ਮੈਂਬਰ ਨੇ ਸਦਨ 'ਚ ਹੈਰਾਨ ਕਰਨ ਵਾਲੇ ਅੰਕੜੇ ਪੇਸ਼ ਕਰਦਿਆਂ ਦੱਸਿਆ ਕਿ ਸਪੱਸ਼ਟ ਨਿਯਮਾਂ ਦੀ ਕਮੀ ਕਾਰਨ ਭਾਰਤ ਦੀ ਡਿਜੀਟਲ ਇਕਾਨਮੀ ਨੂੰ ਭਾਰੀ ਨੁਕਸਾਨ ਪੁੱਜ ਰਿਹਾ ਹੈ। ਉਨ੍ਹਾਂ ਅਨੁਸਾਰ ਲੱਗਭਗ 4.8 ਲੱਖ ਕਰੋੜ ਰੁਪਏ ਦਾ ਟ੍ਰੇਡਿੰਗ ਵੌਲੀਅਮ ਭਾਰਤੀ ਐਕਸਚੇਂਜਾਂ ਤੋਂ ਵਿਦੇਸ਼ੀ ਪਲੇਟਫਾਰਮਾਂ 'ਤੇ ਚਲਾ ਗਿਆ ਹੈ। 180 ਤੋਂ ਜ਼ਿਆਦਾ ਭਾਰਤੀ ਕ੍ਰਿਪਟੋ ਸਟਾਰਟਅੱਪਸ ਹੁਣ ਦੁਬਈ ਅਤੇ ਸਿੰਗਾਪੁਰ ਵਰਗੇ ਦੇਸ਼ਾਂ 'ਚ ਸ਼ਿਫਟ ਹੋ ਚੁੱਕੇ ਹਨ। ਲੱਗਭਗ 12 ਕਰੋੜ ਭਾਰਤੀ ਹੁਣ ਘਰੇਲੂ ਦੀ ਥਾਂ ਵਿਦੇਸ਼ੀ ਐਕਸਚੇਂਜਾਂ ਦੀ ਵਰਤੋਂ ਕਰ ਰਹੇ ਹਨ। ਰਾਘਵ ਚੱਢਾ ਨੇ ਸਦਨ 'ਚ ਡਾਟਾ ਪੇਸ਼ ਕਰਦਿਆਂ ਦੱਸਿਆ ਕਿ ਭਾਰਤ ਸਰਕਾਰ ਕ੍ਰਿਪਟੋਕਰੰਸੀ 'ਤੇ 30% ਕੈਪੀਟਲ ਗੇਨ ਟੈਕਸ ਅਤੇ 1% ਟੀ.ਡੀ.ਐੱਸ. ਵਸੂਲਦੀ ਹੈ। ਇਸ ਦੇ ਬਾਵਜੂਦ, ਨਿਵੇਸ਼ਕਾਂ ਨੂੰ ਨਾ ਤਾਂ ਕੋਈ ਕਾਨੂੰਨੀ ਮਾਨਤਾ ਦਿੱਤੀ ਗਈ ਹੈ ਅਤੇ ਨਾ ਹੀ ਉਨ੍ਹਾਂ ਦੇ ਹਿੱਤਾਂ ਦੀ ਰੱਖਿਆ ਲਈ ਕੋਈ ਇਨਵੈਸਟਰ ਪ੍ਰੋਟੈਕਸ਼ਨ ਜਾਂ ਸਮਰਪਿਤ ਐਂਟੀ-ਮਨੀ ਲਾਂਡਰਿੰਗ ਢਾਂਚਾ ਤਿਆਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਨੂੰ ਸਹੀ ਤਰ੍ਹਾਂ ਰੈਗੂਲੇਟ ਕੀਤਾ ਜਾਵੇ, ਤਾਂ ਸਰਕਾਰ ਨੂੰ ਸਾਲਾਨਾ 15,000 ਤੋਂ 20,000 ਕਰੋੜ ਰੁਪਏ ਦਾ ਵਾਧੂ ਟੈਕਸ ਮਾਲੀਆ ਮਿਲ ਸਕਦਾ ਹੈ।



# ਪਤੀ ਨੇ ਤੇਜ਼ਧਾਰ ਗੰਡਾਸੇ ਨਾਲ ਪਤਨੀ ਨੂੰ ਵੱਢਿਆ

## ☛ਕਤਲ ਮਗਰੋਂ ਗੁਨਾਹ ਕਬੂਲ ਕਰਕੇ ਵੀਡੀਓ ਵੀ ਇੰਟਰਨੈੱਟ 'ਤੇ ਪਾਈ

ਲਹਿਰਾਗਾਗਾ, 11 ਫਰਵਰੀ (ਗੁਰਦੀਪ ਸਿੰਘ/ਰਮੇਸ਼ਵਰ): ਨੇੜਲੇ ਪਿੰਡ ਖੰਡੇਬਾਦ 'ਚ ਮੰਗਲਵਾਰ ਨੂੰ ਇਕ ਵਿਅਕਤੀ ਨੇ ਤੇਜ਼ਧਾਰ ਗੰਡਾਸੇ ਨਾਲ ਪਤਨੀ ਨੂੰ ਵੱਢ ਕੇ ਮਾਰ ਦਿੱਤਾ। ਬਾਅਦ 'ਚ ਵੀਡੀਓ ਬਣਾ ਕੇ ਜੁਰਮ ਕਬੂਲ ਕਰਕੇ ਇੰਟਰਨੈਟ ਮੀਡੀਆ 'ਤੇ ਪਾ ਦਿੱਤੀ। ਇਸ ਤੋਂ ਬਾਅਦ ਖ਼ੁਦ ਹੀ ਥਾਣੇ ਜਾ ਕੇ ਆਤਮ ਸਮਰਪਣ ਕਰ ਦਿੱਤਾ। ਪੁਲਿਸ ਮੌਕੇ 'ਤੇ ਪੁੱਜ ਗਈ ਤੇ ਲਾਸ਼ ਪੋਸਟਮਾਰਟਮ ਲਈ ਭੇਜ ਦਿੱਤੀ। ਡੀਐਸਪੀ ਲਹਿਰਾਗਾਗਾ ਰਣਬੀਰ ਸਿੰਘ ਨੇ ਦੱਸਿਆ ਕਿ ਪਿੰਡ ਦੇ ਸਾਬਕਾ ਕਾਰਜਕਾਰੀ ਸਰਪੰਚ ਤਰਸੇਮ ਸਿੰਘ ਦੇ ਪੁੱਤਰ ਕੁਲਦੀਪ ਸਿੰਘ ਦਾ ਵਿਆਹ ਹਰਕੀਰਤ ਕੌਰ ਉਰਫ ਗੀਤੂ ਨਾਲ ਹੋਇਆ ਸੀ। ਇਨ੍ਹਾਂ ਦੇ ਦੋ ਲੜਕੀਆਂ ਤੇ ਇਕ ਲੜਕਾ, ਤਿੰਨ ਬੱਚੇ ਹਨ। ਮੁੱਢਲੀ ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਕੁਲਦੀਪ ਪਤਨੀ ਦੇ ਚਰਿੱਤਰ 'ਤੇ ਸ਼ੱਕ ਕਰਦਾ ਸੀ। ਇਸੇ ਕਾਰਨ ਉਸ ਨੇ ਮੰਗਲਵਾਰ ਨੂੰ ਗੰਡਾਸੇ ਨਾਲ ਪਤਨੀ 'ਤੇ ਇਕ ਤੋਂ ਬਾਅਦ ਇਕ, ਤਿੰਨ ਵਾਰ ਕੀਤੇ। ਜਦੋਂ ਉਸ ਦੀ ਮੌਤ ਹੋ ਗਈ ਤਾਂ ਉਸ ਨੇ ਵੀਡੀਓ ਬਣਾ ਕੇ ਆਪਣਾ ਗੁਨਾਹ ਕਬੂਲ ਕਰ ਕੇ ਉਹ ਇੰਟਰਨੈੱਟ ਮੀਡੀਆ 'ਤੇ ਪਾ ਦਿੱਤੀ। ਇਸ ਤੋਂ ਬਾਅਦ ਉਹ ਖ਼ੁਦ ਥਾਣਾ ਲਹਿਰਾਗਾਗਾ ਪੁੱਜ ਗਿਆ ਤੇ ਆਤਮ ਸਮਰਪਣ ਕਰ ਦਿੱਤਾ। ਡੀਐਸਪੀ ਨੇ ਦੱਸਿਆ ਕਿ ਇਸ ਮਾਮਲੇ 'ਚ ਐਫਆਈਆਰ ਦਰਜ ਕਰ ਲਈ ਗਈ ਹੈ ਤੇ ਮੁਲਜ਼ਮ ਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ।




# ਸੁਪਰੀਮ ਕੋਰਟ ਦਾ ਕੇਂਦਰ ਸਰਕਾਰ ਨੂੰ ਹੁਕਮ

## ਪਤਾ ਲਗਾਇਆ ਜਾਵੇ ਬੱਚਿਆਂ ਦੇ ਲਾਪਤਾ ਹੋਣ ਦੇ ਪਿੱਛੇ ਦੇਸ਼ ਭਰ 'ਚ ਕੋਈ ਗਿਰੋਹ ਤਾਂ ਨਹੀਂ

ਨਵੀਂ ਦਿੱਲੀ, 11 ਫਰਵਰੀ (ਚ.ਨ.ਸ): ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕੇਂਦਰ ਸਰਕਾਰ ਨੂੰ ਇਹ ਪਤਾ ਲਗਾਉਣ ਲਈ ਕਿਹਾ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਬੱਚਿਆਂ ਦੇ ਲਾਪਤਾ ਹੋਣ ਦੀਆਂ ਘਟਨਾਵਾਂ ਦੇ ਪਿੱਛੇ ਕਿਸੇ ਦੇਸ਼ਵਿਆਪੀ ਗਿਰੋਹ ਜਾਂ ਰਾਜ-ਵਿਸ਼ੇਸ਼ ਸਮੂਹ ਦਾ ਹੱਥ ਤਾਂ ਨਹੀਂ ਹੈ। ਜਸਟਿਸ ਬੀ.ਵੀ. ਨਾਗਰਤਨਾ ਅਤੇ ਜਸਟਿਸ ਉੱਜਵਲ ਭਈਆਂ ਦੀ ਬੈਂਚ ਨੇ ਕਿਹਾ ਕਿ ਇਹ ਪਤਾ ਲਗਾਉਣਾ ਜ਼ਰੂਰੀ ਹੈ ਕਿ ਕੀ ਇਨ੍ਹਾਂ ਘਟਨਾਵਾਂ ਦੇ ਪਿੱਛੇ ਕੋਈ ਨਿਸ਼ਚਿਤ ਪੈਟਰਨ ਹੈ ਜਾਂ ਇਹ ਅਚਾਨਕ ਵਾਪਰੀਆਂ ਘਟਨਾਵਾਂ ਹਨ। ਅਦਾਲਤ ਨੇ ਕੇਂਦਰ ਨੂੰ ਸਾਰੇ ਸੂਬਿਆਂ ਤੋਂ ਅੰਕੜੇ ਇਕੱਠੇ ਕਰ ਕੇ ਉਨ੍ਹਾਂ ਦਾ ਵਿਸ਼ਲੇਸ਼ਣ ਕਰਨ ਦਾ ਹੁਕਮ ਦਿੱਤਾ। ਕੇਂਦਰ ਵੱਲੋਂ ਪੇਸ਼ ਵਧੀਕ ਸਾਲੀਸਿਟਰ ਜਨਰਲ ਐਸ਼ਵਰਿਆ ਭਾਟੀ ਨੇ ਕਿਹਾ ਕਿ ਕੁਝ ਸੂਬਿਆਂ ਨੇ ਲਾਪਤਾ ਬੱਚਿਆਂ ਅਤੇ ਉਨ੍ਹਾਂ ਨਾਲ ਸਬੰਧਤ ਮੁਕੱਦਮਿਆਂ ਨਾਲ ਜੁੜੇ ਅੰਕੜੇ ਮੁਹੱਈਆ ਕਰਵਾਏ ਹਨ, ਪਰ ਲੱਗਭਗ ਇਕ ਦਰਜਨ ਸੂਬਿਆਂ ਨੇ ਆਪਣਾ ਡਾਟਾ ਸਾਂਝਾ ਨਹੀਂ ਕੀਤਾ ਹੈ। ਭਾਟੀ ਨੇ ਦਲੀਲ ਦਿੱਤੀ ਕਿ ਵਿਸ਼ਲੇਸ਼ਣ ਉਦੋਂ ਹੀ ਕੀਤਾ ਜਾ ਸਕਦਾ ਹੈ, ਜਦੋਂ ਕੇਂਦਰ ਸਰਕਾਰ ਨੂੰ ਪੂਰਾ ਡਾਟਾ ਹਾਸਲ ਹੋ ਜਾਵੇ। ਚੋਟੀ ਦੀ ਅਦਾਲਤ ਨੇ ਭਾਟੀ ਨੂੰ ਸੁਝਾਅ ਦਿੱਤਾ ਕਿ ਬਚਾਏ ਗਏ ਬੱਚਿਆਂ ਨਾਲ ਗੱਲ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਅਜਿਹੀਆਂ ਘਟਨਾਵਾਂ ਲਈ ਕੌਣ ਜ਼ਿੰਮੇਵਾਰ ਹੈ। ਬੈਂਚ ਨੇ ਉਨ੍ਹਾਂ ਸੂਬਿਆਂ ਦੀ ਆਲੋਚਨਾ ਕੀਤੀ, ਜਿਨ੍ਹਾਂ ਨੇ ਅੰਕੜੇ ਉਪਲਬਧ ਨਹੀਂ ਕਰਵਾਏ ਹਨ। ਅਦਾਲਤ ਨੇ ਕਿਹਾ ਕਿ ਲੋੜ ਪੈਣ 'ਤੇ ਉਹ ਸਖ਼ਤ ਹੁਕਮ ਪਾਸ ਕਰ ਸਕਦੀ ਹੈ। ਸੀਨੀਅਰ ਵਕੀਲ ਅਪਰਨਾ ਭੱਟ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਪਹਿਲ ਕੀਤੀ ਹੈ ਅਤੇ ਸਾਰੇ ਸੂਬਿਆਂ ਨੂੰ ਅੰਕੜੇ ਮੁਹੱਈਆ ਕਰਵਾਉਣ ਲਈ ਹੁਕਮ ਜਾਰੀ ਕੀਤੇ ਜਾਣ।



# ਪ੍ਰਵਾਸੀ ਮਜ਼ਦੂਰਾਂ ਨੂੰ ਗਾਲੀ-ਗਲੋਚ ਤੋਂ ਰੋਕਣ 'ਤੇ ਨੌਜਵਾਨ ਨੂੰ ਡੁਬੋ ਕੇ ਮਾਰਿਆ

## ☛ਤਿੰਨ ਪ੍ਰਵਾਸੀ ਮਜ਼ਦੂਰਾਂ ਨੇ ਮਿਲ ਕੇ ਵਾਰਦਾਤ ਨੂੰ ਦਿੱਤਾ ਅੰਜਾਮ

ਬਠਿੰਡਾ, 11 ਫਰਵਰੀ (ਜਗਸੀਰ ਭੁੱਲਰ): ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟਸ਼ਮੀਰ 'ਚ ਪਰਵਾਸੀ ਮਜ਼ਦੂਰਾਂ ਨੂੰ ਗਾਲੀ-ਗਲੋਚ ਰੋਕਣ 'ਤੇ ਇੱਕ ਨੌਜਵਾਨ ਦੀ ਬੇਰਹਿਮੀ ਨਾਲ ਕੁੱਟਮਾਰ ਮਗਰੋਂ ਉਸਨੂੰ ਗੰਦੇ ਨਾਲੇ 'ਚ ਡੁਬੋ ਕੇ ਮਾਰ ਦਿੱਤਾ ਗਿਆ। ਇਸ ਸਬੰਧੀ ਪੁਲਿਸ ਨੇ ਤਿੰਨ ਵਿਅਕਤੀਆਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰ ਲਿਆ ਹੈ। ਦੋਸ਼ੀਆਂ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ਮ੍ਰਿਤਕ ਦੇ ਪਿਤਾ ਹਰਚੇਤ ਸਿੰਘ ਵਾਸੀ ਪਿੰਡ ਕੋਟਸ਼ਮੀਰ ਨੇ ਦੱਸਿਆ ਕਿ 9 ਫਰਵਰੀ ਦੀ ਸ਼ਾਮ ਕਰੀਬ 7 ਵਜੇ ਉਹ ਆਪਣੇ ਪੁੱਤਰ ਜਸਪਾਲ ਸਿੰਘ (40) ਜੋ ਮਿਹਨਤ-ਮਜ਼ਦੂਰੀ ਕਰਦਾ ਸੀ, ਸਮੇਤ ਘਰ ਦੇ ਨੇੜੇ ਸਥਿਤ ਧਰਮਸ਼ਾਲਾ ਦੇ ਬਾਹਰ ਖੜ੍ਹੇ ਸਨ। ਇਸ ਦੌਰਾਨ ਚਹਿਲ ਕਾਟਨ ਫੈਕਟਰੀ 'ਚ ਕੰਮ ਕਰਦੇ ਤਿੰਨ ਮਜ਼ਦੂਰ ਪਵਨ ਕੁਮਾਰ, ਉਮ ਪ੍ਰਕਾਸ਼ ਤੇ ਸੁਮਿਤ ਕੁਮਾਰ ਉੱਚੀ ਆਵਾਜ਼ 'ਚ ਗਾਲੀ-ਗਲੋਚ ਕਰਦੇ ਹੋਏ ਉਥੋਂ ਲੰਘ ਰਹੇ ਸਨ। ਜਸਪਾਲ ਨੇ ਉਨ੍ਹਾਂ ਨੂੰ ਗਾਲੀ-ਗਲੋਚ ਕਰਨ ਤੋਂ ਰੋਕਿਆ ਤਾਂ ਤਿੰਨਾਂ ਨੇ ਗੁੱਸੇ 'ਚ ਆ ਕੇ ਉਸ 'ਤੇ ਹਮਲਾ ਕਰ ਦਿੱਤਾ। ਉਨ੍ਹਾਂ ਪਹਿਲਾ ਬੇਰਹਿਮੀ ਨਾਲ ਉਸ ਨੂੰ ਕੁੱਟਿਆ ਤੇ ਫਿਰ ਸੜਕ ਕਿਨਾਰੇ ਗੰਦੇ ਨਾਲੇ 'ਚ ਸੁੱਟ ਕੇ ਉਸ ਦੇ ਗੋਤੇ ਲਗਵਾਏ। ਜਦੋਂ ਜਸਪਾਲ ਨੇ ਹਿਲਜੁਲ ਕਰਨੀ ਬੰਦ ਕਰ ਦਿੱਤੀ ਤਾਂ ਤਿੰਨੇ ਮੌਕੇ ਤੋਂ ਫ਼ਰਾਰ ਹੋ ਗਏ। ਪਰਿਵਾਰਕ ਮੈਂਬਰ ਉਸਨੂੰ ਏਮਸ ਲੈ ਕੇ ਜਾ ਰਹੇ ਸਨ ਕਿ ਉਸ ਨੇ ਰਸਤੇ 'ਚ ਦਮ ਤੋੜ ਦਿੱਤਾ।



# ਡੇਰਾ ਬਿਆਸ ਦੇ ਮੁਖੀ ਤੇ ਸਮਾਜ ਸੁਧਾਰਕ ਗੁਰਿੰਦਰ ਸਿੰਘ ਢਿੱਲੋਂ ਵੱਲੋਂ ਰਾਣਾ ਗੁਰਮੀਤ ਸਿੰਘ ਸੋਢੀ ਨਾਲ ਮੁਲਾਕਾਤ

ਫਿਰੋਜ਼ਪੁਰ, 11 ਫਰਵਰੀ (ਤਿਵਾੜੀ): ਡੇਰਾ ਬਿਆਸ ਦੇ ਮੁੱਖੀ ਤੇ ਸਮਾਜ ਸੁਧਾਰਕ ਸਰਦਾਰ ਗੁਰਿੰਦਰ ਸਿੰਘ ਢਿੱਲੋਂ ਨੇ ਮੰਗਲਵਾਰ ਨੂੰ ਭਾਜਪਾ ਦੇ ਰਾਸ਼ਟਰੀ ਕਾਰਜਕਾਰੀ ਮੈਂਬਰ ਅਤੇ ਸਾਬਕਾ ਕੈਬਿਨੇਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਦੇ ਨਿਵਾਸ ਸਥਾਨ 'ਤੇ ਪਹੁੰਚ ਕੇ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਇਸ ਦੌਰਾਨ ਦੋਹਾਂ ਵਿਚਕਾਰ ਲਗਭਗ ਇੱਕ ਘੰਟੇ ਤੱਕ ਸਮਾਜਿਕ, ਧਾਰਮਿਕ ਅਤੇ ਸਮਸਾਮਾਇਕ ਮੁੱਦਿਆਂ 'ਤੇ ਸਰਗਰਮ ਵਿਚਾਰ-ਵਟਾਂਦਰਾ ਹੋਇਆ। ਰਾਣਾ ਗੁਰਮੀਤ ਸਿੰਘ ਸੋਢੀ ਨੇ ਆਪਣੇ ਨਿਵਾਸ 'ਤੇ ਪਹੁੰਚਣ 'ਤੇ ਸਰਦਾਰ ਗੁਰਿੰਦਰ ਸਿੰਘ ਢਿੱਲੋਂ ਜੀ ਦਾ ਗਰਮਜੋਸ਼ੀ ਨਾਲ ਭਰਪੂਰ ਸਵਾਗਤ ਕੀਤਾ। ਮੁਲਾਕਾਤ ਦੌਰਾਨ ਖ਼ਾਸ ਤੌਰ 'ਤੇ ਸੂਬੇ ਵਿੱਚ ਨਸ਼ੇ ਦੇ ਵੱਧਦੇ ਖ਼ਤਰੇ ਅਤੇ ਇਸ ਨਾਲ ਨਜਿੱਠਣ ਲਈ ਸਮਾਜ ਦੀ ਭੂਮਿਕਾ 'ਤੇ ਚਰਚਾ ਹੋਈ। ਰਾਣਾ ਸੋਢੀ ਨੇ ਕਿਹਾ ਕਿ ਸਰਦਾਰ ਗੁਰਿੰਦਰ ਸਿੰਘ ਢਿੱਲੋਂ ਵੱਲੋਂ ਮਾਨਯੋਗ ਰਾਜਪਾਲ ਦੀ ਅਗਵਾਈ ਵਿੱਚ ਕੱਢੀ ਗਈ ਪਦਯਾਤਰਾ ਵਿੱਚ ਸ਼ਾਮਲ ਹੋਣਾ ਇੱਕ ਇਤਿਹਾਸਕ ਪਹਿਲ ਹੈ, ਜਿਸ ਨਾਲ ਫਿਰੋਜ਼ਪੁਰ ਸਮੇਤ ਪੂਰੇ ਪੰਜਾਬ ਦੇ ਲੋਕਾਂ ਦਾ ਮਨੋਬਲ ਵਧਿਆ ਹੈ। ਉਨ੍ਹਾਂ ਕਿਹਾ ਕਿ ਬਾਬਾ ਗੁਰਿੰਦਰ ਸਿੰਘ ਜੀ ਵੱਲੋਂ ਪੈਦਲ ਚੱਲ ਕੇ ਆਪਣੀ ਸੰਗਤ ਅਤੇ ਆਮ ਜਨਤਾ ਨੂੰ ਨਸ਼ੇ ਦੇ ਖ਼ਿਲਾਫ਼ ਜਾਗਰੂਕ ਕਰਨ ਦਾ ਸੰਦੇਸ਼ ਬਹੁਤ ਹੀ ਪ੍ਰੇਰਣਾਦਾਇਕ ਹੈ। ਇੰਨੀ ਵੱਡੀ ਆਧਿਆਤਮਿਕ ਸ਼ਖ਼ਸੀਅਤ ਦਾ ਖ਼ੁਦ ਅੱਗੇ ਆ ਕੇ ਨਸ਼ੇ ਵਿਰੁੱਧ ਮੁਹਿੰਮ ਦਾ ਹਿੱਸਾ ਬਣਨਾ ਸਮਾਜ ਲਈ ਮਜ਼ਬੂਤ ਸੰਦੇਸ਼ ਹੈ। ਇਸ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਨਸ਼ੇ ਵਰਗੀ ਸਮਾਜਿਕ ਬੁਰਾਈ ਦੇ ਖ਼ਿਲਾਫ਼ ਹੁਣ ਪੂਰਾ ਸਮਾਜ ਇਕਜੁੱਟ ਹੋ ਰਿਹਾ ਹੈ। ਰਾਣਾ ਸੋਢੀ ਨੇ ਵਿਸ਼ਵਾਸ ਜਤਾਇਆ ਕਿ ਅਜਿਹੀਆਂ ਕੋਸ਼ਿਸ਼ਾਂ ਨਾਲ ਪੰਜਾਬ ਨੂੰ ਨਸ਼ਾ-ਮੁਕਤ ਬਣਾਉਣ ਵੱਲ ਠੋਸ ਕਦਮ ਚੁੱਕੇ ਜਾਣਗੇ। ਉਨ੍ਹਾਂ ਕਿਹਾ ਕਿ ਜਦੋਂ ਧਰਮ, ਸਮਾਜ ਅਤੇ ਪ੍ਰਸ਼ਾਸਨ ਮਿਲ ਕੇ ਕਿਸੇ ਬੁਰਾਈ ਦੇ ਵਿਰੁੱਧ ਖੜ੍ਹੇ ਹੁੰਦੇ ਹਨ ਤਾਂ ਬਦਲਾਅ ਨਿਸ਼ਚਿਤ ਹੁੰਦਾ ਹੈ। ਇਹ ਮੁਲਾਕਾਤ ਸਮਾਜ ਨੂੰ ਸਕਾਰਾਤਮਕ ਦਿਸ਼ਾ ਦੇਣ ਵਾਲੀ ਸਾਬਤ ਹੋਈ ਅਤੇ ਨਸ਼ਾ ਮੁਕਤੀ ਦੇ ਸੰਕਲਪ ਨੂੰ ਹੋਰ ਮਜ਼ਬੂਤ ਕਰਨ ਦਾ ਸੰਦੇਸ਼ ਦੇ ਗਈ।



# ਬੱਸ ਅੱਡਾ ਭੋਗਪੁਰ ਦੀ ਹਾਈ ਕਮਾਂਡ ਨੂੰ ਸ਼ਿਕਾਇਤ



ਆਦਮਪੁਰ, 11 ਫਰਵਰੀ (ਜੰਡੀਰ ਸੈਣੀ): ਆਮ ਆਦਮੀ ਪਾਰਟੀ ਹਾਈ ਕਮਾਂਡ ਵੱਲੋਂ ਅੱਜ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਖਾਸ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਡਾ: ਨਵਜੋਤ ਸਿੰਘ MLA, ਮੇਲਾ ਸਿੰਘ ਰੁੜਕਾ, ਜ਼ਿਲ੍ਹਾ ਪ੍ਰਧਾਨ ਮੀਡੀਆ, ਮਦਨ ਸਿੰਘ ਸੈਕਟਰੀ ਆਪ, ਬੂਟਾ ਸਿੰਘ ਟੀਟੂ ਬਲਾਕ ਪ੍ਰਧਾਨ, ਬਲਵੀਰ ਸਿੰਘ ਸਰਪੰਚ ਟਾਂਡੀ, ਸੰਜੀਵ ਸੋਨੂ ਡੱਲਾ, ਅਮਰਜੀਤ ਜੀਤ ਸਿੰਘ ਕੁਆਰਡੀਨੇਟਰ ਆਦਿ ਸ਼ਾਮਲ ਹੋਏ। ਮੀਟਿੰਗ ਵਿੱਚ ਹਾਈ ਕਮਾਂਡ ਆਪ ਵੱਲੋਂ ਵਰਕਰਾਂ ਨੂੰ ਖਾਸ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਮੌਕੇ 'ਤੇ ਪਹੁੰਚੇ ਆਗੂਆਂ ਨੇ ਆਪਣੇ ਹਲਕਿਆਂ ਦੀਆਂ ਸਮੱਸਿਆਵਾਂ ਦੱਸੀਆਂ, ਭੋਗਪੁਰ ਤੋਂ ਬਣੇ ਨਵੇਂ ਬੱਸ ਅੱਡੇ ਬਾਰੇ ਵੀ ਗੱਲਬਾਤ ਕੀਤੀ ਗਈ, ਕਿਹਾ ਕਿ ਕਰੋੜਾਂ ਦੀ ਲਾਗਤ ਨਾਲ ਬੱਸ ਅੱਡਾ ਬਣਾਇਆ ਗਿਆ ਸੀ, ਕੁੱਝ ਜ਼ਿੰਮੇਵਾਰ ਅਧਿਕਾਰੀ ਬੱਸ ਅੱਡੇ ਨੂੰ ਆਪਣੇ ਨਿੱਜੀ ਕੰਮਾਂ ਲਈ ਵਰਤ ਰਹੇ ਹਨ, ਬੱਸਾਂ ਜੀਟੀ ਰੋਡ 'ਤੇ ਰੁਕਦੀਆਂ ਹਨ, ਲਗਾਤਾਰ ਹਾਦਸੇ ਵਾਪਰ ਰਹੇ ਹਨ, ਭੋਗਪੁਰ ਦੇ ਬੱਸ ਅੱਡੇ ਨੂੰ ਚਾਲੂ ਕਰਨ ਦੀ ਮੰਗ ਕੀਤੀ।

# ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਵਾਰਡ ਨੰਬਰ 37 ਦੀ ਨਿਊ ਟਾਊਨ ਗਲੀਆਂ 'ਚ ਇੰਟਰਲਾਕਿੰਗ ਟਾਇਲਾਂ ਲਗਾਉਣ ਦੇ ਕੰਮ ਦਾ ਉਦਘਾਟਨ

## ☛ਮੋਗਾ ਹਲਕੇ 'ਚ ਵਿਕਾਸ ਕਾਰਜਾਂ 'ਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ: ਵਿਧਾਇਕ ਡਾ. ਅਰੋੜਾ

ਮੋਗਾ, 11 ਫਰਵਰੀ (ਗੁਰਦੇਵ ਖੁਰਾਣਾ/ਨਿਸ਼ੀ ਮਨਚੰਦਾ): ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ 48 ਲੱਖ 60 ਹਜ਼ਾਰ ਰੁਪਏ ਦੀ ਲਾਗਤ ਨਾਲ ਮੋਗਾ ਨਗਰ ਨਿਗਮ ਦੇ ਵਾਰਡ ਨੰਬਰ 37 ਅਧੀਨ ਆਉਂਦੇ ਨਿਊ ਟਾਊਨ ਦੀਆਂ ਗਲੀਆਂ 4, 5 ਤੇ 6 ਵਿੱਚ ਇੰਟਰਲਾਕਿੰਗ ਟਾਇਲਾਂ ਲਗਾਉਣ ਦਾ ਉਦਘਾਟਨ ਕੀਤਾ। ਇਸ ਮੌਕੇ ਨਗਰ ਨਿਗਮ ਦੇ ਮੇਅਰ ਪ੍ਰਵੀਨ ਕੁਮਾਰ ਸ਼ਰਮਾ, ਕੌਂਸਲਰ, ਇਲਾਕੇ ਦੇ ਵਸਨੀਕ ਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਮੌਜੂਦ ਸਨ। ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਦੱਸਿਆ ਕਿ ਮੋਗਾ ਸ਼ਹਿਰ ਦੇ ਵਾਰਡਾਂ ਵਿੱਚ ਵਿਕਾਸ ਕਾਰਜ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਵਾਰਡ ਦੇ ਵਿਕਾਸ ਕਾਰਜਾਂ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਇਹ ਕੰਮ ਇਲਾਕੇ ਦੀ ਸੁੰਦਰਤਾ ਤੇ ਸਹੂਲਤਾਂ ਵਿੱਚ ਵਾਧਾ ਕਰਨਗੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਵਾਰਡ ਨਿਵਾਸੀ ਨੂੰ ਕਿਸੇ ਵੀ ਕਿਸਮ ਦੀ ਸਮੱਸਿਆ ਆਉਂਦੀ ਹੈ ਤਾਂ ਇਹ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ, ਜਿਸ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਇਸ ਮੌਕੇ 'ਤੇ ਨਿਊ ਟਾਊਨ ਗਲੀ ਨੰਬਰ-4, 5 ਤੇ 6 ਦੇ ਨਿਵਾਸੀਆਂ ਨੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਤੇ ਨਗਰ ਨਿਗਮ ਦੇ ਮੇਅਰ ਪ੍ਰਵੀਨ ਕੁਮਾਰ ਸ਼ਰਮਾ ਦਾ ਵਾਰਡ ਵਿੱਚ ਵਿਕਾਸ ਕਾਰਜ ਸ਼ੁਰੂ ਕਰਨ ਲਈ ਧੰਨਵਾਦ ਕੀਤਾ।



# ਦੇਸ਼ ਭਗਤ ਯੂਨੀਵਰਸਿਟੀ ਸਕੂਲ ਆਫ਼ ਲਾਅ ਨੇ ਔਰਤਾਂ ਦੇ ਅਧਿਕਾਰਾਂ ਬਾਰੇ ਕਾਨੂੰਨੀ ਸਹਾਇਤਾ ਜਾਗਰੂਕਤਾ ਕੈਂਪ ਲਗਾਇਆ

ਮੰਡੀ ਗੋਬਿੰਦਗੜ੍ਹ, 11 ਫਰਵਰੀ (ਅੰਮ੍ਰਿਤਪਾਲ ਸਿੰਘ/ਸੂਦ): ਏਡੀਆਰ ਸੈਂਟਰ, ਪ੍ਰੋ ਬੋਨੋ ਲੀਗਲ ਸਰਵਿਸ ਕਲੱਬ, ਲੀਗਲ ਏਡ ਸੈੱਲ, ਯੂਨੀਵਰਸਿਟੀ ਸਕੂਲ ਆਫ਼ ਲਾਅ, ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਵੱਲੋਂ ਮਹਿਲਾ ਸ਼ਿਕਾਇਤ ਨਿਵਾਰਣ ਸੈੱਲ, ਐਨਐਸਐਸ ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਹਿਯੋਗ ਨਾਲ ਪਿੰਡ ਮੀਰਪੁਰ ਵਿਖੇ 'ਡਿਜੀਟਲ ਯੁੱਗ ਵਿੱਚ ਔਰਤਾਂ ਦੇ ਅਧਿਕਾਰਾਂ' ਬਾਰੇ ਕਾਨੂੰਨੀ ਸਹਾਇਤਾ ਜਾਗਰੂਕਤਾ ਕੈਂਪ ਪੰਚਾਇਤ ਦੇ ਸਹਿਯੋਗ ਨਾਲ ਲਗਾਇਆ ਗਿਆ। ਸਰਪੰਚ ਹਰਜੋਤ ਕੌਰ ਨੇ ਪਤੀ ਰਣਜੋਧ ਸਿੰਘ ਨਾਲ ਮਿਲ ਕੇ ਕੈਂਪ ਦੀ ਸਫਲਤਾ ਵਿੱਚ ਯੋਗਦਾਨ ਪਾਇਆ। ਇਹ ਕੈਂਪ ਔਰਤਾਂ ਵਿੱਚ ਸਾਈਬਰ ਸੁਰੱਖਿਆ, ਡਿਜੀਟਲ ਗੋਪਨੀਯਤਾ, ਔਨਲਾਈਨ ਪਰੇਸ਼ਾਨੀ, ਸਾਈਬਰ ਅਪਰਾਧ, ਸੋਸ਼ਲ ਮੀਡੀਆ ਦੀ ਦੁਰਵਰਤੋਂ, ਪਛਾਣ ਦੀ ਚੋਰੀ ਤੇ ਉਪਲਬਧ ਕਾਨੂੰਨੀ ਉਪਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ 'ਤੇ ਕੇਂਦ੍ਰਿਤ ਸੀ। ਵਿਦਿਆਰਥੀਆਂ ਨੇ ਸੂਚਨਾ ਤਕਨਾਲੋਜੀ ਐਕਟ 2000 ਦੇ ਮੁੱਖ ਉਪਬੰਧਾਂ, ਅਪਰਾਧਿਕ ਕਾਨੂੰਨ ਦੇ ਸਬੰਧਤ ਭਾਗਾਂ ਤੇ ਸੰਵਿਧਾਨਕ ਸੁਰੱਖਿਆ ਬਾਰੇ ਦੱਸਿਆ ਜਿਸ ਵਿੱਚ ਸਾਈਬਰ ਸਟਾਕਿੰਗ, ਔਨਲਾਈਨ ਧੋਖਾਧੜੀ, ਡਿਜੀਟਲ ਬਲੈਕਮੇਲ ਤੇ ਨਿੱਜੀ ਡੇਟਾ ਦੀ ਸੁਰੱਖਿਆ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਫੈਕਲਟੀ ਮੈਂਬਰ ਡਾ. ਪ੍ਰਭਜੋਤ ਕੌਰ ਘੁੰਮਣ, ਡਾ. ਆਰਤੀ, ਡਾ. ਮਨਪ੍ਰੀਤ ਕੌਰ, ਮਨਪ੍ਰੀਤ ਕੌਰ ਹੇਅਰ, ਸੁਸ਼ਾਨ ਬਾਲੀ ਤੇ ਅਰਸ਼ਦੀਪ ਸਿੰਘ ਨੇ ਪੇਂਡੂ ਖੇਤਰਾਂ ਵਿੱਚ ਔਰਤਾਂ ਨੂੰ ਸਸ਼ਕਤ ਬਣਾਉਣ ਵਿੱਚ ਸਿੱਖਿਆ ਦੀ ਭੂਮਿਕਾ ਨੂੰ ਉਜਾਗਰ ਕੀਤਾ। ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਜ਼ਮੀਨੀ ਪੱਧਰ 'ਤੇ ਸਮਾਜਿਕ ਨਿਆਂ ਅਤੇ ਡਿਜੀਟਲ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਵਿੱਚ ਵਿਦਿਅਕ ਸੰਸਥਾਵਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਕੈਂਪ ਦਾ ਸਮਾਪਨ ਪਿੰਡ ਪ੍ਰਸ਼ਾਸਨ, ਫੈਕਲਟੀ ਮੈਂਬਰਾਂ ਅਤੇ ਭਾਗੀਦਾਰਾਂ ਦੇ ਧੰਨਵਾਦ ਨਾਲ ਹੋਇਆ।



# ਕਿਸਾਨ ਦੇ ਖਾਤੇ 'ਚੋਂ 26 ਲੱਖ ਨਿਕਲਣ ਦੇ ਮਾਮਲੇ ਬਾਰੇ ਬੈਂਕ ਅਧਿਕਾਰੀਆਂ ਦੇ ਭਰੋਸੇ ਬਾਅਦ ਧਰਨਾ ਖ਼ਤਮ

ਅਮਲੋਹ, 11 ਫਰਵਰੀ (ਜਸਵੰਤ ਸਿੰਘ): ਇਥੋਂ ਦੀ ਐਚਡੀਐਫਸੀ ਬੈਂਕ ਦੀ ਬਰਾਂਚ ਵਿੱਚੋਂ ਇੱਕ ਕਿਸਾਨ ਦੀ ਬੈਂਕ ਲਿਮਟ ਦੇ 26 ਲੱਖ ਰੁਪਏ ਭੇਤ-ਭਰੀ ਹਾਲਤ ਵਿੱਚ ਗਾਇਬ ਹੋਣ ਦੇ ਮਾਮਲੇ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਵਲੋਂ ਅਣਮਿੱਥੇ ਸਮੇਂ ਲਈ ਪੀੜਤ ਕਿਸਾਨ ਨੂੰ ਇਨਸਾਫ਼ ਦਿਵਾਉਣ ਲਈ ਲਗਾਇਆ ਧਰਨਾ ਉਸ ਸਮੇਂ ਮੁਲਤਵੀ ਕਰ ਦਿੱਤਾ ਜਦੋਂ ਬਰਾਂਚ ਦੇ ਮੈਨੇਜਰ ਪ੍ਰਿੰਸ ਵਾਲੀਆ ਨੇ ਪੀੜਤ ਕਿਸਾਨਾਂ ਨੂੰ ਲਿਖਤੀ ਭਰੋਸਾ ਦਿੱਤਾ ਕਿ ਉਹ 3 ਹਫ਼ਤੇ ਦੇ ਅੰਦਰ ਅੰਦਰ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਦਾ ਪ੍ਰਬੰਧ ਕਰਨਗੇ, ਜਿਸ ਵਿਚ 9.5.2025 ਨੂੰ ਅਮਲੋਹ ਸ਼ਾਖਾ ਵਿਚ ਖੁੱਲੇ ਖਾਤੇ, ਭਾਦਸੋਂ ਸ਼ਾਖਾ ਬਾਰੇ ਬੰਦ ਖਾਤੇ ਦੀ ਸੂਚਨਾ, ਭਾਦਸੋਂ ਰੋਡ ਸ਼ਾਖਾ ਪਟਿਆਲਾ ਵਿਖੇ ਜਮਾਂ ਕੀਤਾ ਗਿਆ ਆਰਟੀਜੀਐਸ ਲੈਣ-ਦੇਣ ਬਾਰੇ ਵਿਚਾਰ ਉਪਰੰਤ ਜੇਕਰ ਬੇਨਿਯਮੀ ਪਾਈ ਗਈ ਤਾਂ ਕਾਰਵਾਈ ਕੀਤੀ ਜਾਵੇਗੀ। ਇਥੇ ਇਹ ਵਰਨਣਯੋਗ ਹੈ ਕਿ ਕਿਸਾਨ ਰਾਮ ਸਿੰਘ ਅਤੇ ਹਰਮੇਲ ਸਿੰਘ ਵਾਸੀ ਆਲੋਵਾਲ ਨੇ ਦੋਸ਼ ਲਾਇਆ ਸੀ ਕਿ ਉਨ੍ਹਾਂ ਦੀ ਪਟਿਆਲਾ ਬਰਾਂਚ ਵਿਚ 52 ਲੱਖ ਰੁਪਏ ਦੀ ਲਿਮਟ ਸੀ, ਜਿਸ ਵਿਚੋਂ ਉਨ੍ਹਾਂ 26 ਲੱਖ ਰੁਪਏ ਦੀ ਆਪਣੀ ਲੋੜ ਲਈ ਰਾਸ਼ੀ ਕਢਵਾ ਲਈ। ਉਨ੍ਹਾਂ ਦਾ 18 ਅਗਸਤ ਵੱਟਸਐਪ ਕੁਝ ਮਿੰਟਾਂ ਲਈ ਹੈਂਗ ਹੋ ਗਿਆ ਤਾਂ ਉਨ੍ਹਾਂ ਬੈਂਕ ਦੇ ਇੰਦਰਦੀਪ ਸਿੰਘ ਨਾਲ ਸੰਪਰਕ ਕਰਕੇ ਲਿਖਤੀ ਸ਼ਿਕਾਇਤ ਦਿੱਤੀ ਪ੍ਰੰਤੂ ਖਾਤਾ ਬੰਦ ਕਰਨ ਦੀ ਥਾਂ ਉਨ੍ਹਾਂ ਕਿਹਾ ਕਿ ਬੈਂਕਾਂ ਵਿਚੋਂ ਇਸ ਤਰ੍ਹਾਂ ਪੈਸੇ ਨਹੀਂ ਨਿਕਲਦੇ ਜੇਕਰ ਅਜਿਹਾ ਹੁੰਦਾ ਤਾਂ ਬੈਂਕਾਂ ਖਾਲੀ ਹੋ ਜਾਂਦੀਆਂ। ਉਨ੍ਹਾਂ ਦੱਸਿਆ ਕਿ 15.9.2025 ਨੂੰ ਉਨ੍ਹਾਂ 5 ਲੱਖ ਦਾ ਅੰਮ੍ਰਿਤਪਾਲ ਸਿੰਘ ਦੇ ਨਾਮ ਚੈਕ ਦਿੱਤਾ ਪ੍ਰੰਤੂ ਪੈਸੇ ਖਾਤੇ ਵਿਚ ਨਾ ਪੈਣ ਕਾਰਣ 16 ਸਤੰਬਰ ਨੂੰ ਜਦੋਂ ਉਨ੍ਹਾਂ ਪਟਿਆਲਾ ਸਥਿਤ ਬੈਂਕ ਵਿਚ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਤੁਹਾਡਾ ਖਾਤਾ ਅਮਲੋਹ ਟਰਾਂਸਫ਼ਰ ਹੋ ਚੁਕਿਆ ਹੈ ਜਿਥੋਂ 13,14,15 ਸਤੰਬਰ ਨੂੰ 26 ਲੱਖ ਰੁਪਏ ਦੀ ਰਾਸ਼ੀ ਨਿਕਲ ਚੁਕੀ ਹੈ ਜਦੋਂ ਕਿ ਉਨ੍ਹਾਂ ਨਾ ਹੀ ਖਾਤਾ ਟਰਾਂਸਫ਼ਰ ਕਰਵਾਇਆ ਤੇ ਨਾ ਹੀ ਇਹ ਰਾਸ਼ੀ ਕਢਵਾਈ। ਉਨ੍ਹਾਂ ਵੱਲੋਂ ਬੈਂਕ ਅਧਿਕਾਰੀਆਂ ਦੇ ਮਾਮਲਾ ਧਿਆਨ ਵਿਚ ਲਿਆਉਂਣ 'ਤੇ ਕਾਰਵਾਈ ਨਾ ਹੋਣ ਕਾਰਣ ਇਹ ਮਾਮਲਾ ਕਿਸਾਨ ਯੂਨੀਅਨ ਨੂੰ ਦਿੱਤਾ ਗਿਆ ਜਿਨ੍ਹਾਂ ਵਲੋਂ ਬੈਂਕ ਦੀ ਸ਼ਾਖਾ ਅੱਗੇ ਧਰਨਾ ਸ਼ੁਰੂ ਕੀਤਾ ਗਿਆ। ਇਸੇ ਦੌਰਾਨ ਕਿਸਾਨ ਜਥੇਬੰਦੀ ਦੇ ਆਗੂਆਂ ਨੇ ਮਾਮਲੇ ਦੀ ਬਰੀਕੀ ਨਾਲ ਜਾਂਚ ਕਰਵਾ ਕੇ ਦੋਸ਼ੀਆਂ ਖਿਲਾਫ਼ ਕਾਰਵਾਈ ਦੀ ਮੰਗ ਕਰਦਿਆਂ ਚਿਤਾਵਨੀ ਦਿੱਤੀ ਕਿ ਜੇਕਰ ਇਨਸਾਫ਼ ਨਾ ਮਿਲਿਆ ਤਾਂ ਉਹ ਮੁੜ ਧਰਨਾ ਸ਼ੁਰੂ ਕਰਨ ਲਈ ਮਜਬੂਰ ਹੋਣਗੇ।



# ਰਿਮਟ ਯੂਨੀਵਰਸਿਟੀ ਨੇ ਪਿੰਡ ਅੰਬੇ ਮਾਜਰਾ ਵਿਖੇ ਕੈਂਸਰ ਜਾਗਰੂਕਤਾ ਮੁਹਿੰਮ ਚਲਾਈ




ਮੰਡੀ ਗੋਬਿੰਦਗੜ੍ਹ, 11 ਫਰਵਰੀ (ਸੂਦ): ਰਿਮਟ ਯੂਨੀਵਰਸਿਟੀ ਦੇ ਸਕੂਲ ਆਫ਼ ਫਾਰਮਾਸਿਊਟੀਕਲ ਸਾਇੰਸਜ਼ (ਕਾਲਜ ਆਫ਼ ਫਾਰਮੇਸੀ) ਮੰਡੀ ਗੋਬਿੰਦਗੜ੍ਹ ਦੇ ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਨੇ ਪਿੰਡ ਅੰਬੇ ਮਾਜਰਾ ਵਿਖੇ ਵਿਸ਼ਵ ਕੈਂਸਰ ਦਿਵਸ ਮੌਕੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ। ਇਸ ਦਾ ਉਦੇਸ਼ ਭਾਈਚਾਰੇ ਨੂੰ ਕੈਂਸਰ ਦੇ ਵਧ ਰਹੇ ਬੋਝ ਨੂੰ ਹੱਲ ਕਰਨ ਲਈ ਲੋੜੀਂਦੀ ਸ਼ੁਰੂਆਤੀ ਖੋਜ, ਰੋਕਥਾਮ ਤੇ ਮਨੁੱਖੀ-ਕੇਂਦ੍ਰਿਤ ਪਹੁੰਚ ਬਾਰੇ ਜਾਗਰੂਕ ਕਰਨਾ ਸੀ। ਵਿਸ਼ਵ ਕੈਂਸਰ ਦਿਵਸ ਜੋ ਹਰ ਸਾਲ ਵਿਸ਼ਵ ਪੱਧਰ 'ਤੇ ਮਨਾਇਆ ਜਾਂਦਾ ਹੈ, ਕੈਂਸਰ ਸਾਖਰਤਾ ਨੂੰ ਮਜ਼ਬੂਤ ਕਰਨ ਤੇ ਸਮੇਂ ਸਿਰ ਸਿਹਤ ਸੰਭਾਲ ਦਖਲਅੰਦਾਜ਼ੀ ਨੂੰ ਉਤਸ਼ਾਹਿਤ ਕਰਨ ਲਈ ਭਾਈਚਾਰਿਆਂ ਅਤੇ ਸੰਸਥਾਵਾਂ ਨੂੰ ਇਕਜੁੱਟ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਸਾਲ ਦਾ ਥੀਮ ਯੂਨਾਈਟਿਡ ਬਾਇ ਯੂਨੀਕ, ਵਿਅਕਤੀਆਂ ਤੇ ਉਨ੍ਹਾਂ ਦੇ ਜੀਵਿਤ ਅਨੁਭਵਾਂ ਨੂੰ ਕੈਂਸਰ ਦੇਖਭਾਲ ਦੇ ਕੇਂਦਰ ਵਿੱਚ ਰੱਖਣ 'ਤੇ ਜ਼ੋਰ ਦਿੰਦਾ ਹੈ। ਆਊਟਰੀਚ ਦੇ ਹਿੱਸੇ ਵਜੋਂ ਵਿਭਾਗ ਦੇ ਵਿਦਿਆਰਥੀ ਤੇ ਫੈਕਲਟੀ ਨੇ ਪਿੰਡ ਵਾਸੀਆਂ ਨੂੰ ਰੋਕਥਾਮ ਉਪਾਵਾਂ, ਜੀਵਨ ਸ਼ੈਲੀ ਵਿੱਚ ਤਬਦੀਲੀ, ਸ਼ੁਰੂਆਤੀ ਲੱਛਣਾਂ ਤੇ ਨਿਯਮਤ ਸਕ੍ਰੀਨਿੰਗ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਮੁਹਿੰਮ ਨੇ ਕੈਂਸਰ ਦੇ ਭਾਵਨਾਤਮਕ ਤੇ ਸਮਾਜਿਕ ਪਹਿਲੂਆਂ ਨੂੰ ਵੀ ਰੇਖਾਂਕਿਤ ਕੀਤਾ, ਪਰਿਵਾਰਾਂ ਨੂੰ ਹਮਦਰਦੀ ਤੇ ਸਮਝ ਨਾਲ ਇਲਾਜ ਕਰਵਾ ਰਹੇ ਲੋਕਾਂ ਦਾ ਸਮਰਥਨ ਕਰਨ ਦੀ ਅਪੀਲ ਕੀਤੀ। ਇਸ ਖੇਤਰੀ ਪਹਿਲਕਦਮੀ ਰਾਹੀਂ ਯੂਨੀਵਰਸਿਟੀ ਨੇ ਵਿਗਿਆਨਕ ਗਿਆਨ ਨੂੰ ਜ਼ਮੀਨੀ ਪੱਧਰ 'ਤੇ ਜਾਗਰੂਕਤਾ ਨਾਲ ਜੋੜ ਕੇ ਭਾਈਚਾਰਕ ਭਲਾਈ ਤੇ ਸਿਹਤ ਸਿੱਖਿਆ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਪ੍ਰੋਗਰਾਮ ਦੀ ਸਮਾਪਤੀ ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦੇ ਡੀਨ ਦੁਆਰਾ ਦਿੱਤੇ ਗਏ ਧੰਨਵਾਦ ਮਤੇ ਨਾਲ ਹੋਈ, ਜਿਨ੍ਹਾਂ ਮੁਹਿੰਮ ਨੂੰ ਪ੍ਰਭਾਵਸ਼ਾਲੀ ਤੇ ਸਾਰਥਕ ਬਣਾਉਣ ਵਿੱਚ ਵਿਦਿਆਰਥੀ ਤੇ ਫੈਕਲਟੀ ਦੇ ਸਮਰਪਿਤ ਯਤਨਾਂ ਦੀ ਸ਼ਲਾਘਾ ਕੀਤੀ।

# ਕੈਂਬਰਿਜ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਤੀਰਅੰਦਾਜ਼ੀ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ



ਲੋਹੀਆਂ ਖਾਸ, 11 ਫਰਵਰੀ (ਸਬਪ੍ਰੀਤ ਸਿੰਘ): ਇਲਾਕਾ ਸੁਲਤਾਨਪੁਰ ਲੋਧੀ ਵਿਖੇ ਆਪਣੀ ਵਿਲੱਖਣ ਪਹਿਚਾਣ ਰੱਖਣ ਵਾਲੇ ਕੈਂਬਰਿਜ ਇੰਟਰਨੈਸ਼ਨਲ ਸਕੂਲ ਸੁਲਤਾਨਪੁਰ ਲੋਧੀ ਦੇ ਵਿਦਿਆਰਥੀਆਂ ਨੇ ਤੀਰਅੰਦਾਜ਼ੀ ਮੁਕਾਬਲੇ ਵਿੱਚ ਹਿੱਸਾ ਲੈ ਕੇ ਸ਼ਾਨਦਾਰ ਪ੍ਰਦਰਸ਼ਨ। ਇਹ ਮੁਕਾਬਲਾ 4 ਫਰਵਰੀ 2026 ਨੂੰ ਅਬੋਹਰ ਫਾਜ਼ਿਲਕਾ ਵਿਖੇ ਆਯੋਜਿਤ ਕੀਤਾ ਗਿਆ ਸੀ। ਜਿਸ ਵਿਚ ਸਕੂਲ ਦੇ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਤੇ ਤਗਮੇ ਜਿੱਤੇ। 18 ਸਾਲ ਤੋਂ ਘੱਟ ਉਮਰ ਵਰਗ ਵਿੱਚ ਕਲਾਸ ਗਿਆਰ੍ਹਵੀਂ ਦੀ ਅਮਨਪ੍ਰੀਤ ਕੌਰ ਨੇ ਚਾਂਦੀ ਦਾ ਤਗਮਾ, 9ਵੀਂ ਜਮਾਤ ਦੇ ਸੁਖਰਾਜ ਸਿੰਘ ਨੇ ਚਾਂਦੀ ਦਾ ਤਗਮਾ, 5ਵੀਂ ਜਮਾਤ ਦੇ ਪਰਮਵੀਰ ਨੇ ਚਾਂਦੀ ਦਾ ਤਗਮਾ ਤੇ ਅਮੋਲ ਨੇ ਸੋਨੇ ਦਾ ਤਗਮਾ ਜਿੱਤਿਆ। ਵਧੀਆ ਪ੍ਰਦਰਸ਼ਨ ਦਿਖਾਉਂਦੇ ਹੋਏ ਵਿਦਿਆਰਥੀਆਂ ਵੱਲੋਂ ਸਮੂਹਿਕ ਤੌਰ 'ਤੇ ਦੂਜਾ ਸਥਾਨ ਪ੍ਰਾਪਤ ਕੀਤਾ ਤੇ ਚਾਂਦੀ ਦਾ ਤਗਮਾ ਜਿੱਤਿਆ। ਵਿਦਿਆਰਥੀਆਂ ਦੀ ਇਸ ਪ੍ਰਾਪਤੀ ਦਾ ਸਿਹਰਾ ਅਧਿਆਪਕ ਸਚਿਨ ਕੁਮਾਰ ਨੂੰ ਜਾਂਦਾ ਹੈ। ਇਸ ਮੌਕੇ 'ਤੇ ਸਕੂਲ ਦੇ ਐਮ.ਡੀ ਕਮਲਪ੍ਰੀਤ ਕੌਰ, ਪ੍ਰਿੰਸੀਪਲ ਰਾਜਬੀਰ ਕੌਰ ਸੈਣੀ ਤੇ ਵਾਈਸ ਪ੍ਰਿੰਸੀਪਲ ਆਸ਼ੂ ਵਾਹੀ ਵੱਲੋਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਨਰਾਇਣਗੜ੍ਹ ਸਕੂਲ ਦੇ +1 ਦੇ ਵਿਦਿਆਰਥੀ ਦੀ ਹਾਦਸੇ 'ਚ ਮੌਤ

ਅਮਲੋਹ, 11 ਫਰਵਰੀ (ਜਸਵੰਤ ਸਿੰਘ): ਪੀਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਰਾਇਣਗੜ੍ਹ ਦੇ +1 (ਗਿਆਰਵੀਂ) ਦੇ ਵਿਦਿਆਰਥੀ ਕਰਨਵੀਰ ਸਿੰਘ ਪੁੱਤਰ ਅਸ਼ੋਕ ਕੁਮਾਰ ਵਾਸੀ ਪਿੰਡ ਸਲਾਣੀ ਦੀ ਮੋਟਰਸਾਇਕਲ ਹਾਦਸੇ ਵਿਚ ਮੌਤ ਹੋ ਗਈ। ਪ੍ਰਾਪਤ ਸੂਚਨਾ ਅਨੁਸਾਰ ਉਹ ਆਪਣੇ ਸਪਲੈਂਡਰ ਮੋਟਰਸਾਇਕਲ ਨੰਬਰ ਪੀਬੀ23ਕਿਉਂ-3184 'ਤੇ ਪਿੰਡ ਨਰਾਇਣਗੜ੍ਹ ਤੋਂ ਸਲਾਣੀ ਨੂੰ ਜਾ ਰਿਹਾ ਸੀ ਕਿ ਸੜਕ ਉਪਰ ਟੋਏ ਦੌਰਾਨ ਉਸ ਦਾ ਮੋਟਰਸਾਇਕਲ ਬੇਕਾਬੂ ਹੋ ਕੇ ਬਿਜਲੀ ਦੇ ਖੰਭੇ ਨਾਲ ਟਕਰਾ ਗਿਆ, ਜਿਸ ਕਾਰਣ ਉਹ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਕਾਂਗਰਸ ਪਾਰਟੀ ਦੇ ਬੀਸੀ ਸੈਲ ਦੇ ਅਮਲੋਹ ਬਲਾਕ ਦੇ ਪ੍ਰਧਾਨ ਗੁਰਮੁੱਖ ਸਿੰਘ ਨਰਾਇਣਗੜ੍ਹ ਨੇ ਸਿਵਲ ਹਸਪਤਾਲ ਅਮਲੋਹ ਲਿਆਂਦਾ, ਜਿਥੇ ਉਹ ਜ਼ਖ਼ਮਾਂ ਦੀ ਤਾਬ ਨਾ ਝੱਲਦਾ ਹੋਇਆ ਮੌਤ ਦਾ ਸ਼ਿਕਾਰ ਹੋ ਗਿਆ। ਉਸ ਦੀ ਮੌਤ ਦੀ ਖ਼ਬਰ ਸੁਣਦੇ ਹੀ ਸਕੂਲ ਤੇ ਪਿੰਡ ਵਿਚ ਸੋਗ ਦੀ ਲਹਿਰ ਛਾ ਗਈ।



# ਸਰਬੱਤ ਦਾ ਭਲਾ ਟਰੱਸਟ ਨੇ ਲੋੜਵੰਦ ਪਰਿਵਾਰਾਂ ਨੂੰ ਵੰਡੇ ਮਹੀਨਾਵਾਰ ਸਹਾਇਤਾ ਰਾਸ਼ੀ ਦੇ ਚੈੱਕ

ਮੱਲਾਂਵਾਲਾ, 11 ਫਰਵਰੀ (ਹਰਪਾਲ ਸਿੰਘ ਖਾਲਸਾ): ਸੇਵੀਅਰ ਸਿੰਘ ਵੱਜੋਂ ਜਾਣੇ ਜਾਂਦੇ ਦੁੱਬਈ ਦੇ ਉੱਘੇ ਕਾਰੋਬਾਰੀ ਤੇ ਉਘੇ ਸਮਾਜ ਸੇਵੀ ਡਾ. ਐਸ ਪੀ ਸਿੰਘ ਉਬਰਾਏ ਦੀ ਯੋਗ ਅਗਵਾਈ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਫਿਰੋਜ਼ਪੁਰ ਸਿਟੀ ਦੇ ਬੱਸ ਸਟੈਂਡ ਅੰਦਰ ਬਣੇ ਕਾਮਰੇਡ ਦਿਆਲ ਸਿੰਘ ਸੰਧੂ ਯਾਦਗਾਰੀ ਹਾਲ ਵਿੱਚ ਕਰਵਾਏ ਗਏ ਸਾਦੇ ਸਮਾਗਮ ਦੌਰਾਨ ਫਿਰੋਜ਼ਪੁਰ ਸਿਟੀ ਤੇ ਛਾਉਣੀ ਨਾਲ ਸਬੰਧਤ 31 ਜ਼ਰੂਰਤਮੰਦਾਂ, ਵਿਧਵਾਵਾਂ ਅਤੇ ਅੰਗਹੀਣ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ। ਇਹ ਚੈੱਕ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਮੈਡਮ ਅਮਰਜੀਤ ਕੌਰ ਛਾਬੜਾ ਤੇ ਸਿਟੀ ਤੇ ਛਾਉਣੀ ਦੇ ਇੰਚਾਰਜ ਬਲਵਿੰਦਰਪਾਲ ਸ਼ਰਮਾ ਤੇ ਹੋਰ ਮੈਂਬਰਾਂ ਵੱਲੋਂ ਵੰਡੇ ਗਏ। ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ ਸਿਟੀ, ਛਾਉਣੀ ਦੇ ਇਸਤਰੀ ਵਿੰਗ ਦੇ ਇੰਚਾਰਜ ਮੈਡਮ ਤਲਵਿੰਦਰ ਕੌਰ ਤੇ ਰਣਧੀਰ ਜੋਸ਼ੀ ਵੱਲੋਂ ਦੱਸਿਆ ਗਿਆ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਐਸ ਪੀ ਸਿੰਘ ਓਬਰਾਏ ਵੱਲੋਂ ਲੰਮੇ ਸਮੇਂ ਤੋਂ ਲੋੜਵੰਦਾਂ ਦੀ ਭਲਾਈ ਦੇ ਕਿਸੇ ਹੋਰ ਤੋਂ ਬਿਨਾਂ ਮਾਲੀ ਮੱਦਦ ਲਏ ਆਪਣੇ ਕੋਲੋਂ ਹੀ ਲਗਾਤਾਰ ਆਰਥਿਕ ਸਹਾਇਤਾ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਫਿਰੋਜ਼ਪੁਰ ਜ਼ਿਲ੍ਹੇ ਅੰਦਰ ਪੰਜ ਆਧੁਨਿਕ ਸਹੂਲਤਾਂ ਵਾਲੀਆਂ ਮੈਡੀਕਲ ਲੈਬੋਰਟਰੀਆਂ, ਫਿਜ਼ੀਓਥਰੈਪੀ ਸੈਂਟਰ, ਫਰੀ ਕੰਪਿਊਟਰ ਸੈਂਟਰ, ਫਰੀ ਸਿਲਾਈ ਸੈਂਟਰ, ਅੱਖਾਂ ਦੇ ਫਰੀ ਚੈਕਅਪ ਕੈਂਪ, ਲੋੜਵੰਦ ਹੁਸ਼ਿਆਰ ਵਿਦਿਆਰਥੀਆਂ ਨੂੰ ਸਕਾਲਰਸ਼ਿਪ, ਐਂਬੂਲੈਂਸ ਤੇ ਜ਼ਿਲ੍ਹੇ ਅੰਦਰ 1 ਲੱਖ 40 ਹਜ਼ਾਰ ਰੁਪਏ ਦੀ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਲੋੜਵੰਦ ਪਰਿਵਾਰਾਂ ਨੂੰ ਵੰਡੇ ਜਾਂਦੇ ਹਨ।



# ਮਾਤਾ ਗੁਜਰੀ ਕਾਲਜ ਵਿਖੇ ਆਊਟਰੀਚ ਪ੍ਰੋਗਰਾਮ ਕਰਵਾਇਆ

ਸ੍ਰੀ ਫ਼ਤਹਿਗੜ੍ਹ ਸਾਹਿਬ, 11 ਫਰਵਰੀ (ਹਰਪ੍ਰੀਤ ਕੌਰ ਟਿਵਾਣਾ): ਮਾਤਾ ਗੁਜਰੀ ਕਾਲਜ ਦੇ ਰਿਸਰਚ ਐਂਡ ਡਿਵੈਲਪਮੈਂਟ ਸੈੱਲ ਵੱਲੋਂ ਕਾਲਜ ਦੇ ਇੰਸਟੀਚਿਊਟ ਇਨੋਵੇਸ਼ਨ ਸੈੱਲ ਦੇ ਸਹਿਯੋਗ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਟਿੱਬਾ (ਸੰਗਰੂਰ) ਦੇ ਵਿਦਿਆਰਥੀਆਂ ਲਈ ਨਵੀਨਤਾ ਤੇ ਉਤਮਤਾ ਆਊਟਰੀਚ ਪ੍ਰੋਗਰਾਮ ਦਾ ਸਫ਼ਲ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਰਚਨਾਤਮਕ ਸੋਚ, ਸਟਾਰਟ-ਅੱਪਸ, ਸਮੱਸਿਆ ਹੱਲ ਕਰਨ ਦੇ ਹੁਨਰ ਤੇ ਨਵੀਨਤਾ ਦੀ ਮਹੱਤਤਾ ਸਬੰਧੀ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਿੱਖਿਆ ਭਰਪੂਰ ਪ੍ਰੋਗਰਾਮ ਵਿਦਿਆਰਥੀਆਂ ਦੇ ਵਿੱਦਿਅਕ ਤੇ ਵਿਹਾਰਕ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਕਾਲਜ ਦੇ ਬਾਇਓਟੈਕਨੋਲੋਜੀ ਵਿਭਾਗ ਦੇ ਐਸੋਸੀਏਟ ਪ੍ਰੋਫ਼ੈਸਰ ਡਾ. ਜਗਦੀਸ਼ ਸਿੰਘ ਨੇ ਵਿਦਿਆਰਥੀਆਂ ਨੂੰ ਆਂਤ੍ਰਪ੍ਰਨਿਓਰਸ਼ਿਪ ਮਾਨਸਿਕਤਾ ਵਿਕਸਿਤ ਕਰਨ, ਨਵੇਂ ਮੌਕਿਆਂ ਦੀ ਪਛਾਣ ਕਰਨ ਤੇ ਨਵੀਨਤਾਕਾਰੀ ਵਿਚਾਰਾਂ ਨੂੰ ਸਫ਼ਲ ਕਰੀਅਰ ਵਿੱਚ ਬਦਲਣ ਸਬੰਧੀ ਵਡਮੁੱਲੀ ਜਾਣਕਾਰੀ ਪ੍ਰਦਾਨ ਕੀਤੀ। ਪ੍ਰੋਗਰਾਮ ਦੇ ਅਖੀਰ ਵਿੱਚ ਇੱਕ ਇੰਟਰਐਕਟਿਵ ਚਰਚਾ ਸੈਸ਼ਨ ਹੋਇਆ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਕਾਲਜ ਦੇ ਪ੍ਰੋ. ਹਰਸਿਮਰਤ ਕੌਰ, ਡਾ. ਸੰਗੀਤਾ ਜੋਸ਼ੀ, ਡਾ. ਰਵਿੰਦਰ ਕੁਮਾਰ, ਪ੍ਰੋ. ਪ੍ਰਭਲੀਨ ਕੌਰ ਤੇ ਹੋਰ ਅਧਿਆਪਕਾਂ ਨੇ ਵਿਦਿਆਰਥੀਆਂ ਨਾਲ ਵੱਖ-ਵੱਖ ਵਿਸ਼ਿਆਂ ਸਬੰਧੀ ਵਡਮੁੱਲੀ ਜਾਣਕਾਰੀ ਸਾਂਝੀ ਕੀਤੀ।



# ਗੁਰੂ ਸਾਹਿਬ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ 'ਤੇ ਰਾਜ ਪੱਧਰੀ ਸਮਾਗਮ ਕਰਵਾਉਣ ਲਈ ਮੁੱਖ ਮੰਤਰੀ ਸੈਨੀ ਵੱਲੋਂ ਟਿੱਕਾ ਸਨਮਾਨਿਤ

ਲੁਧਿਆਣਾ, 11 ਫਰਵਰੀ (ਰਵਿੰਦਰ ਸਿੰਘ ਨਿੱਝਰ): ਭਾਜਪਾ ਦੀ ਸੂਬਾ ਕਾਰਜਕਾਰਨੀ ਕਮੇਟੀ ਦੇ ਮੈਂਬਰ ਤੇ ਪੰਜਾਬ ਮੀਡੀਅਮ ਉਦਯੋਗ ਵਿਕਾਸ ਬੋਰਡ ਦੇ ਸਾਬਕਾ ਚੇਅਰਮੈਨ ਅਮਰਜੀਤ ਸਿੰਘ ਟਿੱਕਾ ਨੇ ਹਰਿਆਣਾ ਦੇ ਹਰਮਨ ਪਿਆਰੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੂੰ ਉਹਨਾਂ ਦੇ ਮੁੱਖ ਮੰਤਰੀ ਨਿਵਾਸ ਵਿਖੇ ਸਨਮਾਨਿਤ ਕੀਤਾ। ਇਸ ਮੌਕੇ ਸ੍ਰੀ ਟਿੱਕਾ ਨੇ ਕਿਹਾ ਕਿ ਹਰਿਆਣੇ ਵਿੱਚ ਪਹਿਲੀ ਵਾਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਨੂੰ ਮੌਕੇ ਰਾਜ ਪੱਧਰੀ ਸਮਾਗਮ ਕਰਵਾ ਕੇ ਮਨਾਉਣਾ ਉਹਨਾਂ ਦੀ ਇਤਿਹਾਸਿਕ ਪਹਿਲ ਕਦਮੀ ਲਈ ਸ਼ਲਾਘਾ ਯੋਗ ਕਦਮ ਹੈ। ਉਹਨਾਂ ਕਿਹਾ ਕਿ ਰਾਜ ਪੱਧਰ 'ਤੇ ਇਹ ਮਾਨਤਾ ਸਿੱਖ



ਇਤਿਹਾਸ, ਕੁਰਬਾਨੀ ਅਤੇ ਕਦਰਾਂ ਕੀਮਤਾਂ ਪ੍ਰਤੀ ਉਹਨਾਂ ਦੇ ਡੂੰਘੇ ਸਤਿਕਾਰ ਨੂੰ ਦਰਸਾਉਂਦੀ ਹੈ। ਇਸ ਤੋਂ ਪਹਿਲਾਂ ਹਰਿਆਣਾ ਦੇ ਕਿਸੇ ਵੀ ਮੁੱਖ ਮੰਤਰੀ ਨੇ ਸਿੱਖ ਗੁਰੂ ਸਾਹਿਬਾਨਾਂ ਦੀ ਸ਼ਹਾਦਤ ਨੂੰ ਅਜਿਹੇ ਹੀ ਢੰਗ ਨਾਲ ਮਨਾਉਣ ਲਈ ਅਜਿਹਾ ਸਾਰਥਿਕ ਕਦਮ ਨਹੀਂ ਚੁੱਕਿਆ ਸੀ। ਉਹਨਾਂ ਕਿਹਾ ਕਿ ਨਾਇਬ ਸਿੰਘ ਸੈਨੀ ਦੇ ਇਹਨਾਂ ਯਤਨਾਂ ਨੇ ਸਿੱਖ ਭਾਈਚਾਰੇ ਅੰਦਰ ਸਤਿਕਾਰ ਅਤੇ ਆਪਣੇਪਣ ਦੀ ਭਾਵਨਾ ਨੂੰ ਮਜ਼ਬੂਤ ਕੀਤਾ ਹੈ। ਉਹਨਾਂ ਇਹ ਵੀ ਕਿਹਾ ਕਿ ਇਹ ਪਹਿਲਾ ਮੌਕਾ ਹੈ ਕਿ ਹਰਿਆਣੇ ਵੱਲੋਂ ਪੰਜਾਬ ਵੱਲ ਠੰਡੀਆਂ ਹਵਾਵਾਂ ਦੇ ਬੁੱਲੇ ਆਏ ਹਨ। ਟਿੱਕਾ ਨੇ ਮੁੱਖ ਮੰਤਰੀ ਸੈਨੀ ਦੀ ਇਸ ਗੱਲੋਂ ਸਲਾਘਾ ਕੀਤੀ ਕਿ ਰਾਜ ਦੇ ਸਭ ਤੋਂ ਉੱਚੇ ਅਹੁਦੇ 'ਤੇ ਹੋਣ ਦੇ ਬਾਵਜੂਦ ਨਿਮਰਤਾ ਅਤੇ ਧੀਰਜ ਉਹਨਾਂ ਦੇ ਚਿਹਰੇ ਤੋਂ ਹੀ ਝਲਕਦਾ ਹੈ ਅਤੇ ਉਹ ਪੰਜਾਬ ਤੋਂ ਮਿਲਣ ਆਉਣ ਵਾਲੇ ਹਰ ਵਿਅਕਤੀ ਦਾ ਖੁਸ਼ੀ ਨਾਲ ਸਵਾਗਤ ਕਰਦੇ ਹਨ। ਸ੍ਰੀ ਟਿੱਕਾ ਨੇ ਕਿਹਾ ਕਿ ਸ਼੍ਰੀ ਸੈਨੀ ਦੀ ਪੰਜਾਬ ਪ੍ਰਤੀ ਸੋਚ ਕਾਰਨ ਉਹਨਾਂ ਦੀ ਯੋਗ ਅਗਵਾਈ ਪੰਜਾਬ ਦੇ ਹਰਿਆਣਾ ਨਾਲ ਮਸਲਿਆਂ ਨੂੰ ਹੱਲ ਕਰਵਾਉਣ 'ਚ ਅਹਿਮ ਯੋਗਦਾਨ ਪਾ ਸਕਦੀ ਹੈ।

# ਮਹਾਂਸ਼ਿਵਰਾਤਰੀ ਦੇ ਮੌਕੇ 'ਤੇ ਵਿਸ਼ਾਲ ਸ਼ੋਭਾ ਯਾਤਰਾ ਭਲਕੇ

## ਸ੍ਰੀ ਨੀਲਕੰਠ ਸੇਵਾ ਦਲ ਵੱਲੋਂ ਮਹਾਂਸ਼ਿਵਰਾਤਰੀ ਦੇ ਸੰਬੰਧ 'ਚ ਮੀਟਿੰਗ

ਦੋਰਾਹਾ, ਲੁਧਿਆਣਾ, 11 ਫਰਵਰੀ (ਸੰਜੀਵ ਲਹਿਲ/ਮੁਦਿਤ ਮੋਹਿੰਦਰਾ) : ਹਰ ਸਾਲ ਦੀ ਤਰ੍ਹਾਂ, ਇਸ ਸਾਲ ਵੀ, ਸ਼੍ਰੀ ਨੀਲਕੰਠ ਸੇਵਾ ਦਲ, ਦੋਰਾਹਾ, ਵੱਲੋਂ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ, ਮਿਤੀ 13 ਫਰਵਰੀ ਨੂੰ ਮਹਾਂਸ਼ਿਵਰਾਤਰੀ ਦੇ ਮੌਕੇ 'ਤੇ ਇੱਕ ਵਿਸ਼ਾਲ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਅਨਿਲ ਪ੍ਰਭਾਤ ਮਹਿਤਾ, ਤਰਵਿੰਦਰ ਕੁਮਾਰ ਬੌਬੀ, ਉਦੈ ਸ਼ਰਮਾ ਨੰਨ੍ਹਾ, ਅਤੇ ਸ਼ਿਵੇਕ ਸੂਦ ਨੇ ਦੱਸਿਆ ਕਿ ਇਹ ਵਿਸ਼ਾਲ ਸ਼ੋਭਾ ਯਾਤਰਾ ਸਨਾਤਨ ਧਰਮ ਮੰਦਰ ਤੋਂ ਸ਼ੁਰੂ ਹੋਵੇਗਾ ਅਤੇ ਪੂਰੇ ਸ਼ਹਿਰ ਦੀ ਪਰਿਕਰਮਾ ਕਰੇਗੀ ਉਨ੍ਹਾਂ ਅੱਗੇ ਕਿਹਾ ਕਿ ਇਸ ਸ਼ੋਭਾ ਯਾਤਰਾ 'ਚ ਮੁੱਖ ਤੌਰ 'ਤੇ ਸ਼੍ਰੀ ਸ਼ਿਵ ਸ਼ਕਤੀ ਡਮਰੂ ਦਲ, ਮਹਾਕਾਲੀ ਮੰਦਰ, ਭੂਤੇਸ਼ਵਰ ਸਾਗਰ, ਮੱਧ ਪ੍ਰਦੇਸ਼, ਅਤੇ ਸ਼ੁਭਮ ਬਾਲੀ ਐਂਡ ਪਾਰਟੀ ਲੁਧਿਆਣਾ ਦੁਆਰਾ ਭਗਵਾਨ ਭੋਲੇ ਨਾਥ ਜੀ ਦੀ ਮਹਿਮਾ ਦਾ ਗੁਣਗਾਨ ਗਾਇਆ ਜਾਵੇਗਾ। ਇਸ ਮੌਕੇ 'ਤੇ ਝਾਕੀਆਂ ਦੇਖਣ ਯੋਗ ਹੋਣਗੀਆਂ ਓਹਨਾਂ ਦੱਸਿਆ ਕਿ ਮਹਾਂਸ਼ਿਵਰਾਤਰੀ ਵਾਲੇ ਦਿਨ, 15 ਫਰਵਰੀ, ਸਵੇਰੇ 10 ਵਜੇ ਤੋਂ ਰਾਤ 9 ਵਜੇ ਤੱਕ, ਭੰਡਾਰਾ ਅਟੁੱਟ ਵਰਤੇਗਾ ਇਸ ਮੌਕੇ ਮੀਟਿੰਗ ਵਿੱਚ ਮੁੱਖ ਤੌਰ 'ਤੇ ਕੇਸ਼ਵ ਪਾਠਕ, ਅਰਵਿੰਦ ਰਤਨ, ਡਾ. ਸਾਹਿਲ ਭਾਂਬਰੀ,ਸੰਨੀ ਆਸ਼ਟ (ਬਲਜੀਤ ਜਵੈਲਰਜ਼) ਵਿਨੀਤ ਆਸ਼ਟ (ਸੁਹਾਗ ਜਵੈਲਰਜ਼) ਵਿਨੀਤ ਮਕੋਲ (ਲਵਲੀ ਸਵੀਟਸ) ਮਨੂ ਸ਼ਰਮਾ, ਰਾਹੁਲ ਉਰਫ਼ ਨੌਈ ਪ੍ਰਿਤਪਾਲ ਸਿੰਘ ਮਾਂਗਟ (ਮਾਂਗਟ ਡੇਅਰੀ), ਡਾ: ਮਨਦੀਪ ਸਿੰਘ ਭੰਗੂ, ਕੇਸ਼ਵ ਧਾਮੀ, ਪੰਕਜ ਬਾਂਸਲ, ਵਿੱਕੀ , ਪੰਡਿਤ ਭਗਵਾਨ ਤਿਵਾੜੀ , ਵਿੱਕੀ ਬੈਕਟਰ, ਪੰਡਿਤ ਅਮਰੀਸ਼ ਰਿਸ਼ੀ, ਪ੍ਰਦੀਪ ਆਨੰਦ ਵਿਸ਼ਨੂੰ ਦੱਤ ਸ਼ਰਮਾ, ਸੰਜੇ ਕੁਮਾਰ ਗੋਲਡੀ, ਪੰਕਜ ਸੂਦ , ਅਭਿਸ਼ੇਕ ਮਹਿੰਦਰਾ, ਚਿੰਟੂ ਬਾਂਸਲ, ਗੌਰਵ ਮਹਿੰਦਰਾ, ਅਰੁਣ ਮਕੋਲ, ਬੌਬੀ ਕਪਿਲ, ਅਮਿਤ ਵਿਸ਼ਿਸ਼ਟ, ਪ੍ਰਦੀਪ ਜਿੰਦਲ, ਰਾਮਕੁਮਾਰ ਮਹਿੰਦਰਾ, ਸਮਾਜ ਸੇਵੀ ਗੁਰਜੋਤ ਕੌਰ ਮਾਂਗਟ , ਪ੍ਰਿੰ. ਜਤਿੰਦਰ ਸ਼ਰਮਾ, ਮਨਜੋਤ ਮਾਨ, ਰਾਜੇਸ਼ ਕੁਮਾਰ (ਸਿਹਤ ਵਿਭਾਗ), ਬੌਬੀ ਤਿਵਾੜੀ (ਪ੍ਰਧਾਨ ਆਲ ਟਰੇਡ ਯੂਨੀਅਨ) ਸ਼ਾਰੂ ਕਪੂਰ , ਕਰਨ ਸੂਦ, ਨੀਤੂ ਸਿੰਘ, ਅਨੁਰਾਗ ਵਿਨਾਇਕ, ਮਨੋਜ ਕੁਮਾਰ ਮੌਜੀ, ਅਨੀਸ਼ ਅਬਲਿਸ਼, ਪ੍ਰਾਂਸ਼ੂ ਤਿਵਾੜੀ, ਮੁਕੇਸ਼ ਕੁਮਾਰ ਮੋਨੂੰ, ਗੋਲਡੀ ਗੋਇਲ, ਪਵਨ ਕੁਮਾਰ, ਪਲਵਿੰਦਰ ਸਿੰਘ ਬਿੱਟੂ ਸਰਪੰਚ ਲੰਡਾ, ਗਗਨ ਵਰਮਾ, ਸਰਪੰਚ ਕਰਮਵੀਰ ਤੂਰ, ਅਸ਼ੀਸ਼ ਸੂਦ, ਵਿਪਨ ਸੇਠੀ, ਵਿੱਕੀ ਰੱਖੜਾ, ਪੱਤਰਕਾਰ ਅਮਰੀਸ਼ ਆਨੰਦ, ਅਮਿਤ ਮਹਿੰਦਰਾ, ਰਾਜੇਸ਼ ਇਬਲਿਸ਼, ਚੀਨੂ ਸ਼ਰਮਾ ਸਾਬਕਾ ਐਸਐਚਓ ਨਸ਼ਤਰ ਸਿੰਘ, ਗੁਰਜੀਤ ਸਿੰਘ ਦਿਓਲ ਆਦਿ ਹਾਜ਼ਰ ਸਨ।

# ਬਾਬਾ ਡਾਂਗੋ ਦੀ ਸਰਪ੍ਰਸਤੀ ਅਤੇ ਅਰੋੜਾ ਦੀ ਪ੍ਰਧਾਨਗੀ ਹੇਠ ਨਿਕਲੇਗੀ 'ਖ਼ਾਲਸਾਈ ਸੰਗਤ ਯਾਤਰਾ'



ਲੁਧਿਆਣਾ, 11 ਫਰਵਰੀ (ਰਵਿੰਦਰ ਸਿੰਘ ਨਿੱਝਰ): ਗੁਰਮਤਿ ਪ੍ਰਚਾਰ ਮਿਸ਼ਨ ਦੇ ਸਰਪ੍ਰਸਤ ਅਤੇ ਸ੍ਰੀ ਨਾਨਕਸਰ ਦਰਬਾਰ ਠਾਠ ਡਾਂਗੋਂ ਦੇ ਮੁੱਖ ਸੇਵਾਦਾਰ ਬਾਬਾ ਸਰਬਜੋਤ ਸਿੰਘ ਜੀ ਡਾਂਗੋ ਵਾਲਿਆਂ ਦੀ ਅਗਵਾਈ ਹੇਠ ਵਿਸਾਖੀ ਨੂੰ ਸਮਰਪਿਤ ਖਾਲਸਾਈ ਸੰਗਤ ਯਾਤਰਾ ਕੱਢੀ ਜਾਵੇਗੀ। ਜੋ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਦੇ ਵਿੱਚੋਂ ਹੁੰਦੀ ਹੋਈ ਆਲਮਗੀਰ ਸਾਹਿਬ ਵਿਖੇ ਸੰਪੰਨ ਹੋਵੇਗੀ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਬਾਬਾ ਡਾਂਗੋ ਨੇ ਦੱਸਿਆ ਕਿ ਇਸ ਚੇਤਨਾ ਯਾਤਰਾ ਦੇ ਸਮੁੱਚੇ ਪ੍ਰਬੰਧ ਲਈ ਸੱਤ ਮੈਂਬਰੀ ਕਮੇਟੀ ਬਣਾ ਕੇ ਸਮਾਜ ਸੇਵੀ ਜਗਜੀਤ ਸਿੰਘ ਅਰੋੜਾ ਨੂੰ ਕਮੇਟੀ ਪ੍ਰਧਾਨ ਬਣਾਇਆ ਗਿਆ ਹੈ, ਜਿਨ੍ਹਾਂ ਦੀ ਦੇਖ ਦੇਖ ਦੇ ਵਿੱਚ ਇਹ ਯਾਤਰਾ ਕੱਢੀ ਜਾਵੇਗੀ। ਇਸ ਮੌਕੇ ਅਰੋੜਾ ਨੇ ਵੀ ਕਿਹਾ ਇਸ ਯਾਤਰਾ ਸਿੱਖ ਇਤਿਹਾਸ, ਗੁਰੂਆਂ ਦੀ ਬਾਣੀ ਅਤੇ ਖ਼ਾਲਸਾ ਪੰਥ ਦੀ ਸ਼ਾਨ ਨਾਲ ਸਬੰਧਿਤ ਹੋਵੇਗੀ ਅਤੇ ਇਸ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਸੰਗਤ, ਨੌਜਵਾਨ, ਧਾਰਮਿਕ ਅਤੇ ਸਮਾਜਿਕ ਆਗੂਆਂ ਵੱਲੋਂ ਸ਼ਮੂਲੀਅਤ ਕੀਤੀ ਜਾਵੇਗੀ। ਜਿਸਦਾ ਮਕਸਦ ਨੌਜਵਾਨ ਪੀੜ੍ਹੀ ਨੂੰ ਆਪਣੀ ਧਾਰਮਿਕ ਵਿਰਾਸਤ ਨਾਲ ਜੋੜਨਾ, ਨਸ਼ਿਆਂ ਅਤੇ ਸਮਾਜਿਕ ਬੁਰਾਈਆਂ ਦੇ ਖ਼ਿਲਾਫ਼ ਜਾਗਰੂਕਤਾ ਪੈਦਾ ਕਰਨਾ ਅਤੇ ਕੌਮੀ ਏਕਤਾ ਨੂੰ ਮਜ਼ਬੂਤ ਕਰਨਾ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੀ ਸਿੱਖਿਆ ਅਨੁਸਾਰ ਸੱਚ, ਇਨਸਾਫ਼ ਅਤੇ ਸੇਵਾ ਦੇ ਮਾਰਗ 'ਤੇ ਚੱਲਣਾ ਅਤੇ ਸਿੱਖੀ ਸਰੂਪ ਧਾਰਨ ਕਰਨਾ ਹੀ ਖਾਲਸਾ ਪੰਥ ਦੀ ਅਸਲ ਪਹਿਚਾਣ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਲਵਿੰਦਰ ਸਿੰਘ ਘੁੰਮਣ, ਅਮਰਿੰਦਰ ਸਿੰਘ ਡਾਂਗੋ, ਬਲਪ੍ਰੀਤ ਸਿੰਘ ਡਾਂਗੋ, ਰਜਿੰਦਰ ਸਿੰਘ ਲੱਖਾ, ਗੁਰਪ੍ਰੀਤ ਸਿੰਘ ਝੰਮਟ, ਸੰਦੀਪ ਸਿੰਘ, ਭੁਪਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਡਾ. ਇੰਦਰਜੀਤ ਸਿੰਘ ਵੱਲੋਂ ਡਬਲਯੂ.ਐਚ.ਓ. ਦੀ ਬੋਰਡ ਮੀਟਿੰਗ ਵਿੱਚ ਪ੍ਰੰਪਰਾਗਤ ਇਲਾਜ ਦਾ ਸਮਰਥਨ

ਲੁਧਿਆਣਾ, 11 ਫਰਵਰੀ (ਰਵਿੰਦਰ ਸਿੰਘ ਨਿੱਝਰ): ਡਾ. ਇੰਦਰਜੀਤ ਸਿੰਘ, ਨਿਰਦੇਸ਼ਕ, ਡਾ. ਕੋਟਨੀਸ ਐਕਿਉਪੰਕਚਰ ਹਸਪਤਾਲ ਅਤੇ ਸਿੱਖਿਆ ਕੇਂਦਰ, ਸਲੀਮ ਟਾਬਰੀ, ਲੁਧਿਆਣਾ, ਅਤੇ ਵਰਲਡ ਫੈਡਰੇਸ਼ਨ ਆਫ ਐਕਿਉਪੰਕਚਰ ਐਂਡ ਮੋਕਸੀਬੂਸ਼ਨ (ਡਬਲਯੂਐਫਏਐਸ) ਦੇ ਕਾਰਜਕਾਰੀ ਮੈਂਬਰ, ਹਾਲ ਹੀ ਵਿੱਚ ਸਵਿਟਜ਼ਰਲੈਂਡ ਦੇ ਜਿਨੇਵਾ ਵਿੱਚ ਆਯੋਜਿਤ ਡਬਲਯੂਐਚਓ ਦੀ 158ਵੀਂ ਕਾਰਜਕਾਰੀ ਬੋਰਡ ਮੀਟਿੰਗ ਵਿੱਚ ਡਾ. ਸੰਦੀਪ ਚੋਪੜਾ ਦੇ ਨਾਲ ਸ਼ਾਮਲ ਹੋਏ। ਡਬਲਯੂਐਫਏਐਸ ਦੇ ਪ੍ਰਤੀਨਿਧੀ ਵਜੋਂ ਡਾ. ਸਿੰਘ ਨੇ ਐਕਿਉਪੰਕਚਰ ਅਤੇ ਮੋਕਸੀਬੂਸ਼ਨ ਵਿੱਚ ਆਪਣੇ 50 ਤੋਂ ਵੱਧ ਸਾਲਾਂ ਦੇ ਤਜਰਬੇ ਸਾਂਝੇ ਕੀਤੇ। ਉਨ੍ਹਾਂ ਨੇ 2030 ਤੱਕ ਸਭ ਲਈ ਬਿਹਤਰ ਸਿਹਤ ਦੇ ਟੀਚੇ ਨੂੰ ਹਾਸਲ ਕਰਨ ਵਿੱਚ ਪਰੰਪਰਾਗਤ ਮੈਡੀਸਨ ਦੀ ਭੂਮਿਕਾ ਉੱਤੇ ਜ਼ੋਰ ਦਿੱਤਾ। ਉਨ੍ਹਾਂ ਨੇ ਦੱਸਿਆ ਕਿ ਐਕਿਉਪੰਕਚਰ ਅਤੇ ਮੋਕਸੀਬੂਸ਼ਨ ਕਿਫਾਇਤੀ ਹਨ, ਬਿਨਾਂ ਸਰਜਰੀ ਦੇ ਇਲਾਜ ਦੇਖ ਕੇ ਬਿਨਾਂ ਬੁਰੇ ਪ੍ਰਭਾਵਾਂ



ਤੋਂ ਲੰਬੇ ਸਮੇਂ ਲਈ ਰਾਹਤ ਪ੍ਰਦਾਨ ਕਰਦੇ ਹਨ। ਡਾ. ਸਿੰਘ ਨੇ ਡਬਲਯੂਐਚਓ ਨੂੰ ਆਪਣੇ ਸੁਝਾਅ ਅਤੇ ਸਿਫਾਰਸ਼ਾਂ ਦਿੱਤੀਆਂ। ਉਨ੍ਹਾਂ ਨੇ ਮਜ਼ਬੂਤ, ਰੋਕਥਾਮ 'ਤੇ ਅਧਾਰਤ ਅਤੇ ਲੋਕਾਂ ਨੂੰ ਕੇਂਦਰ ਵਿੱਚ ਰੱਖਣ ਵਾਲੀਆਂ ਸਿਹਤ ਪ੍ਰਣਾਲੀਆਂ ਦੀ ਜ਼ਰੂਰਤ ਦੱਸੀ। ਉਨ੍ਹਾਂ ਨੇ ਡਬਲਯੂਐਚਓ ਦੇ ਲੈਡਰਸ਼ਿਪ ਦੀ ਸ਼ਲਾਘਾ ਕੀਤੀ ਅਤੇ ਵਿਸ਼ਵ ਭਰ ਦੀਆਂ ਪ੍ਰਮਾਣ-ਅਧਾਰਤ ਪਰੰਪਰਾਗਤ ਮੈਡੀਸਨ ਪ੍ਰਣਾਲੀਆਂ ਨੂੰ ਸ਼ਾਮਲ ਕਰਨ ਵਾਲੇ ਢਾਂਚੇ ਦੀ ਮੰਗ ਕੀਤੀ। ਡਾ. ਸਿੰਘ ਅਤੇ ਡਬਲਯੂਐਫਏਐਸ ਨੇ ਪਰੰਪਰਾਗਤ ਮੈਡੀਸਨ ਦੇ ਖੋਜ, ਸਿੱਖਿਆ ਅਤੇ ਕਲੀਨਿਕਲ ਪ੍ਰੈਕਟਿਸ ਲਈ ਵਿਸ਼ਵਵਿਆਪੀ ਦਿਸ਼ਾ-ਨਿਰਦੇਸ਼ ਬਣਾਉਣ ਵਿੱਚ ਡਬਲਯੂਐਚਓ ਨਾਲ ਮਿਲ ਕੇ ਕੰਮ ਕਰਨ ਦੀ ਪ੍ਰਤੀਬੱਧਤਾ ਜਤਾਈ। ਡਬਲਐਚਓ ਦੇ ਮਹਾਨਿਰਦੇਸ਼ਕ ਡਾ. ਟੇਡਰੋਸ ਅਧਾਨੋਮ ਘੇਬਰੇਯੇਸਸ ਨੇ ਡਾ. ਸਿੰਘ ਦੀ ਭਾਗੀਦਾਰੀ ਦੀ ਸ਼ਲਾਘਾ ਕਰਸ, ਅਤੇ ਕਿਹਾ, 'ਤੁਹਾਡਾ ਯੋਗਦਾਨ ਬਹੁਤ ਮਹੱਤਵਪੂਰਨ ਰਿਹਾ ਹੈ। ਅਸੀਂ ਐਕਿਉਪੰਕਚਰ ਲਈ ਵਿਸ਼ਵਵਿਆਪੀ ਦਿਸ਼ਾ-ਨਿਰਦੇਸ਼ ਬਣਾਉਣ ਲਈ ਡਬਲਯੂਐਫਏਐਸ ਨਾਲ ਅੱਗੇ ਵੀ ਸਹਿਯੋਗ ਦੀ ਆਸ ਕਰਦੇ ਹਾਂ। ਡਬਲਯੂਐਚਓ ਸੈਸ਼ਨ ਵਿੱਚ ਡਬਲਯੂਐਫਏਐਸ ਦੇ ਉਪ-ਪ੍ਰਧਾਨ ਡਾ. ਓਲੇਕਸਾਂਦਰ ਸੈਮਸੋਨੋਵ, ਕਾਰਜਕਾਰੀ ਮੈਂਬਰ ਡਾ. ਵਿਟਾਲੀ ਅਤੇ ਹੋਰ ਡਬਲਯੂਐਫਏਐਸ ਮੈਂਬਰ ਮੌਜੂਦ ਸਨ। ਡਾ. ਇੰਦਰਜੀਤ ਸਿੰਘ ਅਤੇ ਡਾ. ਸੰਦੀਪ ਚੋਪੜਾ ਨੇ ਡਾ. ਕੋਟਨੀਸ ਐਕਿਉਪੰਕਚਰ ਹਸਪਤਾਲ ਅਤੇ ਸਿੱਖਿਆ ਕੇਂਦਰ, ਲੁਧਿਆਣਾ ਦੇ 50 ਸਾਲਾਂ ਦੀਆਂ ਪ੍ਰਾਪਤੀਆਂ 'ਤੇ ਆਧਾਰਿਤ ਸੋਵੀਨਾਰ ਡਬਲਯੂਐਚਓ ਦੇ ਮਹਾਨਿਰਦੇਸ਼ਕ ਨੂੰ ਭੇਂਟ ਕੀਤੀ।

# ਜਗਰਾਓਂ ਵਾਸੀਆਂ ਲਈ ਅਹਿਮ ਖ਼ਬਰ : 1995 ਤੋਂ ਪਹਿਲਾਂ ਦੀਆਂ ਰਜਿਸਟਰੀਆਂ ਅਤੇ ਲਾਲ ਲਕੀਰ ਵਾਲੇ ਮਕਾਨਾਂ ਲਈ NOC ਦੀ ਲੋੜ ਨਹੀਂ : ਮਾਣੂਕੇ



ਜਗਰਾਓਂ, 11 ਫਰਵਰੀ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ): ਹਲਕਾ ਜਗਰਾਓਂ ਦੀ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂਕੇ ਨੇ ਅੱਜ ਨਗਰ ਕੌਂਸਲ ਜਗਰਾਓਂ ਵਿਖੇ ਸ਼ਹਿਰ ਵਾਸੀਆਂ ਨੂੰ ਦਰਪੇਸ਼ ਐਨ.ਓ.ਸੀ ਅਤੇ ਨਕਸ਼ਿਆਂ ਸਬੰਧੀ ਆ ਰਹੀਆਂ ਮੁਸ਼ਕਿਲਾਂ ਦੇ ਹੱਲ ਲਈ ਇੱਕ ਵਿਸ਼ੇਸ਼ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਨਗਰ ਕੌਂਸਲ ਦੇ ਅਧਿਕਾਰੀਆਂ ਅਤੇ ਮੈਂਬਰਾਂ ਨਾਲ ਵਿਚਾਰ-ਵਟਾਂਦਰਾ ਕਰਕੇ ਸ਼ਹਿਰ ਵਾਸੀਆਂ ਲਈ ਕਈ ਅਹਿਮ ਜਾਣਕਾਰੀਆਂ ਸਾਂਝੀਆਂ ਕੀਤੀਆਂ ਗਈਆਂ।ਐਨ.ਓ.ਸੀ ਬਾਰੇ ਸਥਿਤੀ ਸਪੱਸ਼ਟ ਮੀਟਿੰਗ ਦੌਰਾਨ ਵਿਧਾਇਕਾ ਮਾਣੂਕੇ ਦੀ ਮੌਜੂਦਗੀ ਵਿੱਚ ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ (EO) ਮੋਹਿਤ ਸ਼ਰਮਾ ਨੇ ਐਨ.ਓ.ਸੀ ਸਬੰਧੀ ਫੈਲੇ ਭੰਬਲਭੂਸੇ ਨੂੰ ਦੂਰ ਕੀਤਾ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਜਾਣਕਾਰੀ ਦਿੱਤੀ ਕਿ:1995 ਤੋਂ ਪਹਿਲਾਂ ਦੀਆਂ ਰਜਿਸਟਰੀਆਂ: ਜਿਨ੍ਹਾਂ ਮਕਾਨ ਮਾਲਕਾਂ ਦੀ ਰਜਿਸਟਰੀ ਸਾਲ 1995 ਤੋਂ ਪਹਿਲਾਂ ਦੀ ਹੈ, ਉਨ੍ਹਾਂ ਨੂੰ ਐਨ.ਓ.ਸੀ ਲੈਣ ਦੀ ਕੋਈ ਲੋੜ ਨਹੀਂ ਹੈ।ਲਾਲ ਲਕੀਰ: ਲਾਲ ਲਕੀਰ ਦੇ ਅੰਦਰ ਆਉਂਦੇ ਕਿਸੇ ਵੀ ਮਕਾਨ ਮਾਲਕ ਨੂੰ ਵੀ ਐਨ.ਓ.ਸੀ ਦੀ ਜ਼ਰੂਰਤ ਨਹੀਂ ਪਵੇਗੀ।ਈ.ਓ. ਮੋਹਿਤ ਸ਼ਰਮਾ ਨੇ ਦੱਸਿਆ ਕਿ ਜੋ ਲੋਕ ਇਨ੍ਹਾਂ ਸ਼ਰਤਾਂ ਨੂੰ ਪੂਰਾ ਨਹੀਂ ਕਰਦੇ, ਸਿਰਫ ਉਨ੍ਹਾਂ ਨੂੰ ਹੀ ਐਨ.ਓ.ਸੀ ਦੀ ਲੋੜ ਹੋਵੇਗੀ। ਅਜਿਹੇ ਵਿਅਕਤੀ ਨਗਰ ਕੌਂਸਲ ਦਫ਼ਤਰ ਵਿਖੇ ਬਣਦੀ ਸਰਕਾਰੀ ਫੀਸ ਜਮ੍ਹਾਂ ਕਰਵਾ ਕੇ ਆਪਣੀ ਐਨ.ਓ.ਸੀ ਪ੍ਰਾਪਤ ਕਰ ਸਕਦੇ ਹਨ।ਨਕਸ਼ਿਆਂ ਦੇ ਕੰਮ ਵਿੱਚ ਆਵੇਗੀ ਤੇਜ਼ੀ ਵਿਧਾਇਕਾ ਸਰਬਜੀਤ ਕੌਰ ਮਾਣੂਕੇ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਮ ਲੋਕਾਂ ਦੀ ਖੱਜਲ-ਖੁਆਰੀ ਘਟਾਉਣ ਲਈ ਨਕਸ਼ਿਆਂ ਨੂੰ ਪਾਸ ਕਰਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਜਾਵੇ। ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਦਫ਼ਤਰਾਂ ਦੇ ਚੱਕਰ ਨਾ ਕੱਟਣੇ ਪੈਣ ਅਤੇ ਸਾਰਾ ਕੰਮ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇ।ਇਸ ਮੀਟਿੰਗ ਵਿੱਚ ਕਾਰਜ ਸਾਧਕ ਅਫ਼ਸਰ ਮੋਹਿਤ ਸ਼ਰਮਾ ਤੋਂ ਇਲਾਵਾ ਐਮ.ਈ. ਅਸ਼ੋਕ ਕੁਮਾਰ, ਪ੍ਰੋਫੈਸਰ ਸੁਖਵਿੰਦਰ ਸਿੰਘ ਸੁੱਖੀ, ਸੀਨੀਅਰ ਮੀਤ ਪ੍ਰਧਾਨ ਕੰਵਰਪਾਲ ਸਿੰਘ, ਮੀਤ ਪ੍ਰਧਾਨ ਜਗਜੀਤ ਸਿੰਘ ਜੱਗੀ, ਕੌਂਸਲਰ ਸਤੀਸ਼ ਕੁਮਾਰ ਪੱਪੂ, ਰਵਿੰਦਰ ਕੁਮਾਰ ਫੀਨਾ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਵਿਧਾਇਕ ਬੱਗਾ ਨੇ ਨਵੇਂ ਆਰ. ਐਮ. ਸੀ. ਰੋਡ ਦਾ ਕੀਤਾ ਉਦਘਾਟਨ



ਲੁਧਿਆਣਾ, 11 ਫਰਵਰੀ (ਵਿਸ਼ਾਲ ਸ਼ਰਮਾ): ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਤੋਂ ਵਿਧਾਇਕ ਮਦਨ ਲਾਲ ਬੱਗਾ ਵੱਲੋਂ ਵਾਰਡ ਨੰਬਰ ਇੱਕ ਅਧੀਨ ਬਸਤੀ ਬਾਜੀਗਰ ਦੀ ਮੁੱਖ ਸੜਕ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਵਿਧਾਇਕ ਬੱਗਾ ਨੇ ਦੱਸਿਆ ਇਸ ਆਰ.ਐਮ.ਸੀ. ਪ੍ਰੋਜੈਕਟ ਤਹਿਤ ਬਸਤੀ ਬਾਜੀਗਰ ਦੀ ਮੁੱਖ ਸੜਕ ਦੇ ਨਾਲ-ਨਾਲ ਲਿੰਕ ਸੜਕਾਂ ਦਾ ਵੀ ਨਿਰਮਾਣ ਕਰਵਾਇਆ ਜਾਵੇਗਾ, ਜਿਸ 'ਤੇ ਕਰੀਬ 40 ਲੱਖ ਰੁਪਏ ਦੀ ਲਾਗਤ ਆਵੇਗੀ। ਵਿਧਾਇਕ ਬੱਗਾ ਨੇ ਦੱਸਿਆ ਕਿ ਇਨ੍ਹਾਂ ਸੜਕਾਂ ਦੀ ਹਾਲਤ ਬੀਤੇ ਕਾਫ਼ੀ ਸਮੇਂ ਤੋਂ ਤਰਸਯੋਗ ਬਣੀ ਹੋਈ ਸੀ ਅਤੇ ਰਾਹਗੀਰਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵਲੋਂ ਇਲਾਕੇ ਦੀ ਸਾਰ ਨਹੀਂ ਲਈ ਗਈ ਪਰ ਗਲੀਆਂ ਦੇ ਨਿਰਮਾਣ ਤੋਂ ਬਾਅਦ ਆਵਾਜਾਈ ਸੁਚਾਰੂ ਢੰਗ ਨਾਲ ਚੱਲੇਗੀ। ਹਲਕਾ ਲੁਧਿਆਣਾ ਉੱਤਰੀ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਵਿਧਾਇਕ ਬੱਗਾ ਅਤੇ ਉਨ੍ਹਾ ਦੀ ਟੀਮ ਨੇ ਕਿਹਾ ਕਿ ਨਵੀਂ ਸੜਕ ਦਾ ਨਿਰਮਾਣ ਜੰਗੀ ਪੱਧਰ 'ਤੇ ਕਰਵਾਇਆ ਜਾਵੇਗਾ। ਉਨ੍ਹਾ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਹਲਕੇ ਵਿੱਚਚ ਕੋਈ ਸੜਕ ਮੁਰੰਮਤ ਤੋਂ ਵਾਂਝੀ ਨਾ ਰਹੇ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਨਾਲ ਸ਼ਹਿਰਾਂ ਦੇ ਵਿੱਚ ਵੀ ਸੜਕ ਕੁਨੈਕਟੀਵਿਟੀ ਨੂੰ ਚੰਗਾ ਬਣਾਉਣ ਦੇ ਲਈ ਲਗਾਤਾਰ ਸਾਡੀ ਸਰਕਾਰ ਵੱਲੋਂ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਨਗਰ ਨਿਗਮ ਦੇ ਸੀਨੀਅਰ ਅਧਿਕਾਰੀਆਂ ਤੋਂ ਇਲਾਵਾ ਕੌਂਸਲਰ ਅਮਨ ਬੱਗਾ ਖੁਰਾਨਾ, ਰਣਧੀਰ ਸਿੰਘ ਸੀਬੀਆ, ਕੁਲਦੀਪ ਮੱਕੜ, ਵਰਿੰਦਰ ਕੌਂਫੀ ਵੀ ਮੌਜੂਦ ਸਨ।

# ਉਸਤਾਦ ਸੁਖਵੰਤ ਸਿੰਘ 'ਸੰਤ ਸਰਵਣ ਸਿੰਘ ਗੰਧਰਵ ਐਵਾਰਡ' ਨਾਲ ਸਨਮਾਨਿਤ



ਲੁਧਿਆਣਾ, 11 ਫਰਵਰੀ (ਰਵਿੰਦਰ ਸਿੰਘ ਨਿੱਝਰ) : ਸਮੁੱਚੇ ਵਿਸ਼ਵ ਅੰਦਰ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਦੀ ਲਹਿਰ ਨੂੰ ਪ੍ਰਚੰਡ ਕਰਨ ਦੇ ਉਦੇਸ਼ ਨੂੰ ਲੈ ਕੇ ਗੁਰਮਤਿ ਸੰਗੀਤ ਵਿੱਦਿਆ ਦੇ ਉਸਤਾਦ ਸੁਖਵੰਤ ਸਿੰਘ ਵੱਲੋਂ ਕੀਤੇ ਜਾ ਰਹੇ ਸੁਹਿਰਦ ਕਾਰਜ ਸਮੁੱਚੀ ਕੌਮ ਲਈ ਪ੍ਰੇਨਾ ਦਾ ਸਰੋਤ ਹਨ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੰਤ ਬਾਬਾ ਪ੍ਰੀਤਮ ਸਿੰਘ ਜੀ ਵੱਲੋਂ ਗੁਰਦੁਆਰਾ ਕੁਟੀਆ ਸਾਹਿਬ, ਡੁਮੇਲੀ ਵਿਖੇ ਵਿਖੇ ਅੱਜ ਆਯੋਜਿਤ ਕੀਤੇ ਗਏ ਗੁਰਮਤਿ ਸਮਾਗਮ ਦੌਰਾਨ ਗੁਰਮਤਿ ਸੰਗੀਤ ਵਿੱਦਿਆ ਦੇ ਉਸਤਾਦ ਸੁਖਵੰਤ ਸਿੰਘ ਜੀ ਨੂੰ ਸੰਤ ਸਰਵਣ ਸਿੰਘ ਗੰਧਰਵ ਐਵਾਰਡ ਨਾਲ ਨਿਵਾਜਣ ਉਪਰੰਤ ਇਕੱਤਰ ਹੋਈਆਂ ਪ੍ਰਮੁੱਖ ਸ਼ਖਸੀਅਤਾਂ, ਗੁਰਮਤਿ ਸੰਗੀਤ ਪ੍ਰੇਮੀਆਂ ਤੇ ਇਕੱਤਰ ਹੋਈਆਂ ਸੰਗਤਾਂ ਨੂੰਸੰਬੋਧਨ ਕਰਦਿਆਂ ਹੋਇਆ ਕੀਤਾ! ਉਨ੍ਹਾਂ ਨੇ ਆਪਣੇ ਪ੍ਰਭਾਵਸ਼ਾਲੀ ਬੋਲਾਂ ਵਿੱਚ ਕਿਹਾ ਕਿ ਉਸਤਾਦ ਸੁਖਵੰਤ ਸਿੰਘ ਜੀ ਵੱਲੋਂ ਨਿਰਧਾਰਤ ਰਾਗਾਂ ਵਿੱਚ ਗੁਰਬਾਣੀ ਕੀਰਤਨ ਗਾਇਨ ਕਰਨ ਦੀ ਸ਼ੈਲੀ ਨੂੰ ਉਤਸ਼ਾਹਿਤ ਕਰਕੇ ਸੰਗਤਾਂ ਤੱਕ ਪਹੁੰਚਾਣ ਅਤੇ ਅਜੋਕੀ ਨੌਜਵਾਨ ਪੀੜ੍ਹੀ ਤੇ ਬੱਚਿਆਂ ਨੂੰ ਤੰਤੀ ਸਾਜਾਂ ਰਾਹੀਂ ਗੁਰਮਤਿ ਸੰਗੀਤ ਦੀ ਸਿਖਲਾਈ ਦੇਣ ਲਈ ਕੀਤੇ ਜਾ ਰਹੇ ਉਪਰਾਲਿਆਂ ਨੂੰ ਮੁੱਖ ਰੱਖਦਿਆ ਅੱਜ ਅਸੀਂ ਉਨ੍ਹਾਂ ਨੂੰ ਸੰਤ ਸਰਵਣ ਸਿੰਘ ਗੰਧਰਵ ਐਵਾਰਡ ਭੇਟ ਕਰਨ ਵਿੱਚ ਮਾਣ ਮਹਿਸੂਸ ਕਰ ਰਹੇ ਹਾਂ!ਇਸ ਤੋਂ ਪਹਿਲਾਂ ਸੰਤ ਬਾਬਾ ਪ੍ਰੀਤਮ ਸਿੰਘ ਜੀ ਮੁਖੀ ਗੁਰਦੁਆਰਾ ਕੁਟੀਆ ਸਾਹਿਬ, ਡੁਮੇਲੀ ਵਾਲਿਆਂ ਨੇ ਜੈਕਾਰਿਆ ਦੀ ਗੂੰਜ ਵਿੱਚ ਉਸਤਾਦ ਸੁਖਵੰਤ ਸਿੰਘ ਜੀ ਸੰਤ ਸਰਵਣ ਸਿੰਘ ਗੰਧਰਵ ਐਵਾਰਡ ਭੇਟ ਕਰਕੇ ਸਨਮਾਨਿਤ ਕੀਤਾ!

ਇਸ ਮੌਕੇ ਉਨ੍ਹਾਂ ਦੇ ਨਾਲ ਪ੍ਰਸਿੱਧ ਕੀਰਤਨਕਾਰ ਉਸਤਾਦ ਬਲਜੀਤ ਸਿੰਘ ਜੀ (ਦਿੱਲੀ), ਭਾਈ ਹਰਜੋਤ ਸਿੰਘ ਜੀ ਜ਼ਖ਼ਮੀ, ਡਾ. ਗੁਰਿੰਦਰ ਸਿੰਘ ਜੀ (ਬਟਾਲਾ), ਭਾਈ ਸਤਨਿੰਦਰ ਸਿੰਘ ਜੀ ਬੋਡਲ,ਪ੍ਰਮੁੱਖ ਸੰਤ ਮਹਾਪੁਰਸ਼ ਤੇ ਸਤਿਕਾਰਯੋਗ ਸ਼ਖ਼ਸੀਅਤਾਂ ਵਿਸੇਸ਼ ਤੌਰ 'ਤੇ ਹਾਜ਼ਰ ਸਨ!

# ਅੱਜ ਦੀ ਹੜਤਾਲ ਦਾ ਜਨਤਕ, ਮਜ਼ਦੂਰ ਅਤੇ ਹੋਰ ਜੱਥੇਬੰਦੀਆਂ ਵੱਲੋਂ ਸਮਰਥਨ

ਲੁਧਿਆਣਾ, 11 ਫਰਵਰੀ (ਰਵਿੰਦਰ ਸਿੰਘ ਨਿੱਝਰ) : ਸੰਯੁਕਤ ਕਿਸਾਨ ਮੋਰਚਾ ਅਤੇ ਟ੍ਰੇਡ ਯੂਨੀਅਨਾਂ ਵੱਲੋਂ 12 ਫਰਵਰੀ ਨੂੰ ਕੇਂਦਰ ਤੇ ਪੰਜਾਬ ਸਰਕਾਰਾਂ ਦੇ ਲੋਕ ਮਾਰੂ ਰੁਝਾਨ ਖ਼ਿਲਾਫ਼ ਹੜਤਾਲ ਦੇ ਸੱਦੇ ਨੂੰ ਲੁਧਿਆਣੇ ਦੀਆਂ ਜਨਤਕ-ਜਮਹੂਰੀ ਜੱਤਥੇਬੰਦੀਆਂ ਵੱਲੋਂ ਪੂਰਨ ਸਮਰਥਨ ਦਿੱਤਾ ਜਾਵੇਗਾ। ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ, ਸ਼ਹੀਦ ਭਗਤ ਸਿੰਘ ਵਿਚਾਰ ਮੰਚ, ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ, ਇਨਕਲਾਬੀ ਮਜ਼ਦੂਰ ਕੇਂਦਰ ਦੇ ਆਗੂਆਂ ਜਸਵੰਤ ਜ਼ੀਰਖ, ਪ੍ਰੋ ਏ ਕੇ ਮਲੇਰੀ, ਬਲਵਿੰਦਰ ਸਿੰਘ, ਐਡਵੋਕੇਟ ਹਰਪ੍ਰੀਤ ਜ਼ੀਰਖ, ਕਾ ਸੁਰਿੰਦਰ ਸਿੰਘ ਵੱਲੋਂ ਜਾਰੀ ਸਾਂਝੇ ਬਿਆਨ ਰਾਹੀਂ, ਕੇਂਦਰ ਅਤੇ ਪੰਜਾਬ ਸਰਕਾਰ ਨੂੰ , ਲੋਕਾਂ ਦੇ ਜਮਹੂਰੀ ਤੇ ਸੰਵਿਧਾਨਿਕ ਹੱਕਾਂ ਦੀ ਆਵਾਜ਼ ਨੂੰ ਜਬਰੀ ਬੰਦ ਕਰਨ ਲਈ ਜ਼ੁੰਮੇਵਾਰ ਠਹਿਰਾਇਆ। ਉਹਨਾਂ ਸਰਕਾਰਾਂ ਵੱਲੋਂ ਕੀਤੇ ਜਾਂਦੇ ਵੋਟ ਬਟੋਰੂ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਨਾਕਾਮ ਰਹਿਣ ਕਾਰਣ ਜਦੋਂ ਲੋਕ ਆਪਣੀ ਹੱਕੀ ਆਵਾਜ਼ ਉਠਾਉਂਦੇ ਹਨ, ਤਾਂ ਉਹਨਾਂ ਉੱਪਰ ਪੁਲਿਸ ਰਾਹੀਂ ਤਸ਼ੱਦਦ ਢਾਹੁੰਦਿਆਂ ਝੂਠੇ ਕੇਸਾਂ ਵਿੱਚ ਉਲਝਾਇਆ ਜਾਂਦਾ ਹੈ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਮੁਕੇਸ ਮਲੌਦ ਸਮੇਤ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਅਤੇ ਹੋਰ ਸੰਘਰਸ਼ੀ ਲੋਕਾਂ ਸਿਰ ਮੜ੍ਹੇ ਕੇਸ ਇਸ ਦਾ ਜ਼ਾਹਰਾ ਸਬੂਤ ਹਨ। ਕਿੰਨੇ ਹੀ ਲੋਕ ਬਿਨਾ ਕੇਸ ਚਲਾਇਆਂ ਹੀ ਜੇਲ੍ਹਾਂ 'ਚ ਹਨ, ਜੋ ਸਰਾ ਸਰ ਬੇਇਨਸਾਫ਼ੀ ਹੈ।ਕਿਰਤੀ ਕਾਮਿਆਂ ਲਈ ਕਨੂੰਨਾਂ ਨੂੰ ਚਾਰ ਕੋਡਾਂ ਵਿੱਚ ਬਦਲਣਾ, ਰੋਜ਼ਗਾਰ ਦੇ ਮੌਕੇ ਵਾਅਦਿਆਂ ਅਨੁਸਾਰ ਮੁਹੱਈਆ ਕਰਨ ਦੀ ਬਜਾਏ ਉਹਨਾਂ ਨੂੰ ਬੰਦ ਕਰਨ ਦੇ ਰਸਤੇ ਪੈਣਾ, ਲੋਕਾਂ ਦੀ ਬਜਾਏ ਕਾਰਪੋਰੇਟਾਂ ਨੂੰ ਬੇਥਾਹ ਸਹੂਲਤਾਂ ਦੇਣਾ ਆਦਿ ਨੀਤੀਆਂ ਦੇਸ਼ ਲਈ ਅਤਿ ਘਾਤਕ ਹਨ। ਅਮਰੀਕਾ ਵਰਗੇ ਮੁਲਕ ਨਾਲ ਕੀਤੇ ਵਿਉਪਾਰਿਕ ਸਮਝੌਤੇ ਹੋਰ ਵੀ ਦੇਸ਼ ਵਿਰੋਧੀ ਹਨ ਜੋ ਭਾਰਤੀ ਪੈਦਾਵਾਰ ਲਈ ਘਾਤਕ ਸਿੱਧ ਹੋਣਗੇ।ਇਸ ਲਈ ਜ਼ਰੂਰੀ ਹੈ ਕਿ ਇਹਨਾਂ ਦੇਸ਼ ਵਿਰੋਧੀ ਸਰਕਾਰੀ ਨੀਤੀਆਂ ਦਾ ਵੱਡੀ ਪੱਧਰ 'ਤੇ ਵਿਰੋਧ ਕੀਤਾ ਜਾਵੇ। ਇਸ ਲਈ ਉਪਰੋਕਤ ਆਗੂਆਂ ਨੇ 12 ਫਰਵਰੀ ਦੀ ਹੜਤਾਲ ਵਿੱਚ ਪੂਰਨ ਸਮਰਥਨ ਦਾ ਫੈਸਲਾ ਲਿਆ ਹੈ।

# 'ਆਪ' ਬੀ.ਸੀ. ਵਿੰਗ ਦੇ ਪ੍ਰਧਾਨ ਢਿੱਲਵਾਂ ਦੀ ਅਹੁਦੇਦਾਰਾਂ ਨਾਲ ਮੀਟਿੰਗ



ਲੁਧਿਆਣਾ, 11 ਫਰਵਰੀ (ਰਵਿੰਦਰ ਸਿੰਘ ਨਿੱਝਰ) : ਆਮ ਆਦਮੀ ਪਾਰਟੀ ਦੇ ਬੀ.ਸੀ. ਵਿੰਗ, ਪੰਜਾਬ ਦੇ ਪ੍ਰਧਾਨ ਸੁਖਜੀਤ ਸਿੰਘ ਢਿੱਲਵਾਂ ਅੱਜ ਵਿਸ਼ੇਸ਼ ਤੌਰ 'ਤੇ ਲੁਧਿਆਣਾ ਪੁੱਜੇ ਜਿੱਥੇ ਉਨ੍ਹਾਂ ਜੱਥੇਬੰਦੀ ਦੇ ਵਿਸਥਾਰ ਲਈ ਵੱਖ-ਵੱਖ ਅਹੁੱਦੇਦਾਰਾਂ ਨਾਲ ਮੀਟਿੰਗ ਦੀ ਪ੍ਰਧਾਨਗੀ ਕੀਤੀ।ਇਸ ਮੌਕੇ ਉਨ੍ਹਾਂ ਦੇ ਨਾਲ ਬੀ.ਸੀ. ਵਿੰਗ ਦੇ ਵਾਈਸ ਪ੍ਰਧਾਨ-ਕਮ-ਚੇਅਰਮੈਨ ਮਾਰਕੀਟ ਕਮੇਟੀ ਸਾਹਨੇਵਾਲ ਹੇਮਰਾਜ ਰਾਜੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਢਿੱਲਵਾਂ ਨੇ ਆਪਣੇ ਜੁਝਾਰੂ ਸਾਥੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ 'ਆਪ' ਪਾਰਟੀ ਵੱਲੋਂ ਪਿਛਲੇ 4 ਸਾਲਾਂ ਵਿੱਚ ਜੋ ਪੂਰੀ ਇਮਾਨਦਾਰੀ, ਤਨਦੇਹੀ ਅਤੇ ਸ਼ਿੱਦਤ ਨਾਲ ਪੰਜਾਬੀਆਂ ਦੀ ਸੇਵਾ ਕੀਤੀ ਹੈ ਉਸ ਨੂੰ ਹੋਰ ਹੁਲਾਰਾ ਦਿੱਤਾ ਜਾਵੇ।ਉਨ੍ਹਾਂ ਸਪੱਸ਼ਟ ਕੀਤਾ ਕਿ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਨੂੰ ਘਰ-ਘਰ ਪਹੁੰਚਾਇਆ ਜਾਵੇ ਤਾਂ ਜੋ ਕੋਈ ਵੀ ਵਸਨੀਕ ਲਾਭ ਤੋਂ ਵਾਂਝਾ ਨਾ ਰਹਿ ਸਕੇ।ਉਨ੍ਹਾਂ ਇਹ ਵੀ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਜੋ ਲੋਕਾਂ ਨਾਲ ਵਾਅਦੇ ਕੀਤੇ ਸੀ ਉਨ੍ਹਾਂ ਨੂੰ ਇੱਕ-ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਬੀਤੇ ਦਿਨੀਂ ਸ਼ੁਰੂ ਕੀਤੀ ਮੁੱਖ ਮੰਤਰੀ ਸਿਹਤ ਯੋਜਨਾ ਦੇ ਹੈਲਥ ਕਾਰਡ ਬਣਾਉਣ ਲਈ ਹਰ ਘਰ ਤੱਕ ਪਹੁੰਚ ਬਣਾਉਣ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਵੱਖ-ਵੱਖ ਅਹੁੱਦੇਦਾਰਾਂ ਨੂੰ ਅਪੀਲ ਕੀਤੀ ਕਿ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਜੁੜ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਟਟੋਲਿਆ ਜਾਵੇ ਅਤੇ ਤੁਰੰਤ ਨਿਪਟਾਰਾ ਵੀ ਯਕੀਨੀ ਬਣਾਇਆ ਜਾਵੇ। ਇਸ ਮੌਕੇ ਵਿਧਾਨ ਸਭਾ ਹਲਕਾ ਆਤਮ ਨਗਰ ਦੇ ਬੀਸੀ ਵਿੰਗ ਦੇ ਪ੍ਰਧਾਨ ਅਵਤਾਰ ਸਿੰਘ ਕੰਡਾ ਤੇ ਹੋਰ ਅਨੇਕਾਂ ਅਹੁਦੇਦਾਰ ਮੌਜੂਦ ਸਨ।

# ਖੰਨਾ ਵਿੱਚ ਭਾਰੀ ਵਾਹਨਾਂ ਦੀ ਐਂਟਰੀ 'ਤੇ ਸਖ਼ਤ ਪਾਬੰਦੀ : ਮੰਤਰੀ ਸੌਂਦ

ਲੁਧਿਆਣਾ, 11 ਫਰਵਰੀ (ਵਿਸ਼ਾਲ ਸ਼ਰਮਾ): ਖੰਨਾ ਸ਼ਹਿਰ ਵਿੱਚ ਲੰਮੇ ਸਮੇਂ ਤੋਂ ਚੱਲ ਰਹੀ ਗੰਭੀਰ ਟ੍ਰੈਫਿਕ ਸਮੱਸਿਆ ਨੂੰ ਦੇਖਦੇ ਹੋਏ ਖੰਨਾ ਤੋਂ ਵਿਧਾਇਕ ਅਤੇ ਪੰਜਾਬ ਸਰਕਾਰ ਵਿੱਚ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੀ ਪਹਿਲ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਡਾ ਅਤੇ ਸਖ਼ਤ ਫੈਸਲਾ ਲਿਆ ਗਿਆ ਹੈ। ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਖੰਨਾ ਸ਼ਹਿਰ ਵਿੱਚ ਰੋਜ਼ਾਨਾ ਲੱਗ ਰਹੇ ਟ੍ਰੈਫਿਕ ਜਾਮ, ਵਧ ਰਹੀਆਂ ਦੁਰਘਟਨਾਵਾਂ ਅਤੇ ਆਮ ਲੋਕਾਂ ਦੀ



ਮੁਸ਼ਕਲ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨਾਲ ਵਿਸ਼ੇਸ਼ ਗੱਲਬਾਤ ਕੀਤੀ। ਇਸ ਤੋਂ ਬਾਅਦ ਡੀ.ਸੀ ਨੇ ਤੁਰੰਤ ਕਾਰਵਾਈ ਕਰਦਿਆਂ ਸਵੇਰੇ 8 ਵਜੇ ਤੋਂ ਰਾਤ 8 ਵਜੇ ਤੱਕ ਨਗਰ ਕੌਂਸਲ ਖੰਨਾ ਦੀ ਹੱਦ ਅੰਦਰ ਟਰੱਕ, ਟ੍ਰਾਲਾ, ਟਿੱਪਰ ਅਤੇ ਹੋਰ ਸਾਰੇ ਭਾਰੀ ਵਾਹਨਾਂ ਦੀ ਐਂਟਰੀ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕਰ ਦਿੱਤੇ। ਇਨ੍ਹਾਂ ਹੁਕਮਾਂ ਮੁਤਾਬਕ ਨਿਰਧਾਰਤ ਸਮੇਂ ਦੌਰਾਨ ਕੋਈ ਵੀ ਹੈਵੀ ਵਾਹਨ ਸ਼ਹਿਰ ਅੰਦਰ ਦਾਖ਼ਲ ਨਹੀਂ ਹੋ ਸਕੇਗਾ। ਨਿਯਮਾਂ ਦੀ ਉਲੰਘਣਾ ਕਰਨ 'ਤੇ ਵਾਹਨ ਚਾਲਕ 'ਤੇ 20 ਹਜ਼ਾਰ ਰੁਪਏ ਤੱਕ ਦਾ ਭਾਰੀ ਜੁਰਮਾਨਾ ਲਾਇਆ ਜਾਵੇਗਾ। ਲੋੜ ਪੈਣ 'ਤੇ ਵਾਹਨ ਨੂੰ ਜ਼ਬਤ ਕਰਨ ਵਰਗੀ ਸਖ਼ਤ ਕਾਨੂੰਨੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਰੇ ਸਬੰਧਤ ਵਿਭਾਗਾਂ ਨੂੰ ਹਦਾਇਤ ਦਿੱਤੀ ਗਈ ਹੈ ਕਿ ਇਨ੍ਹਾਂ ਹੁਕਮਾਂ ਦੀ ਪੂਰੀ ਸਖ਼ਤੀ ਨਾਲ ਪਾਲਣਾ ਕਰਵਾਈ ਜਾਵੇ।

ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਖੰਨਾ ਇੱਕ ਵਪਾਰਕ ਅਤੇ ਉਦਯੋਗਿਕ ਤੌਰ 'ਤੇ ਬਹੁਤ ਵਿਆਸਤ ਸ਼ਹਿਰ ਹੈ, ਜਿੱਥੇ ਭਾਰੀ ਵਾਹਨਾਂ ਕਾਰਨ ਹਰ ਰੋਜ਼ ਟ੍ਰੈਫਿਕ ਜਾਮ ਦੀ ਸਥਿਤੀ ਬਣੀ ਰਹਿੰਦੀ ਸੀ। ਇਸ ਨਾਲ ਸਕੂਲੀ ਬੱਚਿਆਂ, ਦਫ਼ਤਰ ਜਾਣ ਵਾਲੇ ਕਰਮਚਾਰੀਆਂ, ਵਪਾਰੀਆਂ ਅਤੇ ਮਰੀਜ਼ਾਂ ਨੂੰ ਕਾਫ਼ੀ ਮੁਸ਼ਕਲ ਆਉਂਦੀ ਸੀ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸੁਵਿਧਾ ਅਤੇ ਸੜਕ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਇਹ ਫੈਸਲਾ ਲਿਆ ਗਿਆ ਹੈ, ਤਾਂ ਜੋ ਸ਼ਹਿਰ ਵਾਸੀਆਂ ਨੂੰ ਜਾਮ ਤੋਂ ਰਾਹਤ ਮਿਲੇ ਅਤੇ ਦੁਰਘਟਨਾਵਾਂ 'ਤੇ ਰੋਕ ਲੱਗ ਸਕੇ। ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਨੇ ਦੱਸਿਆ ਕਿ ਹੁਕਮਾਂ ਨੂੰ ਲਾਗੂ ਕਰਨ ਲਈ ਸ਼ਹਿਰ ਦੇ ਸਾਰੇ ਮੁੱਖ ਐਂਟਰੀ ਪੁਆਇੰਟਾਂ 'ਤੇ ਸਾਈਨ ਬੋਰਡ ਲਗਾਏ ਜਾਣਗੇ ਅਤੇ ਟ੍ਰੈਫਿਕ ਪੁਲਿਸ ਦੀਆਂ ਵਿਸ਼ੇਸ਼ ਟੀਮਾਂ ਤਾਇਨਾਤ ਕੀਤੀਆਂ ਜਾਣਗੀਆਂ।

# ਗੋਲਡਨ ਅਰਥ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ 'ਤਾਈਕਵਾਡੋਂ' 'ਚ ਸੋਨੇ ਦੇ ਤਮਗ਼ੇ ਜਿੱਤੇ

ਮੁੱਲਾਪੁਰ ਦਾਖਾ, 11 ਫਰਵਰੀ (ਦਵਿੰਦਰ ਸਿੰਘ ਲੰਮੇ) : ਗੋਲਡਨ ਅਰਥ ਕਾਨਵੈਂਟ ਸਕੂਲ ਪੰਡੋਰੀ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਤਾਈਕਵਾਡੋਂ ਐਸੋਸੀਏਸ਼ਨ ਵੱਲੋਂ ਕਰਵਾਏ ਗਏ ਜ਼ਿਲ੍ਹਾ ਪੱਧਰੀਖੇਡ ਮੁਕਾਬਲਿਆਂ ਵਿੱਚਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨੇ ਦੇ ਤਗ਼ਮੇ ਹਾਸਲ ਕਰਕੇ ਓਵਰਆਲ ਦੂਜਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਅਰਮਾਨਦੀਪ ਸਿੰਘ , ਹਰਸ਼ਿਤ ਗਰਗ , ਦਮਨਦੀਪ ਸਿੰਘ , ਵਿੱਕੀ ਗੋਸਵਾਮੀ , ਅਰਸ਼ਦੀਪ ਕੌਰ ਤੇ



ਗੁਰਕੀਰਤ ਕੌਰ ਨੇ 6 ਸੋਨੇ ਦੇ ਤਗ਼ਮੇ ਹਾਸਲ ਕੀਤੇ। ਇਸਤੋਂ ਇਲਾਵਾ ਅਸ਼ਮਨਵੀਰ ਸਿੰਘ, ਸਹਿਜਦੀਪ ਸਿੰਘ, ਪੈਰੀ ਸ਼ਰਮਾ, ਤਨਵੀਰ ਕੌਰ, ਨਿਮਰਤ ਕੌਰ , ਪਰਮੀਤ ਕੌਰ ਨੇ 6 ਚਾਂਦੀ ਅਤੇ ਕੁਨਾਲ ਕੁਮਾਰ ਤੇ ਰਮਨੀਤ ਕੌਰ ਨੇ 2 ਕਾਂਸੀ ਦੇ ਤਮਗ਼ੇ ਜਿੱਤ ਕੇ ਸ਼ਾਨਦਾਰ ਕਾਮਯਾਬੀ ਦਰਜ ਕਰਵਾਈ।

ਇਸ ਸ਼ਾਨਦਾਰ ਜਿੱਤ ਹਾਸਲ ਕਰਨ 'ਤੇ ਚੇਅਰਮੈਨ ਬਲਦੇਵ ਕ੍ਰਿਸ਼ਨ ਅਰੋੜਾ ਨੇ ਖਿਡਾਰੀਆਂ ਅਤੇ ਕੋਚ ਰਾਜਕੁਮਾਰ ਨੂੰ ਵਧਾਈ ਦਿੱਤੀ। ਇਸ ਮੌਕੇ ਵਾਈਸ ਚੇਅਰਮੈਨ ਗੁਲਸ਼ਨ ਲੂਥਰਾ, ਪ੍ਰਧਾਨ ਡਾ: ਮਨਿੰਦਰਪਾਲ ਅਰੋੜਾ, ਵਾਈਸ ਪ੍ਰਧਾਨ ਰਾਜੀਵ ਕੁਮਾਰ ਅਰੋੜਾ ਅਤੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਨਸ਼ੇ ਦੀ ਬਸਤੀ ਵਿੱਚ ਮਮਤਾ ਦੀ ਮਿਸਾਲ, ਐਸ.ਐਸ.ਪੀ ਦੀ ਗੋਂਦ ਵਿੱਚ ਮਾਸੂਮ, ਤਸਵੀਰ ਨੇ ਜਿੱਤੇ ਦਿਲ

ਲੁਧਿਆਣਾ, 11 ਫਰਵਰੀ (ਵਿਸ਼ਾਲ ਸ਼ਰਮਾ) : ਨਸ਼ਾ ਤਸਕਰੀ ਲਈ ਬਦਨਾਮ ਮੀਟ ਮਾਰਕੀਟ ਬਸਤੀ ਵਿੱਚ ਆਪਰੇਸ਼ਨ ਪ੍ਰਹਾਰ-2 ਤਹਿਤ ਇੱਕ ਬਹੁਤ ਹੀ ਭਾਵੁਕ ਅਤੇ ਪ੍ਰੇਰਨਾਦਾਇਕ ਦ੍ਰਿਸ਼ ਦੇਖਣ ਨੂੰ ਮਿਲਿਆ। ਇਸ ਮੌਕੇ ਪੰਜਾਬ ਦੀ ਧੀ ਅਤੇ ਖੰਨਾ ਦੀ ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਖੁਦ ਮੈਦਾਨ ਵਿੱਚ ਉਤਰੇ ਅਤੇ ਲੋਕਾਂ ਨੂੰ ਨਸ਼ੇ ਤੋਂ ਦੂਰ ਰਹਿਣ, ਸਮਾਜ ਦੀ ਮੁੱਖ ਧਾਰਾ ਨਾਲ ਜੁੜਨ ਅਤੇ ਚੰਗੀ ਜ਼ਿੰਦਗੀ ਵੱਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦਾ ਮਕਸਦ ਸਿਰਫ਼ ਕਾਰਵਾਈ ਕਰਨਾ ਹੀ ਨਹੀਂ ਸੀ, ਸਗੋਂ ਲੋਕਾਂ ਦੇ ਦਿਲਾਂ ਵਿੱਚ ਭਰੋਸਾ ਜਗਾ ਕੇ ਉਨ੍ਹਾਂ ਨੂੰ ਬਿਹਤਰ ਭਵਿੱਖ ਦੀ ਦਿਸ਼ਾ ਦਿਖਾਉਣਾ ਵੀ ਸੀ। ਇਸ ਦੌਰਾਨ ਉੱਥੇ ਮੌਜੂਦ ਇੱਕ ਮਾਸੂਮ ਬੱਚਾ ਅਚਾਨਕ ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਕੋਲ ਆ ਗਿਆ। ਉਹਨਾਂ ਨੇ ਬਿਨਾਂ ਕਿਸੇ ਝਿਜਕ ਅਤੇ ਭੇਦਭਾਵ ਦੇ ਬੱਚੇ ਨੂੰ ਤੁਰੰਤ ਆਪਣੀ ਗੋਦ ਵਿੱਚ ਚੁੱਕ ਲਿਆ ਅਤੇ ਪਿਆਰ ਨਾਲ ਸੀਨੇ ਨਾਲ ਲਾ ਲਿਆ। ਬੱਚੇ ਨੂੰ ਗੋਦ ਵਿੱਚ ਰੱਖ ਕੇ ਉਹਨਾਂ ਨੇ ਉੱਥੇ



ਮੌਜੂਦ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਸਧਾਰਨ ਭਾਸ਼ਾ ਵਿੱਚ ਸਮਝਾਇਆ। ਇਹ ਦ੍ਰਿਸ਼ ਇੰਨਾ ਭਾਵੁਕ ਸੀ ਕਿ ਉੱਥੇ ਮੌਜੂਦ ਹਰ ਵਿਅਕਤੀ ਦਾ ਦਿਲ ਪਿਘਲ ਗਿਆ। ਲੋਕਾਂ ਨੇ ਮਹਿਸੂਸ ਕੀਤਾ ਕਿ ਪੁਲਿਸ ਸਿਰਫ਼ ਕਾਨੂੰਨ ਲਾਗੂ ਕਰਨ ਵਾਲੀ ਸੰਸਥਾ ਨਹੀਂ, ਸਗੋਂ ਸਮਾਜ ਦੀ ਸੱਚੀ ਸਹਾਇਕ ਅਤੇ ਮਾਰਗਦਰਸ਼ਕ ਵੀ ਹੈ। ਐਸ.ਐਸ.ਪੀ ਦੀ ਇਹ ਮਮਤਾ ਭਰੀ ਤਸਵੀਰ ਕੁਝ ਹੀ ਸਮੇਂ ਵਿੱਚ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਹਜ਼ਾਰਾਂ ਲੋਕਾਂ ਨੇ ਇਸ ਤਸਵੀਰ ਨੂੰ ਸਾਂਝਾ ਕਰਦਿਆਂ ਉਨ੍ਹਾਂ ਦੀ ਮਨੁੱਖੀ ਸੋਚ ਅਤੇ ਜ਼ਮੀਨੀ ਪੱਧਰ 'ਤੇ ਕੰਮ ਕਰਨ ਦੀ ਖੁਲ੍ਹ ਕੇ ਪ੍ਰਸ਼ੰਸਾ ਕੀਤੀ। ਕਈ ਲੋਕਾਂ ਨੇ ਇਸ ਨੂੰ ਨਸ਼ੇ ਖ਼ਿਲਾਫ਼ ਲੜਾਈ ਵਿੱਚ ਉਮੀਦ ਦੀ ਨਵੀਂ ਕਿਰਨ ਕਰਾਰ ਦਿੱਤਾ। ਇਸ ਮੌਕੇ ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਨੇ ਕਿਹਾ ਕਿ ਨਸ਼ਾ ਸਿਰਫ਼ ਕਾਨੂੰਨ-ਵਿਵਸਥਾ ਦੀ ਸਮੱਸਿਆ ਨਹੀਂ, ਬਲਕਿ ਇੱਕ ਗੰਭੀਰ ਸਮਾਜਿਕ ਬਿਮਾਰੀ ਹੈ, ਜਿਸ ਨੂੰ ਜੜ ਤੋਂ ਖਤਮ ਕਰਨ ਲਈ ਪੁਲਿਸ, ਪ੍ਰਸ਼ਾਸਨ ਅਤੇ ਸਮਾਜ ਨੂੰ ਮਿਲਜੁਲ ਕੇ ਯਤਨ ਕਰਨੇ ਪੈਣਗੇ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ 'ਤੇ ਖ਼ਾਸ ਧਿਆਨ ਦੇਣ, ਉਨ੍ਹਾਂ ਨਾਲ ਖੁੱਲ੍ਹ ਕੇ ਗੱਲਬਾਤ ਕਰਨ ਅਤੇ ਸਹੀ ਦਿਸ਼ਾ ਵਿੱਚ ਮਾਰਗਦਰਸ਼ਨ ਦੇਣ। ਨਾਲ ਹੀ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰਹਿ ਕੇ ਪੜ੍ਹਾਈ, ਖੇਡਾਂ ਅਤੇ ਰੋਜ਼ਗਾਰ ਵੱਲ ਧਿਆਨ ਕੇਂਦਰਿਤ ਕਰਨ ਦਾ ਸੱਦਾ ਦਿੱਤਾ। ਮੀਟ ਮਾਰਕੀਟ ਬਸਤੀ ਵਿੱਚ ਵੇਖਿਆ ਗਿਆ, ਇਹ ਛੋਟਾ ਪਰ ਪ੍ਰਭਾਵਸ਼ਾਲੀ ਪਲ ਇਹ ਸਾਬਤ ਕਰਦਾ ਹੈ ਕਿ ਜਦੋਂ ਪ੍ਰਸ਼ਾਸਨ ਮਨੁੱਖੀ ਦ੍ਰਿਸ਼ਟੀਕੋਣ ਨਾਲ ਕੰਮ ਕਰਦਾ ਹੈ, ਤਾਂ ਉਸਦਾ ਅਸਰ ਕਈ ਗੁਣਾ ਵੱਧ ਹੁੰਦਾ ਹੈ। ਇਹ ਤਸਵੀਰ ਲੰਮੇ ਸਮੇਂ ਤੱਕ ਲੋਕਾਂ ਦੇ ਦਿਲਾਂ ਵਿੱਚ ਉਮੀਦ, ਭਰੋਸਾ ਅਤੇ ਬਦਲਾਅ ਦੀ ਪ੍ਰੇਰਣਾ ਬਣੀ ਰਹੇਗੀ।

# ਡੋਰ-ਟੂ-ਡੋਰ ਕੂੜਾ ਚੁੱਕਣ ਦਾ ਠੇਕਾ ਦਿੱਲੀ ਦੀ ਕੰਪਨੀ ਨੂੰ ਦੇਣਾ ਵਾਲਮੀਕ ਸਮਾਜ ਦੇ ਹੱਕਾਂ 'ਤੇ ਡਾਕਾ : ਸੋਖੀ, ਧੀਂਗਾਨ

ਲੁਧਿਆਣਾ, 11 ਫਰਵਰੀ (ਰਵਿੰਦਰ ਸਿੰਘ ਨਿੱਝਰ): ਨਗਰ ਨਿਗਮ ਲੁਧਿਆਣਾ ਦੇ ਜਨਰਲ ਹਾਊਸ ਮੀਟਿੰਗ ਦੌਰਾਨ ਡੋਰ ਟੂ ਡੋਰ ਕੂੜਾ ਚੱਕੇ ਜਾਣ ਦਾ ਠੇਕਾ ਨਵੇਂ ਸਿਰੇ ਤੋਂ ਦਿੱਲੀ ਦੀ ਕੰਪਨੀ ਨੂੰ 1100 ਕਰੋੜ ਦੇ ਵਿੱਚ ਦੇ ਕੇ ਵਾਲਮੀਕ ਸਮਾਜ ਦੇ ਹੱਕਾਂ 'ਤੇ ਡਾਕਾ ਮਾਰਿਆ ਗਿਆ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਜਨਰਲ ਸਕੱਤਰ ਅਤੇ ਹਲਕਾ ਆਤਮ ਨਗਰ ਦੇ ਇੰਚਾਰਜ ਜਗਬੀਰ ਸਿੰਘ ਸੋਖੀ ਅਤੇ ਨਗਰ ਨਿਗਮ ਕਰਮਚਾਰੀ ਯੂਨੀਅਨ ਦੇ ਚੇਅਰਮੈਨ ਨਰੇਸ਼ ਧੀਂਗਾਨ ਨੇ ਗੱਲਬਾਤ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਦੇ ਵੋਟਰਾਂ ਨੂੰ ਝੂਠ ਦੀਆਂ ਗਰੰਟੀਆਂ ਦੇ ਜਾਲ ਵਿੱਚ ਫਸਾ ਕੇ ਸੱਤਾ 'ਤੇ ਕਾਬਜ ਹੋਈ ਮਾਨ ਸਰਕਾਰ ਦਿੱਲੀ ਵਾਲਿਆਂ ਦੇ ਹੱਥਾਂ ਦੀ ਕਠਪੁਤਲੀ ਬਣਕੇ, ਲਗਾਤਾਰ ਪੰਜਾਬੀਆਂ ਦੇ ਹੱਕਾਂ ਦਾ ਘਾਣ ਕਰ ਰਹੀ ਹੈ। ਦਿੱਲੀ ਦੀਆਂ ਕੰਪਨੀਆਂ ਨੂੰ ਫਾਇਦਾ ਪਹੁੰਚਾਉਣ ਲਈ ਆਏ ਦਿਨ ਪੰਜਾਬੀਆਂ ਦੇ ਹੱਕਾਂ ਤੇ ਡਾਕਾ ਮਾਰਿਆ ਜਾ ਰਿਹਾ ਹੈ। ਜਦਕਿ ਲੰਬੇ ਸਮੇਂ ਤੋਂ ਘਰਾਂ ਤੋਂ ਕੂੜਾ ਚੱਕਣ ਦੀ ਸੇਵਾ ਨਿਭਾਉਣ ਵਾਲੇ ਕਾਮਿਆਂ ਦੇ ਹਿੱਤਾਂ ਦੀ ਰੱਖਿਆ ਅਤੇ ਇਸ ਧੱਕੇਸ਼ਾਹੀ ਨੂੰ ਸ਼੍ਰੋਮਣੀ ਅਕਾਲੀ ਦਲ ਸਮੇਤ ਸਮੂਹ ਪੰਜਾਬ ਹਿਤੈਸ਼ੀ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਜਿਸ ਦੇ ਚਲਦਿਆਂ ਸੜਕਾਂ ਤੇ ਉਤਰਨ ਸਮੇਤ ਹਰ ਤਰਾਂ ਦੀ ਕਾਨੂੰਨੀ ਲੜਾਈ ਲੜਨ ਲਈ ਹਾਈ ਕੋਰਟ ਦਾ ਰੁੱਖ ਵੀ ਅਪਨਾਇਆ ਜਾਵੇਗਾ।ਇਸ ਮੌਕੇ



ਉਨਾਂ ਦੇ ਨਾਲ ਸੰਤੋਖ ਸਿੰਘ ਸਵਾਲੀ, ਪ੍ਰਵੀਨ ਭਾਰਤੀ, ਬਲਕਾਰ ਸਿੰਘ, ਸ਼ਮਸ਼ੇਰ ਸਿੰਘ ਗਰੇਵਾਲ (ਸਾਰੇ ਸਰਕਲ ਜਥੇਦਾਰ), ਇੰਦਰਜੀਤ ਸਿੰਘ ਰੂਬੀ ਲੋਟੇ, ਰਵੀ ਬਾਲੀ, ਪ੍ਰਧਾਨ ਵਿੱਕੀ ਜੀ, ਰਾਜਵੀਰ ਚੌਟਾਲਾ, ਵਿਪਨ ਕਲਿਆਨ, ਸੁਮਿਤ ਚੌਟਾਲਾ, ਸੁਸ਼ੀਲ ਰੱਤੀ ਲੱਲਾ, ਸੁਭਾਸ਼ ਸੌਂਦੇ ਆਦਿ ਹਾਜ਼ਰ ਸਨ।

# ਕੌਂਸਲਰ ਮਮਤਾ ਰਾਣੀ ਦੀ ਸੱਸ ਸ਼ਸ਼ੀ ਬਾਲਾ ਨੂੰ ਅਹਿਮ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀ ਭੇਂਟ

ਲੁਧਿਆਣਾ, 11 ਫਰਵਰੀ (ਰਵਿੰਦਰ ਸਿੰਘ ਨਿੱਝਰ): ਸਥਾਨਕ ਵਾਰਡ ਨੰਬਰ 41 ਦੀ ਕੌਂਸਲਰ ਮਮਤਾ ਰਾਣੀ ਦੀ ਸੱਸ ਸ੍ਰੀਮਤੀ ਸ਼ਸ਼ੀ ਬਾਲਾ ਜੋ ਕਿ ਬੀਤੇ ਦਿਨੀ ਪਰਮਾਤਮਾ ਦੁਆਰਾ ਬਖਸ਼ੀ ਸੁਆਸਾਂ ਦੀ ਪੂੰਜੀ ਸਮਾਪਤ ਹੋਣ ਉਪਰੰਤ ਪ੍ਰਭੂ ਚਰਨਾਂ ਵਿੱਚ ਜਾ ਬਿਰਾਜੇ ਸਨ, ਉਹਨਾਂ ਨਮਿਤ ਸ਼੍ਰੀ ਗਰੁੜ ਪੁਰਾਣ ਪਾਠ ਦੇ ਭੋਗ ਪਾਏ ਗਏ ਅਤੇ ਉਸ ਉਪਰੰਤ ਸ਼ਰਧਾਂਜਲੀ ਸਮਾਗਮ, ਮਾਤਾ ਵੈਸ਼ਨੋ ਦੇਵੀ ਮੰਦਰ, ਆਤਮ ਨਗਰ, ਵਿਖੇ ਹੋਇਆ। ਇਸ ਮੌਕੇ ਮਾਤਾ ਜੀ ਨੂੰ ਸ਼ਹਿਰ ਦੀਆਂ ਕਈ ਨਾਮਵਰ ਸਖਸ਼ੀਅਤਾਂ ਨੇ ਸ਼ਰਧਾਂਜਲੀਆਂ ਭੇਂਟ ਕੀਤੀਆਂ। ਸਵ: ਸ਼ਸ਼ੀ ਬਾਲਾ ਦੇ ਸਪੁੱਤਰ ਲਖਵਿੰਦਰ ਲੱਕੀ ਕੌਸ਼ਲ, ਵਿਸ਼ਵਕਰਮਾ ਕਿਰਤੀ ਸਮਾਜ ਸਭਾ ਦੇ ਚੇਅਰਮੈਨ ਕੁਲਦੀਪ ਸਿੰਘ ਬਿੱਟਾ ਅਤੇ ਹੋਰ ਪਰਿਵਾਰਿਕ ਸੱਜਣਾਂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਸ਼ਰਧਾਂਜਲੀ ਸਮਾਗਮ ਵਿੱਚ ਹਲਕਾ ਆਤਮ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਸਿੱਧੂ, ਨਗਰ ਨਿਗਮ ਲੁਧਿਆਣਾ ਦੀ ਮੇਅਰ ਇੰਦਰਜੀਤ ਕੌਰ, ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ, ਬ੍ਰਾਹਮਣ



ਭਲਾਈ ਬੋਰਡ ਦੇ ਚੇਅਰਮੈਨ ਪੰਕਜ ਸ਼ਾਰਦਾ, ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ, ਸਾਬਕਾ ਕਮਲਜੀਤ ਕੜਵਲ, ਕੌਂਸਲਰ ਸੋਹਣ ਸਿੰਘ ਗੋਗਾ, ਯੁਵਰਾਜ ਸਿੱਧੂ, ਜਸਪ੍ਰੀਤ ਕੌਰ ਤੇ ਪ੍ਰਭਪ੍ਰੀਤ ਕੌਰ ਧੁੰਨਾ (ਚਾਰੇ ਕੌਂਸਲਰ), ਆਮ ਆਦਮੀ ਪਾਰਟੀ ਦੇ ਵਿਧਾਨ ਸਭਾ ਹਲਕਾ ਆਤਮ ਨਗਰ ਦੇ ਬੀਸੀ ਵਿੰਗ ਦੇ ਪ੍ਰਧਾਨ ਅਵਤਾਰ ਸਿੰਘ ਕੰਡਾ, ਹਲਕਾ ਕੁਆਰਡੀਨੇਟਰ ਮੌਂਟੀ ਸਚਦੇਵਾ ਤੇ ਮਹਿੰਦਰ ਪਾਲ, ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਮੀਤ ਪ੍ਰਧਾਨ ਡਾ: ਓਂਕਾਰ ਚੰਦ ਸ਼ਰਮਾ, ਸਾਬਕਾ ਕੌਂਸਲਰ ਗੁਰਪ੍ਰੀਤ ਗੋਪੀ, ਕਮਲ ਕਾਮਰੇਡ, ਜਤਿੰਦਰ ਪਨੇਸਰ ਮਿੰਟਾ, ਵਿੱਕੀ ਧਵਨ, ਬਲਵਿੰਦਰ ਕੁਮਾਰ ਬਿੰਦਾ, ਲਖਵਿੰਦਰ ਭੁੱਲਰ, ਮਨੀ ਭਗਤ ਸੁਰੇਸ਼ ਸੋਨੂ, ਰਜੇਸ਼ ਸੋਨੀ, ਪਲਵਿੰਦਰ ਤੱਗੜ, ਬਹਾਦਰ ਸਿੰਘ ਰਿਆਇਤ, ਰਵੀ ਅਨੰਦ, ਸਨਾਤਨ ਸੇਵਾ ਸਮਤੀ ਤੋਂ ਰੁਪਿੰਦਰ ਕੌਰ, ਅਜਿੰਦਰ ਪਾਲ ਕੌਰ, ਕਨਵਰ ਬੱਬੂ, ਭੁਪਿੰਦਰ ਸ਼ਰਮਾ, ਠੇਕੇਦਾਰ ਹਰਦੇਵ ਸਿੰਘ, ਜਸਪਾਲ ਸਿੰਘ ਹੂੰਝਣ, ਬਚਿੱਤਰ ਸਿੰਘ ਤੇ ਸੁਰਜੀਤ ਸਿੰਘ (ਗੁਰਦੁਆਰਾ ਸਾਹਿਬਾਨਾਂ ਦੇ ਪ੍ਰਧਾਨ) ਆਦਿ ਨੇ ਹਾਜ਼ਰੀ ਭਰੀ । ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਕੈਬਨਟ ਮੰਤਰੀ ਸੰਜੀਵ ਅਰੋੜਾ, ਵਿਧਾਇਕ ਪੱਪੀ ਪਰਾਸ਼ਰ ਅਤੇ ਭਾਜਪਾ ਦੇ ਜਿਲ੍ਹਾ ਲੁਧਿਆਣਾ ਸ਼ਹਿਰੀ ਦੇ ਪ੍ਰਧਾਨ ਰਜਨੀਸ਼ ਧੀਮਾਨ , ਅਤੇ ਹੋਰਾਂ ਨੇ ਸ਼ੋਕ ਮਤੇ ਭੇਜੇ। ਇਸ ਸ਼ਰਧਾਂਜਲੀ ਸਮਾਗਮ ਵਿੱਚ ਸ਼ਹਿਰ ਦੀਆਂ ਅਨੇਕਾਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਮੰਦਰ ਕਮੇਟੀਆਂ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਵੱਲੋਂ ਵੀ ਸ਼ੋਕ ਮਤੇ ਭੇਜੇ ਗਏ। ਜੈ ਮਾਂ ਸਰਸਵਤੀ ਕਲੱਬ ਅਤੇ ਕਲਗੀਧਰ ਸੇਵਕ ਜਥੇ ਦੇ ਅਹੁਦੇਦਾਰਾਂ ਨੇ ਵੀ ਸਮਾਗਮ ਵਿੱਚ ਹਾਜ਼ਰੀ ਭਰੀ।

# ਕੈਨੇਡਾ ਦੀ ਸਿੱਖਿਆ ਪ੍ਰਣਾਲੀ ਤੇ ਪਰਵਾਸੀ

ਪ੍ਰਿੰਸੀਪਲ ਵਿਜੇ ਕੁਮਾਰ
vijaykumarbehki@gmail.com

**ਦੁਨੀਆ** ਦੇ 162 ਦੇਸ਼ਾਂ ਦੇ ਪਰਵਾਸੀ ਲੋਕਾਂ ਦੇ ਮਨਾਂ 'ਚ ਕੈਨੇਡਾ ਦੀ ਧਰਤੀ ਉੱਤੇ ਆ ਕੇ ਵੱਸਣ ਦੇ ਹਜ਼ਾਰਾਂ ਸੁਪਨੇ ਹੁੰਦੇ ਹਨ। ਇਸ ਵਿੱਚ ਡਾਲਰਾਂ 'ਚ ਕਮਾਈ, ਵੱਡੀਆਂ ਗੱਡੀਆਂ, ਸ਼ਾਨਦਾਰ ਮਹਿਲਾਂ ਜਿਹੀਆਂ ਕੋਠੀਆਂ, ਫਲਾਂ, ਫੁੱਲਾਂ ਅਤੇ ਰੁੱਖਾਂ ਦਾ ਸਵਰਗ ਜਿਹਾ ਦੇਸ਼, ਸ਼ਾਨਦਾਰ ਖੁੱਲ੍ਹੀਆਂ ਸੜਕਾਂ, ਪਾਣੀ ਤੇ ਬਿਜਲੀ ਦੀ ਸਹੂਲਤ, ਸਾਫ਼ ਸ਼ੁੱਧ ਵਾਤਾਵਰਨ, ਐੱਨ. ਆਰ.ਆਈ. ਕਹਾਉਣ ਦਾ ਚਾਅ, ਆਪਣੇ ਬੱਚਿਆਂ ਦੇ ਸੁਨਹਿਰੀ ਭਵਿੱਖ ਦੇ ਅਨੇਕਾਂ ਸੁਪਨੇ ਹੁੰਦੇ ਹਨ, ਪਰ ਜਦੋਂ ਕੁਝ ਅਰਸਾ ਬੀਤ ਜਾਣ ਤੋਂ ਬਾਅਦ ਉਨ੍ਹਾਂ ਨੂੰ ਇੱਥੋਂ ਦੀਆਂ ਅਨੇਕਾਂ ਸਮੱਸਿਆਵਾਂ ਬੱਚੇ ਦੇ ਪਾਲਣ ਪੋਸ਼ਣ, ਮਹਿੰਗਾਈ, ਬੇਰੁਜ਼ਗਾਰੀ, ਨਸ਼ਿਆਂ, ਹੇਰਾ ਫੇਰੀ, ਇਕੱਲਤਾ ਤੇ ਸਿਹਤ ਸੇਵਾਵਾਂ ਦੀ ਘਾਟ ਨਾਲ ਜੂਝਣਾ ਪੈਂਦਾ ਹੈ ਤਾਂ ਉਨ੍ਹਾਂ ਪਰਵਾਸੀਆਂ ਨੂੰ ਇਸ ਦੇਸ਼ ਦੀ ਮ੍ਰਿਗਤ੍ਰਿਸ਼ਨਾ ਵਾਲੀ ਜ਼ਿੰਦਗੀ ਦੀ ਸਮਝ ਆਉਂਦੀ ਹੈ। ਉਨ੍ਹਾਂ ਦੀ ਅਸਲੀ ਪਰੇਸ਼ਾਨੀ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਉਨ੍ਹਾਂ ਨੂੰ ਕੈਨੇਡਾ ਦੀ ਸਿੱਖਿਆ ਪ੍ਰਣਾਲੀ ਦੀਆਂ ਖਾਮੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਥੋਂ ਦੀ ਸਿੱਖਿਆ ਪ੍ਰਣਾਲੀ ਨੂੰ ਲੈ ਕੇ ਉਨ੍ਹਾਂ ਦੇ ਮਨਾਂ 'ਚ ਇੱਕ ਸਵਾਲ ਬਾਰ ਬਾਰ ਉੱਠਣਾ ਸ਼ੁਰੂ ਹੋ ਜਾਂਦਾ ਹੈ ਕਿ ਜੇਕਰ ਉਨ੍ਹਾਂ ਦੇ ਬੱਚੇ ਮਿਆਰੀ ਸਿੱਖਿਆ ਹਾਸਲ ਕਰਕੇ ਕੁਝ ਨਾ ਬਣ ਸਕੇ ਤਾਂ ਉਨ੍ਹਾਂ ਦੀ ਕਮਾਈ ਕਿਸ ਕੰਮ ਦੀ ? ਉਹ ਆਪਣੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਆਪਣਾ ਸਾਰਾ ਕੁਝ ਛੱਡ ਕੇ ਇਸ ਦੇਸ਼ ਵਿੱਚ ਆ ਕੇ ਵਸੇ ਸਨ। ਕੈਨੇਡਾ ਦੀ ਸਿੱਖਿਆ ਪ੍ਰਣਾਲੀ ਵਿੱਚ ਬਹੁਤ ਖਾਮੀਆਂ ਹਨ ਜਿਨ੍ਹਾਂ ਨੂੰ ਲੈ ਕੇ ਇੱਥੇ ਵੱਸਦੇ ਪਰਵਾਸੀ ਲੋਕਾਂ ਨੂੰ ਆਪਣੇ ਬੱਚਿਆਂ ਦੇ ਭਵਿੱਖ ਦਾ ਫ਼ਿਕਰ ਹੁੰਦਾ ਹੈ। ਕੈਨੇਡਾ 'ਚ ਤਿੰਨ ਤਰ੍ਹਾਂ ਦੇ ਸਕੂਲ ਹਨ। ਪਹਿਲੀ ਕਿਸਮ ਨਿੱਜੀ ਪ੍ਰਾਈਵੇਟ ਸਕੂਲਾਂ ਦੀ ਹੈ। ਇਨ੍ਹਾਂ ਸਕੂਲਾਂ 'ਚ ਕੇਵਲ ਬਹੁਤ ਅਮੀਰ ਲੋਕਾਂ ਦੇ ਬੱਚੇ ਪੜ੍ਹ ਸਕਦੇ ਹਨ। ਇਨ੍ਹਾਂ ਸਕੂਲਾਂ 'ਚ ਆਮ ਤੇ ਮੱਧ ਵਰਗ ਨਾਲ ਸਬੰਧ ਰੱਖਣ ਵਾਲੇ ਲੋਕ ਆਪਣੇ ਬੱਚਿਆਂ ਨੂੰ ਪੜ੍ਹਾਉਣ ਬਾਰੇ ਸੋਚ ਵੀ ਨਹੀ ਸਕਦੇ ਕਿਉਂਕਿ ਇਨ੍ਹਾਂ ਸਕੂਲਾਂ ਦੀ ਫੀਸ ਤੇ ਹੋਰ ਖ਼ਰਚੇ ਬਹੁਤ ਜ਼ਿਆਦਾ ਹਨ। ਇਨ੍ਹਾਂ 'ਚ ਪੜ੍ਹਾਈ ਦਾ ਮਿਆਰ ਕਾਫ਼ੀ ਉੱਚਾ ਹੈ। ਭਾਵੇਂ ਇਨ੍ਹਾਂ ਸਕੂਲਾਂ ਵਿੱਚ ਵੀ ਬੱਚਿਆਂ ਨੂੰ ਕਾਫ਼ੀ ਆਜ਼ਾਦੀ ਹੈ, ਪਰ ਫਿਰ ਵੀ ਇਨ੍ਹਾਂ 'ਚ ਬੱਚਿਆਂ ਨੂੰ ਸਕੂਲ ਦੇ ਅਨੁਸ਼ਾਸਨ ਤੇ ਕਾਇਦੇ ਕਾਨੂੰਨਾਂ ਦਾ ਪਾਲਣ ਕਰਨਾ ਹੀ ਪੈਂਦਾ ਹੈ। ਦੂਜੀ ਕਿਸਮ ਕੈਥੋਲਿਕ ਧਰਮ ਦੇ ਲੋਕਾਂ ਲਈ ਸਕੂਲਾਂ ਦੀ ਆਉਂਦੀ ਹੈ। ਇਨ੍ਹਾਂ ਸਕੂਲਾਂ 'ਚ ਕੇਵਲ ਕੈਥੋਲਿਕ ਧਰਮ ਨਾਲ ਸਬੰਧਤ ਲੋਕਾਂ ਦੇ ਬੱਚਿਆਂ ਨੂੰ ਹੀ ਦਾਖਲਾ ਮਿਲਦਾ ਹੈ। ਇਨ੍ਹਾਂ ਸਕੂਲਾਂ 'ਚ ਵੀ ਪੜ੍ਹਾਈ ਤੇ ਅਨੁਸ਼ਾਸਨ ਦਾ ਮਿਆਰ ਉੱਚਾ ਹੈ। ਤੀਜੀ ਕਿਸਮ ਸਰਕਾਰੀ ਸਕੂਲਾਂ ਦੀ ਹੈ। ਬਾਰ੍ਹਵੀਂ ਜਮਾਤ ਤੱਕ ਇਨ੍ਹਾਂ ਸਕੂਲਾਂ ਵਿੱਚ ਪੜ੍ਹਾਈ ਬਿਲਕੁਲ ਮੁਫ਼ਤ ਹੈ। ਜ਼ਿਆਦਾਤਰ ਪਰਵਾਸੀ ਲੋਕਾਂ ਦੇ ਬੱਚੇ ਇਨ੍ਹਾਂ ਸਰਕਾਰੀ ਸਕੂਲਾਂ 'ਚ ਹੀ ਪੜ੍ਹਦੇ ਹਨ। ਦੂਜੇ ਦੇਸ਼ਾਂ ਤੋਂ ਆ ਕੇ ਵਸੇ ਹੋਏ ਪਰਵਾਸੀਆਂ ਨੂੰ ਕੈਨੇਡਾ ਦੀ ਸਿੱਖਿਆ ਪ੍ਰਣਾਲੀ ਦੀਆਂ ਖਾਮੀਆਂ ਪ੍ਰਤੀ ਇਸ ਲਈ ਸ਼ਿਕਾਇਤਾਂ ਹਨ ਕਿਉਂਕਿ ਇਸ ਸਿੱਖਿਆ ਪ੍ਰਣਾਲੀ ਅਧੀਨ ਉਨ੍ਹਾਂ ਦੇ ਬੱਚਿਆਂ ਨੂੰ ਨਾ ਮਿਆਰੀ ਸਿੱਖਿਆ ਮਿਲ ਰਹੀ ਹੈ ਤੇ ਨਾ ਉਨ੍ਹਾਂ ਦੇ ਬੱਚਿਆਂ ਦਾ ਚੰਗਾ ਭਵਿੱਖ ਬਣ ਰਿਹਾ ਹੈ। ਕੈਨੇਡਾ ਦੀ ਸਿੱਖਿਆ ਪ੍ਰਣਾਲੀ ਮੁਤਾਬਿਕ ਬੱਚਿਆਂ ਨੂੰ ਮਿਆਰੀ ਸਿੱਖਿਆ ਨਾਲੋਂ ਆਜ਼ਾਦੀ ਦੀ ਜ਼ਿਆਦਾ ਜ਼ਰੂਰਤ ਹੈ। ਨੈਤਿਕ ਕਦਰਾਂ ਕੀਮਤਾਂ ਸਿੱਖਿਆ ਦਾ ਹਿੱਸਾ ਹੀ ਨਹੀ ਹਨ। ਸਵੇਰ ਦੀ ਪ੍ਰਾਰਥਨਾ ਸਭਾ ਜਿਸ ਵਿੱਚ ਬੱਚਿਆਂ ਨੂੰ ਚੰਗੀਆਂ ਗੱਲਾਂ ਸਿਖਾਈਆਂ ਜਾਣੀਆਂ ਹੁੰਦੀਆਂ ਹਨ, ਨਾਂਮਾਤਰ ਦੀ ਹੀ ਹੁੰਦੀ ਹੈ। ਸਕੂਲਾਂ ਵਿੱਚ ਅਨੁਸ਼ਾਸਨ ਦਾ ਮਿਆਰ ਕਾਫ਼ੀ ਨੀਵਾਂ ਹੈ। ਅਧਿਆਪਕ ਵੱਲੋਂ ਬੱਚਿਆਂ ਨੂੰ ਸਜ਼ਾ ਦਿੱਤੇ ਜਾਣ ਬਾਰੇ ਤਾਂ ਸੋਚਿਆ ਵੀ ਨਹੀ ਜਾ ਸਕਦਾ। ਉਹ ਬੱਚਿਆਂ ਨੂੰ ਡਾਂਟ ਵੀ ਨਹੀ ਸਕਦੇ। ਜੇਕਰ ਕੋਈ ਅਧਿਆਪਕ ਬੱਚਿਆਂ ਨੂੰ ਡਾਂਟਣ ਦੀ ਗ਼ਲਤੀ ਕਰ ਬੈਠਦਾ ਹੈ ਤਾਂ ਉਸ ਦੇ ਵਿਰੁੱਧ ਕਾਨੂੰਨੀ ਕਾਰਵਾਈ ਹੁੰਦੀ ਹੈ। ਬੱਚੇ 911 'ਤੇ ਫੋਨ ਕਰ ਕੇ ਪੁਲੀਸ ਨੂੰ ਸੂਚਨਾ ਦੇ ਸਕਦੇ ਹਨ। ਪੁਲੀਸ ਉਸ ਅਧਿਆਪਕ ਵਿਰੁੱਧ ਕਾਰਵਾਈ ਕਰਦੀ ਹੈ। ਅਧਿਆਪਕ ਬੱਚਿਆਂ ਨੂੰ ਕੁਝ ਕਹਿੰਦੇ ਹੀ ਨਹੀ। ਇਸੇ ਲਈ ਸਕੂਲਾਂ ਤੇ ਜਮਾਤਾਂ 'ਚ ਅਨੁਸ਼ਾਸਨਹੀਣਤਾ ਦਾ ਮਾਹੌਲ ਹੁੰਦਾ ਹੈ। ਇਸ ਅਨੁਸ਼ਾਸਨਹੀਣਤਾ ਦੇ ਕਾਰਨ ਹੀ ਅਧਿਆਪਕਾਂ ਨੂੰ ਜਮਾਤਾਂ 'ਚ ਪੜ੍ਹਾਉਣਾ ਔਖਾ ਹੋ ਜਾਂਦਾ ਹੈ। ਅਧਿਆਪਕ ਬੱਚਿਆਂ ਦੇ ਸਕੂਲ ਨਾ ਆਉਣ ਅਤੇ ਨਾ ਪੜ੍ਹਨ ਦੀ ਸਥਿਤੀ 'ਚ ਬੱਚਿਆਂ ਦੇ ਮਾਪਿਆਂ ਨੂੰ ਕੇਵਲ ਸੂਚਨਾ ਦੇ ਸਕਦੇ ਹਨ, ਉਨ੍ਹਾਂ ਨੂੰ ਝਿੜਕ ਤੱਕ ਨਹੀ ਸਕਦੇ। ਬੱਚਿਆਂ ਨੂੰ ਸਕੂਲ ਵਿੱਚ ਇਹ ਸਿਖਾਇਆ ਜਾਂਦਾ ਹੈ ਕਿ ਜੇਕਰ ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਮਾਰਨ ਜਾਂ ਡਾਂਟਣ ਤਾਂ ਉਹ 911 'ਤੇ ਪੁਲੀਸ ਨੂੰ ਫੋਨ ਕਰ ਸਕਦੇ ਹਨ। ਇਹ ਸਿੱਖਿਆ ਪ੍ਰਣਾਲੀ ਦਾ ਹੀ ਅਸਰ ਹੈ ਕਿ ਅਧਿਆਪਕਾਂ ਅਤੇ ਮਾਪਿਆਂ ਦਾ ਕਹਿਣਾ ਨਾ ਮੰਨਣਾ, ਸਜ਼ਾ ਦੇਣ ਜਾਂ ਝਿੜਕਣ 'ਤੇ ਪੁਲੀਸ ਨੂੰ ਫੋਨ ਕਰਨ ਦੀ ਧਮਕੀ ਦੇਣੀ। ਆਪਣੀ ਗੱਲ ਮਨਵਾਉਣ ਲਈ ਜ਼ਰੂਰਤ ਤੋਂ ਜ਼ਿਆਦਾ ਜ਼ਿੱਦ ਕਰਨੀ, ਅਧਿਆਪਕਾਂ ਅਤੇ ਮਾਪਿਆਂ ਨਾਲ ਬਦਤਮੀਜ਼ੀ ਕਰਨੀ, ਅਨੁਸ਼ਾਸਨ ਹੀਣਤਾ ਵਿਖਾਉਣੀ ਅਤੇ ਅਵਾਰਾਗਰਦੀ ਕਰਨੀ, ਉਨ੍ਹਾਂ ਦੀਆਂ ਆਦਤਾਂ ਦਾ ਹਿੱਸਾ ਬਣ ਜਾਂਦਾ ਹੈ। ਅੱਠਵੀਂ ਜਮਾਤ ਤੱਕ ਪੜ੍ਹਾਈ ਕਰਨ ਲਈ ਬੱਚਿਆਂ ਕੋਲ ਕੋਈ ਕਿਤਾਬ ਨਹੀ ਹੁੰਦੀ। ਬੱਚੇ ਆਪਣੀ ਸਾਰੀ ਪੜ੍ਹਾਈ ਮੋਬਾਈਲ ਅਤੇ ਲੈਪਟਾਪ ਉੱਤੇ ਐਪਸ ਦੀ ਮਦਦ ਨਾਲ ਕਰਦੇ ਹਨ। ਅੱਠਵੀਂ ਜਮਾਤ ਤੱਕ ਕੋਈ ਪ੍ਰੀਖਿਆ ਨਹੀਂ ਹੁੰਦੀ। ਸਕੂਲ ਤੋਂ ਘਰ ਲਈ ਕੋਈ ਕੰਮ ਨਹੀ ਦਿੱਤਾ ਜਾਂਦਾ। ਬੱਚੇ ਜੋ ਕੁਝ ਪੜ੍ਹ ਕੇ ਆਉਂਦੇ ਹਨ, ਸਕੂਲ ਵਿੱਚ ਹੀ ਪੜ੍ਹ ਕੇ ਆਉਂਦੇ ਹਨ। ਲੈਪਟਾਪ ਉੱਤੇ ਬਣੀਆਂ ਸੀਟਾਂ ਉੱਤੇ ਟੈਸਟ ਹੁੰਦੇ ਹਨ। ਉਨ੍ਹਾਂ ਟੈਸਟਾਂ ਦੇ ਆਧਾਰ ਉਤੇ ਹੀ ਪ੍ਰੀਖਿਆਵਾਂ ਦੇ ਅੰਕ ਲਗਾ ਕੇ ਨਤੀਜੇ ਕੱਢ ਦਿੱਤੇ ਜਾਂਦੇ ਹਨ। ਬੱਚੇ ਸਕੂਲ ਨੂੰ ਸਿਰਫ਼ ਬੈਗ ਅਤੇ ਰੋਟੀ ਵਾਲਾ ਟਿਫਨ ਹੀ ਲੈ ਕੇ ਜਾਂਦੇ ਹਨ। ਸਕੂਲ ਵਿੱਚ ਮੋਬਾਈਲ ਲਿਜਾਉਣ ਦੀ ਇਜਾਜ਼ਤ ਹੁੰਦੀ ਹੈ। ਅਨੁਸ਼ਾਸਨਹੀਣਤਾ ਹੋਣ ਕਾਰਨ ਸ਼ਰਾਰਤੀ ਬੱਚੇ ਜਮਾਤਾਂ ਵਿੱਚ ਹੀ ਮੋਬਾਈਲ ਦੀ ਵਰਤੋਂ ਕਰਨ ਲੱਗ ਜਾਂਦੇ ਹਨ, ਪਰ ਅਧਿਆਪਕ ਉਨ੍ਹਾਂ ਦੀ ਸ਼ਿਕਾਇਤ ਉਨ੍ਹਾਂ ਦੇ ਮਾਪਿਆਂ ਨੂੰ ਕਰਨ ਤੋਂ ਇਲਾਵਾ ਕੁਝ ਨਹੀ ਕਰ ਪਾਉਂਦੇ। ਸਕੂਲ ਦੀ ਕੋਈ ਵਰਦੀ ਨਹੀ ਹੈ। ਸਕੂਲਾਂ 'ਚ ਛੁੱਟੀਆਂ ਬਹੁਤ ਜ਼ਿਆਦਾ ਹੁੰਦੀਆਂ ਹਨ। ਸਕੂਲ ਤੋਂ ਘਰ ਲਈ ਕੋਈ ਕੰਮ ਨਾ ਮਿਲਣ ਕਾਰਨ ਬੱਚੇ ਖੇਡਣ ਲਈ ਪਾਰਕਾਂ 'ਚ ਪਹੁੰਚ ਜਾਂਦੇ ਹਨ। ਅਵਾਰਾਗਰਦੀ ਕਰਦੇ ਹਨ। ਬੱਚੇ ਫੋਨ ਤੇ ਸ਼ੋਸਲ ਮੀਡੀਆ ਦੀ ਬਹੁਤ ਜ਼ਿਆਦਾ ਵਰਤੋਂ ਅਤੇ ਦੁਰਵਰਤੋਂ ਵੀ ਕਰਦੇ ਹਨ। ਮਾਪਿਆਂ ਦਾ ਆਪਣੇ ਬੱਚਿਆਂ ਉੱਤੇ ਬਹੁਤ ਘੱਟ ਕੰਟਰੋਲ ਹੈ। ਜਵਾਨ ਬੱਚਿਆਂ ਨਾਲ ਤਾਂ ਉਨ੍ਹਾਂ ਦੇ ਮਾਪਿਆਂ ਨੂੰ ਸੌ ਤਰ੍ਹਾਂ ਦੇ ਸਮਝੌਤੇ ਕਰਨੇ ਪੈਂਦੇ ਹਨ। ਪੁਲੀਸ ਦੇ ਡਰ ਕਾਰਨ ਮਾਪਿਆਂ ਨੂੰ ਬੱਚਿਆਂ ਨਾਲ ਬਹੁਤ ਢੰਗ ਨਾਲ ਚੱਲਣਾ ਪੈਂਦਾ ਹੈ। ਆਨਲਾਈਨ ਟਿਊਸ਼ਨਾਂ ਬਹੁਤ ਮਹਿੰਗੀਆਂ ਹਨ ਜੋ ਕਿ ਘੱਟ ਆਮਦਨ ਵਾਲੇ ਮਾਪਿਆਂ ਲਈ ਸੌਖੀ ਗੱਲ ਨਹੀ। ਨੌਵੀਂ ਤੇ ਦਸਵੀਂ ਜਮਾਤ ਵਿੱਚ ਜਾ ਕੇ ਪੜ੍ਹਾਈ ਬਹੁਤ ਔਖੀ ਹੋ ਜਾਂਦੀ ਹੈ। ਇਸ ਦੇਸ਼ ਦੀ ਸਿੱਖਿਆ ਦੀ ਇੱਕ ਖਾਸੀਅਤ ਇਹ ਵੀ ਹੈ ਕਿ ਬੱਚੇ ਨੇ ਕਿਹੜੇ ਖੇਤਰ ਵਿੱਚ ਜਾਣਾ ਹੈ, ਇਸ ਦਾ ਫ਼ੈਸਲਾ ਨੌਵੀਂ ਜਮਾਤ ਵਿੱਚ ਹੀ ਹੋ ਜਾਂਦਾ ਹੈ। ਨੌਵੀਂ ਜਮਾਤ ਵਿੱਚ ਬੱਚੇ ਦੇ ਖੇਤਰ ਦੀ ਚੋਣ ਉਸ ਦੀਆਂ ਹੇਠਲੀਆਂ ਜਮਾਤਾਂ ਦੀ ਕਾਰਗੁਜ਼ਾਰੀ ਉੱਤੇ ਆਧਾਰਿਤ ਹੁੰਦੀ ਹੈ। ਹੇਠਲੀਆਂ ਜਮਾਤਾਂ 'ਚ ਮਿਹਨਤ ਨਾ ਕਰਨ ਵਾਲੇ ਬੱਚੇ ਉੱਪਰਲੀਆਂ ਜਮਾਤਾਂ ਵਿੱਚ ਪੜ੍ਹਾਈ ਛੱਡ ਵੀ ਜਾਂਦੇ ਹਨ। ਕਾਲਜਾਂ ਤੇ ਯੂਨੀਵਰਸਿਟੀਆਂ 'ਚ ਦਾਖਲੇ ਸਮੇਂ ਗਤੀਵਿਧੀਆਂ ਦੇ ਵੀ ਅੰਕ ਹੁੰਦੇ ਹਨ। ਉਹ ਗਤੀਵਿਧੀਆਂ ਖੇਡਾਂ, ਤੈਰਾਕੀ, ਜੂਡੋ ਕਰਾਟੇ, ਡਾਂਸ ਅਤੇ ਪੇਟਿੰਗ ਬਗੈਰਾ ਹੁੰਦੀਆਂ ਹਨ। ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਇਹ ਬਹੁਤ ਚੰਗੀ ਗੱਲ ਹੈ, ਪਰ ਸਕੂਲਾਂ ਵਿੱਚ ਇਨ੍ਹਾਂ ਦਾ ਜ਼ਿਆਦਾ ਚੰਗਾ ਪ੍ਰਬੰਧ ਨਾ ਹੋਣ ਕਾਰਨ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਪੈਸੇ ਖ਼ਰਚ ਕਰਨੇ ਪੈਂਦੇ ਹਨ ਜੋ ਕਿ ਘੱਟ ਆਮਦਨ ਵਾਲੇ ਮਾਪਿਆਂ ਲਈ ਸੰਭਵ ਨਹੀ ਹੁੰਦਾ। ਸਮਝਦਾਰ ਮਾਪੇ ਆਪਣੇ ਬੱਚਿਆਂ ਨੂੰ ਮਾੜੀਆਂ ਆਦਤਾਂ ਤੋਂ ਬਚਾਉਣ ਲਈ ਇਨ੍ਹਾਂ ਗਤੀਵਿਧੀਆਂ ਵਿੱਚ ਲਗਾ ਛੱਡਦੇ ਹਨ। ਇੱਥੇ ਬਹੁਤ ਦੇਰ ਤੋਂ ਵਸ ਰਹੇ ਪਰਵਾਸੀ ਲੋਕਾਂ ਨਾਲ ਜਿਨ੍ਹਾਂ ਦੇ ਬੱਚੇ ਇਸ ਦੇਸ਼ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ ਜਾਂ ਪੜ੍ਹ ਹਟੇ ਹਨ, ਗੱਲ ਕਰਨ ਤੋਂ ਪਤਾ ਲੱਗਾ ਕਿ ਬੱਚਿਆਂ ਨੂੰ ਪੜ੍ਹਾਉਣ ਦੀ ਤਕਨੀਕ ਬਹੁਤ ਵਧੀਆ ਹੈ। ਜੇਕਰ ਬੱਚੇ ਮਿਹਨਤ ਕਰਨ ਅਤੇ ਸਿੱਖਿਆ ਦੀਆਂ ਖਾਮੀਆਂ ਨੂੰ ਦੂਰ ਕੀਤਾ ਜਾਵੇ ਤਾਂ ਬੱਚੇ ਬਹੁਤ ਕੁਝ ਸਿੱਖ ਸਕਦੇ ਹਨ। ਕਈ ਪਰਵਾਸੀ ਲੋਕਾਂ ਨੇ ਇਹ ਵੀ ਦੱਸਿਆ ਕਿ ਬੱਚਿਆਂ ਲਈ 911 'ਤੇ ਪੁਲੀਸ ਨੂੰ ਫੋਨ ਕਰਨ ਦੀ ਵਿਵਸਥਾ ਮਤਰੇਏ ਮਾਂ-ਬਾਪ ਵੱਲੋਂ ਬੱਚਿਆਂ ਨਾਲ ਕੀਤੇ ਜਾਣ ਵਾਲੇ ਦੁਰਵਿਵਹਾਰ ਨੂੰ ਰੋਕਣ ਲਈ ਕੀਤੀ ਗਈ ਸੀ, ਪਰ ਹੁਣ ਸਕੂਲਾਂ 'ਚ ਇਸ ਨੂੰ ਲਾਗੂ ਕਰਕੇ ਇਸ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ, ਜਿਸ ਨੂੰ ਰੋਕਣਾ ਬਹੁਤ ਜ਼ਰੂਰੀ ਹੈ। ਕਈ ਲੋਕ ਇਹ ਵੀ ਕਹਿੰਦੇ ਹਨ ਕਿ ਇੱਥੇ ਆਬਾਦੀ ਘੱਟ ਹੋਣ ਕਾਰਨ ਇਸ ਦੇਸ਼ ਨੂੰ ਪਲੰਬਰ, ਮਿਸਤਰੀ, ਮਜ਼ਦੂਰ, ਬਿਜਲੀ ਵਾਲੇ ਕਾਰੀਗਰ, ਸਿਕਿਉਰਿਟੀ, ਬਹਿਰੇ, ਰੰਗ ਕਰਨ ਵਾਲੇ ਤੇ ਡਰਾਈਵਰ ਸਸਤੀ ਲੇਬਰ 'ਚ ਲੋੜੀਂਦੇ ਹਨ। ਇਸੇ ਲਈ ਇੱਥੋਂ ਦੀਆਂ ਸਰਕਾਰਾਂ ਨੇ ਸਸਤੀ ਲੇਬਰ ਲਈ ਇਹੋ ਜਿਹੀ ਸਿੱਖਿਆ ਪ੍ਰਣਾਲੀ ਦੀ ਵਿਵਸਥਾ ਕੀਤੀ ਹੋਈ ਹੈ। ਇੱਥੋਂ ਦੀਆਂ ਸਰਕਾਰਾਂ ਵਿੱਚ ਪਰਵਾਸੀਆਂ ਦੇ ਨੁਮਾਇੰਦਿਆਂ ਨੂੰ ਸਰਕਾਰਾਂ ਉੱਤੇ ਦਬਾਅ ਬਣਾਉਣਾ ਚਾਹੀਦਾ ਹੈ ਕਿ ਉਹ ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸਿੱਖਿਆ ਪ੍ਰਣਾਲੀ 'ਚ ਲੋੜੀਂਦੇ ਸੁਧਾਰ ਕਰਨ। ਸਰਕਾਰ ਨੂੰ ਸਿੱਖਿਆ ਪ੍ਰਣਾਲੀ 'ਚ ਸੁਧਾਰ ਲਈ ਸਕੂਲਾਂ 'ਚੋਂ ਅਨੁਸ਼ਾਸਨਹੀਣਤਾ ਖ਼ਤਮ ਕਰਨੀ ਚਾਹੀਦੀ ਹੈ। ਬੱਚਿਆਂ ਨੂੰ ਅਧਿਆਪਕਾਂ ਵੱਲੋਂ ਝਿੜਕਣ ਅਤੇ ਥੋੜ੍ਹੀ ਬਹੁਤ ਸਜ਼ਾ ਦਿੱਤੇ ਜਾਣ 'ਤੇ ਪੁਲੀਸ ਨੂੰ 911 'ਤੇ ਫੋਨ ਕਰਨ ਦੀ ਵਿਵਸਥਾ ਖ਼ਤਮ ਕਰਨੀ ਚਾਹੀਦੀ ਹੈ। ਬੱਚਿਆਂ ਨੂੰ ਕਿਤਾਬਾਂ ਲਗਾ ਕੇ ਉਨ੍ਹਾਂ ਦੀ ਲੈਪਟਾਪ ਅਤੇ ਮੋਬਾਈਲ 'ਤੇ ਜ਼ਿਆਦਾ ਨਿਰਭਰਤਾ ਘਟਾਉਣੀ ਚਾਹੀਦੀ ਹੈ। ਛੁੱਟੀਆਂ ਘੱਟ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਨੂੰ ਘਰ ਦਾ ਕੰਮ ਮਿਲਣਾ ਚਾਹੀਦਾ ਹੈ। ਸਵੇਰ ਦੀ ਪ੍ਰਾਰਥਨਾ ਸਭਾ ਸ਼ੁਰੂ ਹੋਣੀ ਚਾਹੀਦੀ ਹੈ। ਸਿੱਖਿਆ ਨੈਤਿਕ ਕਦਰਾਂ ਕੀਮਤਾਂ ਉੱਤੇ ਆਧਾਰਿਤ ਹੋਣੀ ਚਾਹੀਦੀ ਹੈ।



# ਨਵੇਂ ਬੀਜ ਬਿੱਲ ਦਾ ਕਿਸਾਨੀ 'ਤੇ ਅਸਰ

ਡਾ. ਅਮਨਪ੍ਰੀਤ ਸਿੰਘ ਬਰਾੜ
96537-90000



**ਭਾਰਤ** ਵਿਚ ਖੇਤੀ ਖੋਜ ਅਤੇ ਪਸਾਰ ਮੁੱਖ ਤੌਰ 'ਤੇ ਸਰਕਾਰੀ ਅਦਾਰਿਆਂ ਵੱਲੋਂ ਹੀ ਕੀਤਾ ਜਾਂਦਾ ਰਿਹਾ ਹੈ। ਭਾਵੇਂ ਕੁਝ ਨਿੱਜੀ ਕੰਪਨੀਆਂ ਆਪਣੇ ਖੇਤੀ ਵਿਚ ਵਰਤੋਂ ਵਾਲੇ ਰਸਾਇਣ ਵੇਚਣ ਵਾਸਤੇ ਖੇਤਾਂ ਵਿਚ ਪ੍ਰਦਰਸ਼ਨੀ ਪਲਾਟ ਲਗਾ ਕੇ ਆਪਣੇ-ਆਪ ਨੂੰ ਤਕਨਾਲੋਜੀ ਦੇ ਖੇਤਰ ਵਿਚ ਹਿੱਸਾ ਪਾਉਣਾ ਦੱਸ ਕੇ ਸਰਕਾਰੀ ਫੰਡਾਂ ਵਿੱਚੋਂ ਹਿੱਸਾ ਮੰਗਦੀਆਂ ਰਹੀਆਂ ਹਨ ਪਰ ਪਹਿਲੀਆਂ ਸਰਕਾਰਾਂ ਨੇ ਇਹ ਮੰਗ ਨਹੀ ਮੰਨੀ। ਕਹਿਣ ਦਾ ਮਤਲਬ ਇਹ ਕਿ ਜੋ ਖੇਤੀ ਖੋਜ ਜਾਂ ਪਸਾਰ ਦਾ ਕੰਮ ਭਾਰਤ ਵਿਚ ਕਿਸੇ ਦੇਸੀ ਜਾਂ ਵਿਦੇਸ਼ੀ ਕੰਪਨੀ ਨੇ ਕੀਤਾ, ਉਹ ਆਪਣਾ ਪੈਸਾ ਖ਼ਰਚ ਕੇ ਕੀਤਾ ਪਰ ਹੁਣ ਵਿਦੇਸ਼ੀ ਕੰਪਨੀਆਂ ਨੇ ਬਣੇ-ਬਣਾਏ ਸਰਕਾਰੀ ਅਦਾਰਿਆਂ ਵਿਚ ਪੈਰ ਧਰਨਾ ਸ਼ੁਰੂ ਕਰ ਦਿੱਤਾ ਹੈ। ਅਸਲ ਵਿਚ ਸਾਰੇ ਕਾਰਪੋਰੇਟ ਚਾਹੇ ਉਹ ਸਾਡੇ ਹੋਣ ਜਾਂ ਬਾਹਰਲੇ, ਉਹ ਸਾਡੀ ਖੇਤੀ ਨੂੰ ਕੰਟਰੋਲ ਕਰਨਾ ਚਾਹੁੰਦੇ ਹਨ। ਨਵੇਂ ਖੇਤੀ ਕਾਨੂੰਨ ਜੋ ਹੁਣ ਰੱਦ ਹਨ, ਇਨ੍ਹਾਂ ਦੀ ਹੀ ਦੇਣ ਸਨ। ਹੁਣ ਇਹ ਵਲ-ਛੰਨ ਕੇ ਦੁਬਾਰਾ ਹੰਬਲਾ ਮਾਰ ਰਹੇ ਹਨ। ਮਾਰਕੀਟਿੰਗ, ਪਸਾਰ ਤਾਂ ਪਹਿਲਾਂ ਹੀ ਇਨ੍ਹਾਂ ਦੇ ਹੱਥ ਵਿਚ ਜਾ ਚੁੱਕਾ ਹੈ। ਇਸ ਤੋਂ ਹਿਸਾਬ ਲੱਗਦਾ ਹੈ ਕਿ ਰੋਟੀ ਹਰੇਕ ਦੀ ਜ਼ਰੂਰਤ ਹੈ। ਕਿਉ ਨਾ ਇਕੱਲੀ ਇਸ ਦੀ ਮਾਰਕੀਟਿੰਗ ਦੀ ਬਜਾਏ ਇਸ ਦੀ ਪੈਦਾਵਾਰ ਨੂੰ ਹੀ ਕੰਟਰੋਲ ਕਰ ਲਿਆ ਜਾਵੇ। ਇਸ ਨੂੰ ਸਮਝਣ ਲਈ ਥੋੜ੍ਹਾ ਪਿੱਛੇ ਜਾਣਾ ਬਣਦਾ ਹੈ। ਇਸ ਸਾਰੀ ਵਾਰਤਾ ਵਿਚ ਖੋਜ ਖ਼ਾਸ ਕਰਕੇ ਬੀਜ ਦੀ, ਉਸ ਨੂੰ ਪੇਟੈਂਟ ਕੀਤਾ ਜਾਵੇਗਾ। ਇਹ ਕਿਸਾਨਾਂ ਲਈ ਇਕ ਖ਼ਤਰਨਾਕ ਕਦਮ ਹੋ ਸਕਦਾ ਹੈ। ਜਦੋਂ ਤੱਕ ਗੈਟ (ਜਨਰਲ ਐਗਰੀਮੈਂਟ ਆਨ ਟਰੇਡ ਐਂਡ ਟੈਰਿਫ) ਰਿਹਾ, ਉਸ ਵਿੱਚੋਂ ਖੇਤੀ (ਭੋਜਨ) ਅਤੇ ਸਿਹਤ ਨੂੰ ਬਾਹਰ ਰੱਖਿਆ ਗਿਆ ਪਰ ਇਹ ਗੱਲ ਵਿਕਸਿਤ ਦੇਸ਼ਾਂ ਨੂੰ ਮਨਜ਼ੂਰ ਨਹੀ ਹੋਈ। ਉਨ੍ਹਾਂ ਨੇ ਆਪਣੇ ਪਲਾਂਟ ਬਰੀਡਰਾਂ ਦੀ ਖੋਜ ਨੂੰ ਇੰਟਲੈਕਚੂਅਲ ਪ੍ਰਾਪਰਟੀ ਰਾਈਟ ਹੇਠ ਲਿਆ ਕੇ ਆਪਣੇ ਹਿਸਾਬ ਨਾਲ ਸੂਈ-ਜੈਨਰਿਸ ਤਹਿਤ ਪੇਟੈਂਟ ਕਰਨਾ ਸ਼ੁਰੂ ਕਰ ਦਿੱਤਾ। ਇਸ ਨੂੰ 1961 ਵਿਚ ਮੋਡੀਫਾਈ ਕਰ ਕੇ ਇੰਟਰਨੈਸ਼ਨਲ ਯੂਨੀਅਨ ਫਾਰ ਦਿ ਪ੍ਰੋਟੈਕਸ਼ਨ ਆਫ ਨਿਊ ਵਰਾਈਟੀਜ਼ ਆਫ ਪਲਾਂਟ (ਯੂਪੀਓਵੀ) ਬਣਾ ਦਿੱਤਾ। ਸਾਲ 1978 ਵਿਚ ਅਮਰੀਕਾ ਨੂੰ ਵੀ ਇਸ ਅਦਾਰੇ ਨਾਲ ਜੁੜਨ ਦੀ ਮਾਨਤਾ ਮਿਲ ਗਈ ਬਿਨਾਂ ਆਪਣਾ ਕਾਨੂੰਨ ਬਦਲੇ। ਸੰਨ 1978 ਵਿਚ ਯੂਪੀਓਵੀ ਦੀ ਕਨਵੈਨਸ਼ਨ ਵਿਚ ਪਲਾਂਟ ਬਰੀਡਰ ਦੀ ਤਕਰੀਬਨ ਚੜ੍ਹਤ ਹੋ ਗਈ ਪਰ ਇਸ ਵੇਲੇ ਟਰੇਡ ਰਿਲੇਟਡ ਇੰਟੈਕਚੂਅਲ ਪ੍ਰੋਪਰਟੀ ਰਾਈਟਸ (ਟੀਆਰਆਈਪੀਐੱਸ) ਨੇ ਦੋ ਲੋਕਾਂ ਨੂੰ ਇਸ ਤੋਂ ਬਾਹਰ ਰੱਖਿਆ। ਪਹਿਲਾ, ਹੋਰ ਪਲਾਂਟ ਬਰੀਡਰ ਜਿਨ੍ਹਾਂ ਨੇ ਉਸ ਨੂੰ ਵਰਤ ਕੇ ਹੋਰ ਵਰਾਈਟੀ ਤਿਆਰ ਕਰਨੀ ਹੈ। ਦੂਜਾ, ਕਿਸਾਨ ਯਾਨੀ ਉਹ ਆਪਣੇ ਉਸ ਖ਼ਰੀਦੇ ਬੀਜ ਵਿੱਚੋਂ ਅਗਾਂਹ ਲਈ ਬੀਜ ਰੱਖ ਸਕਦਾ ਹੈ। ਸੰਨ 1991 ਵਿਚ ਇਸ ਨੂੰ ਦੁਬਾਰਾ ਬਦਲਿਆ ਜਿਸ ਤਹਿਤ ਪਲਾਂਟ ਬਰੀਡਰ ਨੂੰ ਹੋਰ ਪ੍ਰੋਟੈਕਸ਼ਨ ਦਿੱਤੀ ਜਿਸ ਤਹਿਤ ਉਨ੍ਹਾਂ ਦੀ ਪੂਰੀ ਚੜ੍ਹਤ ਹੋ ਗਈ। ਇਸ ਤਹਿਤ ਜੇ ਕਿਸੇ ਹੋਰ ਬਰੀਡਰ ਨੇ ਇਸ ਨੂੰ ਵਰਤਣਾ ਹੈ ਤਾਂ ਉਸ ਨੂੰ ਪਲਾਂਟ ਬਰੀਡਰ ਰਾਈਟ ਹੋਲਡਰ (ਪੀਬੀਆਰ) ਤਹਿਤ ਰਾਇਲਟੀ ਦੇਣੀ ਹੋਵੇਗੀ ਜੇ ਉਸ ਨਵੀ ਵਰਾਇਟੀ ਵਿਚ ਕੋਈ ਵੀ ਟਰੇਟ/ਗੁਣ ਪੁਰਾਣੀ ਕਿਸਮ ਦਾ ਹੈ। ਇਸ ਤਰ੍ਹਾਂ ਕਿਸਾਨ ਵੀ ਹੁਣ ਆਪਣੀ ਪੈਦਾਵਾਰ ਅਗਲੇ ਸਾਲ ਲਈ ਨਹੀ ਵਰਤ ਸਕਣਗੇ। ਜੇ ਉਨ੍ਹਾਂ ਨੇ ਵਰਤਣੀ ਹੈ ਤਾਂ ਉਨ੍ਹਾਂ ਨੂੰ ਵੀ ਮੁਆਵਜ਼ਾ ਦੇਣਾ ਪਵੇਗਾ ਜਾਂ ਬਰੀਡਰ ਤੋਂ ਮਨਜ਼ੂਰੀ ਲੈਣੀ ਪਵੇਗੀ। ਇਸ ਨੂੰ ਡਬਲਿਊਟੀਓ ਬਣਨ ਵੇਲੇ ਅੰਤਿਮ ਗੇੜ ਵਿਚ ਮਾਨਤਾ ਦਿੱਤੀ ਗਈ ਸੀ। ਇਸ ਨੂੰ ਲਾਗੂ ਕਰਨ ਨੂੰ ਦਸ ਸਾਲ ਦਿੱਤੇ ਗਏ ਸਨ। ਇਸ ਨੂੰ ਲਾਗੂ ਨਾ ਕਰਨ ਵਿਚ ਉਸ ਵੇਲੇ ਦੀਆਂ ਭਾਰਤ ਸਰਕਾਰਾਂ ਹਮੇਸ਼ਾ ਹੀ ਡਬਲਿਊਟੀਓ ਦੇ ਨਿਸ਼ਾਨੇ 'ਤੇ ਰਹਿੰਦੀਆਂ ਰਹੀਆਂ। ਇਹ ਹਾਲਾਤ ਸਾਨੂੰ ਕੁਝ ਵਿਕਸਤ ਦੇਸ਼ਾਂ ਵਿਚ ਦੇਖਣ ਨੂੰ ਮਿਲਦੇ ਹਨ। ਬ੍ਰਿਟਿਸ਼ ਸੁਸਾਇਟੀ ਫਾਰ ਪਲਾਂਟ ਪ੍ਰੋਟੈਕਸ਼ਨ ਨੇ 1995 ਵਿਚ ਸਕਾਟਲੈਂਡ ਦੇ ਕਿਸਾਨਾਂ 'ਤੇ ਕੋਰਟ ਵਿਚ ਉੱਚ ਪੱਧਰ ਦਾ ਕੇਸ ਕੀਤਾ ਕਿ ਇਹ ਕਿਸਾਨ ਦੂਜੇ ਕਿਸਾਨਾਂ ਨੂੰ ਆਲੂਆਂ ਦਾ ਬੀਜ ਵੇਚ ਰਹੇ ਹਨ। ਇਸ ਦੋਸ਼ ਵਿਚ ਅਦਾਲਤ ਨੇ ਕਿਸਾਨਾਂ ਨੂੰ 30000 ਪੌਂਡ ਦਾ ਜੁਰਮਾਨਾ ਕੀਤਾ ਤਾਂ ਕਿ ਜੋ ਘਾਟਾ ਸੀਡ (ਬੀਜ) ਕੰਪਨੀਆਂ ਨੂੰ ਪਿਆ ਹੈ, ਉਹ ਪੂਰਾ ਕੀਤਾ ਜਾ ਸਕੇ। ਇਸ ਤਰ੍ਹਾਂ ਦਾ ਕੇਸ ਅਮਰੀਕਾ ਵਿਚ ਐਸਗਰੋ ਸੀਡ ਕੰਪਨੀ ਨੇ ਉੱਥੋਂ ਦੇ ਕਿਸਾਨ ਡੈਨੀ ਅਤੇ ਉਸ ਦੀ ਪਤਨੀ ਬੈਕੀ ਵਿਨਟਰ ਬੋਇਰ 'ਤੇ ਕੀਤਾ ਸੀ। ਇਹ ਮੁਕੱਦਮਾ ਐਸਗਰੋਅ ਅਤੇ ਵਿਨਟਰ ਬੋਇਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਕੇਸ ਦਾ ਫ਼ੈਸਲਾ 1995 ਵਿਚ ਆਇਆ ਸੀ। ਵਿਨਟਰ ਬੋਇਰ ਨੇ ਐਸਗਰੋ ਕੰਪਨੀ ਤੋਂ ਸੋਇਆਬੀਨ ਦਾ ਬੀਜ ਖ਼ਰੀਦਿਆ ਸੀ ਅਤੇ ਅੱਗੋਂ ਬੀਜ ਵਧਾ ਕੇ ਹੋਰ ਕਿਸਾਨਾਂ ਨੂੰ ਵੇਚ ਦਿੱਤਾ। ਕੰਪਨੀ ਦਾ ਤਰਕ ਸੀ ਕਿ ਇਹ ਕਿਸਮ ਪੇਟੈਂਟ ਹੋਈ ਹੈ ਅਤੇ ਕਿਸਾਨ ਅੱਗੋਂ ਬੀਜ ਨਹੀ ਵੇਚ ਸਕਦੇ। ਕਿਸਾਨਾਂ ਨੇ ਦਲੀਲ ਦਿੱਤੀ ਕਿ ਬੀਜ ਇਕ ਕਿਸਾਨ ਨੇ (ਵਿਨਟਰ ਬੋਇਰ) ਨੇ ਅੱਗੋਂ ਬੀਜ ਕਿਸਾਨਾਂ ਨੂੰ ਵੇਚਿਆ ਹੈ ਜੋ ਮੁੱਢਲੇ ਤੌਰ 'ਤੇ ਕੰਪਨੀ ਤੋਂ ਖ਼ਰੀਦਿਆ ਗਿਆ ਸੀ। ਇਹ ਕੇਸ ਤਾਂ ਵਿਨਟਰ ਬੋਇਰ ਦੇ ਹੱਕ ਵਿਚ ਹੋ ਗਿਆ ਪਰ ਅੱਗੋਂ ਤੋਂ ਕੰਪਨੀਆਂ ਨੇ ਸਰਕਾਰ ਤੋਂ ਕਾਨੂੰਨ ਹੀ ਬਦਲਵਾ ਦਿੱਤਾ। ਸਰਕਾਰਾਂ ਕਿਤੇ ਵੀ ਹੋਣ, ਕਾਰਪੋਰੇਟ ਦੇ ਹੱਕ ਵਿਚ ਹੀ ਭੁਗਤਦੀਆਂ ਹਨ। ਇਸ ਅੰਤਰਰਾਸ਼ਟਰੀ ਐਕਟ ਨੇ ਤਾਂ ਭਾਰਤ ਦੀ ਹਲਦੀ, ਨਿੰਮ, ਬਾਸਮਤੀ ਵੀ ਨਹੀ ਸੀ ਛੱਡੀ। ਸੰਨ 1995 ਦੇ ਐਕਟ ਹੇਠ ਹਲਦੀ ਨੂੰ ਵੀ ਪੇਟੈਂਟ ਕਰ ਲਿਆ ਗਿਆ, ਨਿੰਮ ਨੂੰ ਪੈਸਟੀਸਾਈਡ ਬਣਾ ਕੇ ਅਮਰੀਕਨ ਕੰਪਨੀ ਨੂੰ ਪੇਟੈਂਟ ਮਿਲ ਗਿਆ। ਸਾਡੀ ਬਾਸਮਤੀ ਨੂੰ 1997 ਵਿਚ ਅਮਰੀਕਾ ਦੀ ਰਾਈਸ ਟੈਕ ਕੰਪਨੀ ਨੇ ਪੇਟੈਂਟ ਕਰਵਾ ਲਿਆ ਅਤੇ ਉਸ ਨੂੰ ਦੋ ਟਰੇਡ ਮਾਰਕਾਂ ਦੇ ਨਾਂ 'ਤੇ ਵੇਚਣ ਲੱਗੀ। ਟੈਕਸਮਤੀ-ਜਿਸ ਨੂੰ ਅਮਰੀਕਨ ਸਟਾਈਲ ਦੇ ਚੌਲ ਕਿਹਾ ਗਿਆ ਅਤੇ ਕਾਸਮਤੀ ਜਿਸ ਨੂੰ ਇੰਡੀਅਨ ਸਟਾਈਲ ਦੇ ਚੌਲ ਕਿਹਾ ਗਿਆ। ਇਸ 'ਤੇ ਭਾਰਤ ਨੇ 2000 'ਚ ਇਤਰਾਜ਼ ਜਤਾਇਆ ਤਾਂ ਤਿੰਨ ਵਰਾਇਟੀਆਂ ਬੀਐੱਸ 867, ਆਰਟੀ 117 ਅਤੇ ਆਰਟੀ 121 ਨੂੰ ਪੇਟੈਂਟ 'ਚੋਂ ਬਾਹਰ ਕੱਢ ਦਿੱਤਾ ਗਿਆ। ਅੱਜ-ਕੱਲ੍ਹ ਨਵਾਂ ਸੀਡ ਬਿੱਲ ਚਰਚਾ ਵਿਚ ਹੈ। ਕਿਹਾ ਜਾਂਦਾ ਹੈ ਕਿ ਇਹ ਬਿੱਲ ਕਿਸਾਨਾਂ ਦੀਆਂ ਕਈ ਮੁਸ਼ਕਲਾਂ ਹੱਲ ਕਰੇਗਾ। ਮੁੱਖ ਤੌਰ 'ਤੇ ਜਾਅਲੀ ਬੀਜ ਬਾਜ਼ਾਰ ਵਿੱਚੋਂ ਖ਼ਤਮ ਕਰੇਗਾ ਅਤੇ ਕਿਸਾਨਾਂ ਨੂੰ ਨਕਲੀ ਬੀਜਾਂ ਤੋਂ ਛੁਟਕਾਰਾ ਦਿਵਾਏਗਾ। ਇਸ ਵਿਚ ਡਿਜੀਟਲੀ ਮਾਅਰਕਾ ਲੱਗਿਆ ਹੋਵੇਗਾ ਅਤੇ ਨਾਲ ਹੀ ਉਸ ਦਾ ਸਕੈਨ ਕੋਡ ਹੋਵੇਗਾ ਜਿਸ ਨਾਲ ਪਤਾ ਲੱਗੇਗਾ ਕਿ ਇਹ ਬੀਜ ਕਿੱਥੋਂ ਤੁਰਿਆ ਹੈ ਅਤੇ ਕਿਸਾਨ ਤੱਕ ਕਿਵੇਂ ਪਹੁੰਚਿਆ ਹੈ। ਇਸ ਲਈ ਵੀਸੀਯੂ ਭਾਵ ਵੈਲਿਊ ਫਾਰ ਕਲਟੀਵੇਸ਼ਨ ਐਂਡ ਯੂਜ਼ ਦੇ ਨਿਯਮਾਂ ਮੁਤਾਬਕ ਟੈਸਟਿੰਗ ਹੋਵੇਗੀ ਅਤੇ ਫਿਰ ਸੋਧੇ ਹੋਏ ਬੀਜ ਹੀ ਉਪਲਬਧ ਹੋਣਗੇ। ਇਸ ਦੇ ਨਾਲ ਹੀ ਸਰਕਾਰੀ ਦਾਅਵਾ ਹੈ ਕਿ ਇਹ ਕਿਸਾਨਾਂ ਦੇ ਹੱਕ ਜੋ ਪ੍ਰੋਟੈਕਸ਼ਨ ਆਫ ਪਲਾਂਟ ਵਰਾਇਟੀ ਐਂਡ ਫਾਰਮਰ ਰਾਈਟ ਐਕਟ 2001 ਦੇ ਸਨ, ਉਨ੍ਹਾਂ ਨੂੰ ਬਰਕਰਾਰ ਰੱਖੇਗਾ। ਕਹਿਣ ਦਾ ਭਾਵ ਹੈ ਕਿ ਕਿਸਾਨ ਆਪਣੀ ਉਪਜ ਦਾ ਬੀਜ ਰੱਖ ਸਕੇਗਾ ਅਤੇ ਉਸ ਨੂੰ ਦੂਜੇ ਕਿਸਾਨਾਂ ਨੂੰ ਵੇਚ ਸਕਦਾ ਹੈ। ਇਸ ਸਾਰੇ ਨੂੰ ਉੱਪਰੋਂ ਪੜ੍ਹ ਕੇ ਬਹੁਤ ਚੰਗਾ ਲੱਗਦਾ ਹੈ। ਇਹ ਜਾਪਦਾ ਹੈ ਜਿਵੇਂ ਇਹ ਯੂਨੀਅਨ ਫਾਰ ਪ੍ਰੋਟੈਕਸ਼ਨ ਆਫ ਨਿਊ ਵਰਾਇਟੀਜ਼ ਆਫ ਪਲਾਂਟ (ਯੂਪੀਓਵੀ) ਤੋਂ ਛੁਟਕਾਰਾ ਦਿਵਾਉਂਦਾ ਹੋਵੇ। ਡੂੰਘਾ ਘੋਖਣ 'ਤੇ ਇਹ ਪਤਾ ਲੱਗਦਾ ਹੈ ਕਿ ਸੀਡ ਐਕਟ 2025 ਪ੍ਰੋਟੈਕਸ਼ਨ ਆਫ ਪਲਾਂਟ ਵਰਾਇਟੀ ਐਂਡ ਫਾਰਮਰ ਰਾਈਟ ਐਕਟ ਦੀ ਤਾਕਤ ਨੂੰ ਘਟਾਉਂਦਾ ਹੈ। ਇਕ ਪਾਸੇ ਤਾਂ ਕਿਸਾਨ ਆਪਣੇ ਬੀਜ ਵੇਚ ਸਕਦਾ ਹੈ ਪਰ ਸ਼ਰਤ ਇਹ ਹੈ ਕਿ ਬ੍ਰਾਂਡਡ ਬੀਜ ਹੀ ਵਿਕਣਗੇ। ਕੀ ਕਿਸਾਨ ਵੱਡੀਆਂ ਕੰਪਨੀਆਂ ਦੇ ਮੁਕਾਬਲੇ ਵਿਚ ਖੜ੍ਹ ਸਕੇਗਾ? ਦੂਜਾ ਵੀਸੀਯੂ ਟੈਸਟਿੰਗ ਨੂੰ ਲਾਜ਼ਮੀ ਕਰ ਦਿੱਤਾ ਹੈ ਜੋ ਸਿਰਫ਼ ਵੱਡੀਆਂ ਕਾਰਪੋਰੇਟ ਕੰਪਨੀਆਂ ਦੀ ਖੋਜ ਨਾਲ ਹੀ ਸੰਭਵ ਹੈ। ਕਿਸਾਨਾਂ ਨੂੰ ਸਸਤੇ ਬੀਜ ਸਪਲਾਈ ਹੋਣ 'ਚ ਇਹ ਰੋਕ ਵਜੋਂ ਕੰਮ ਕਰੇਗਾ। ਇਸ ਤੋਂ ਅੱਗੇ ਜੋ ਫਾਰਮਰ ਪ੍ਰੋਡਿਊਸਰ ਅਦਾਰੇ ਸੰਸਥਾਵਾਂ ਜਾਂ ਫਿਰ ਕਿਸਾਨਾਂ ਦੇ ਗਰੁੱਪ ਜਾਂ ਸੈਲਫ ਹੈਲਪ ਗਰੁੱਪ ਬਣੇ ਹਨ, ਉਨ੍ਹਾਂ 'ਤੇ ਵੀ ਇਹ ਨਿਯਮ ਲਾਗੂ ਹੋਣਗੇ। ਇਸ ਦਾ ਅਰਥ ਹੈ ਵੀਸੀਯੂ ਦੇ ਮਾਧਿਅਮ ਰਾਹੀ ਅਸੀ ਸੂਈ ਜੈਨਰਿਸ ਦਾ ਪੱਲਾ ਛੱਡ ਕੇ ਯੂਪੀਓਵੀ, ਜੋ ਵਿਸ਼ਵ ਪੱਧਰ 'ਤੇ ਬੀਜਾਂ ਨੂੰ ਕੰਟਰੋਲ ਕਰਦਾ ਹੈ, ਉਸ ਨਾਲ ਸਹਿਮਤੀ ਪ੍ਰਗਟ ਕਰਦੇ ਹਾਂ। ਯੂਪੀਓਵੀ ਲੰਬੇ ਸਮੇਂ ਤੋਂ ਭਾਰਤ ਨੂੰ ਆਪਣੇ ਅਧੀਨ ਲੈਣਾ ਚਾਹੁੰਦਾ ਹੈ। ਇਕ ਵਾਰ ਅਸੀ ਉੱਥੇ ਰਲ ਗਏ, ਫਿਰ ਕਿਸਾਨ ਆਪਣਾ ਬੀਜ ਆਪਣੇ ਲਈ ਵੀ ਨਹੀ ਰੱਖ ਸਕਣਗੇ। ਜੇ ਪੈਪਸੀਕੋ ਨਾਲ ਆਲੂ ਕਿਸਾਨਾਂ ਦਾ ਰੌਲਾ ਯਾਦ ਹੋਵੇ ਤਾਂ ਉਹ ਇਹੋ ਹੀ ਸੀ। ਪੈਪਸੀਕੋ ਚਾਹੁੰਦੀ ਸੀ ਕਿ ਕਿਸਾਨ ਹਰ ਵਾਰ ਬੀਜ ਨਵਾਂ ਉਸ ਤੋਂ ਖ਼ਰੀਦੇ ਅਤੇ ਆਪਣਾ ਬੀਜ ਨਾ ਰੱਖ ਸਕੇ। ਇਸ ਨਾਲ ਅਸਲ ਵਿਚ ਕਿਸਾਨਾਂ ਦੇ ਖ਼ਰਚੇ ਵਧਣਗੇ ਅਤੇ ਕਿਸਾਨੀ ਹੋਰ ਕਮਜ਼ੋਰ ਹੋਵੇਗੀ ਜਿਸ ਦਾ ਅਸਰ ਛੋਟੇ ਵਪਾਰੀ ਜੋ ਮੰਡੀਆਂ ਅਤੇ ਕਸਬਿਆਂ ਵਿਚ ਬੈਠੇ ਹਨ, ਉਨ੍ਹਾਂ ਦੀ ਰੋਜ਼ੀ-ਰੋਟੀ 'ਤੇ ਵੀ ਪਵੇਗਾ।

ਸਤਨਾਮ ਸਿੰਘ ਚਾਹਲ
408-221-5732



# ਸੁਪਨਿਆਂ ਅਤੇ ਸੰਘਰਸ਼ਾਂ ਦਾ ਸਫ਼ਰ

**ਅਮਰੀਕਾ** ਦੀਆਂ ਅਣਜਾਣ ਗਲੀਆਂ ਲਈ ਪੰਜਾਬ ਦੇ ਜਾਣੇ-ਪਛਾਣੇ ਖੇਤਾਂ ਨੂੰ ਪਿੱਛੇ ਛੱਡਣ ਦਾ ਫ਼ੈਸਲਾ ਕਦੇ ਵੀ ਹਲਕੇ ਵਿੱਚ ਨਹੀ ਲਿਆ ਜਾਂਦਾ। ਪੇਂਡੂ ਪੰਜਾਬ ਦੇ ਅਣਗਿਣਤ ਨੌਜਵਾਨਾਂ ਲਈ ਅਮਰੀਕੀ ਸੁਪਨਾ ਉਮੀਦ, ਮੌਕਿਆਂ ਅਤੇ ਬਿਹਤਰ ਭਵਿੱਖ ਬਣਾਉਣ ਦੇ ਮੌਕੇ ਨੂੰ ਦਰਸਾਉਂਦਾ ਹੈ। ਫਿਰ ਵੀ ਇਹ ਯਾਤਰਾ ਇੱਛਾਵਾਂ ਦੇ ਪਹਿਲੇ ਉਭਾਰ ਤੋਂ ਲੈ ਕੇ ਇੱਕ ਨਵੇਂ ਦੇਸ਼ ਵਿੱਚ ਜੀਵਨ ਦੀ ਹਕੀਕਤ ਤੱਕ ਰੁਕਾਵਟਾਂ ਨਾਲ ਭਰੀ ਹੋਈ ਹੈ ਜੋ ਕਿਸੇ ਦੇ ਦ੍ਰਿੜ ਇਰਾਦੇ ਦੇ ਹਰ ਰੇਸ਼ੇ ਦੀ ਪਰਖ ਕਰਦੀਆਂ ਹਨ। ਯਾਤਰਾ ਜਹਾਜ਼ ਦੇ ਉਡਾਣ ਭਰਨ ਤੋਂ ਬਹੁਤ ਪਹਿਲਾਂ ਸ਼ੁਰੂ ਹੁੰਦੀ ਹੈ। ਪਰਿਵਾਰ ਆਪਣੀ ਜੀਵਨ ਬੱਚਤ ਨੂੰ ਇਕੱਠਾ ਕਰਦੇ ਹਨ, ਅਕਸਰ ਜੱਦੀ ਜ਼ਮੀਨ ਨੂੰ ਗਿਰਵੀ ਰੱਖਦੇ ਹਨ ਜਾਂ ਵੀਜ਼ਾ ਫੀਸਾਂ, ਹਵਾਈ ਕਿਰਾਏ ਅਤੇ ਸ਼ੁਰੂਆਤੀ ਖ਼ਰਚਿਆਂ ਨੂੰ ਫੰਡ ਕਰਨ ਲਈ ਭਾਰੀ ਵਿਆਜ ਦਰਾਂ ਨਾਲ ਕਰਜ਼ੇ ਲੈਂਦੇ ਹਨ। ਇਸ ਨਿਵੇਸ਼ ਦਾ ਭਾਰ ਨੌਜਵਾਨਾਂ ਦੇ ਮੋਢਿਆਂ 'ਤੇ ਭਾਰੀ ਹੁੰਦਾ ਹੈ। ਮਾਪਿਆਂ ਦੇ ਸੁਪਨੇ, ਭੈਣ-ਭਰਾ ਦੀਆਂ ਕੁਰਬਾਨੀਆਂ ਅਤੇ ਪੂਰੇ ਪਿੰਡ ਦੀਆਂ ਉਮੀਦਾਂ ਇੱਕ ਅਦਿੱਖ ਬੋਝ ਬਣ ਜਾਂਦੀਆਂ ਹਨ ਜੋ ਮਹਾਂਦੀਪਾਂ ਵਿੱਚ ਉਨ੍ਹਾਂ ਦੇ ਨਾਲ ਹੀ ਯਾਤਰਾ ਕਰਦੀਆਂ ਹਨ। ਭਾਵਨਾਤਮਕ ਟੋਲ ਸਭ ਤੋਂ ਡੂੰਘਾ ਕੱਟਦਾ ਹੈ। ਬੁੱਢੇ ਮਾਪਿਆਂ ਨੂੰ ਛੱਡਣਾ, ਵਿਆਹ ਅਤੇ ਜਨਮ ਗੁਆਉਣੇ, ਪਰਿਵਾਰਕ ਮੈਂਬਰਾਂ ਦੀਆਂ ਬਿਮਾਰੀਆਂ ਦੌਰਾਨ ਗ਼ੈਰਹਾਜ਼ਰ ਰਹਿਣਾ, ਇਹ ਉਹ ਕੀਮਤਾਂ ਹਨ ਜਿਨ੍ਹਾਂ ਬਾਰੇ ਪਰਵਾਸ ਬਾਰੇ ਗੱਲਬਾਤ ਵਿੱਚ ਘੱਟ ਹੀ ਚਰਚਾ ਕੀਤੀ ਜਾਂਦੀ ਹੈ। ਪਿੰਡ ਦੇ ਘਰ ਵਿੱਚ ਆਖ਼ਰੀ ਜੱਫੀ, ਇੱਕ ਮਾਂ ਦੇ ਹੰਝੂ ਜੋ ਜਾਣਦੀ ਹੈ ਕਿ ਆਪਣੇ ਬੱਚੇ ਨੂੰ ਦੁਬਾਰਾ ਦੇਖਣ ਤੋਂ ਪਹਿਲਾਂ ਕਈ ਸਾਲ ਬੀਤ ਸਕਦੇ ਹਨ, ਇਹ ਪਲ ਦੂਰ-ਦੁਰਾਡੇ ਥਾਵਾਂ 'ਤੇ ਸ਼ਾਂਤ ਰਾਤਾਂ ਨੂੰ ਪਰੇਸ਼ਾਨ ਕਰਦੇ ਹਨ। ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਨੈਵੀਗੇਟ ਕਰਨਾ ਪਹਿਲੀ ਵੱਡੀ ਰੁਕਾਵਟ ਸਾਬਤ ਹੁੰਦਾ ਹੈ। ਵਿਦਿਆਰਥੀ ਵੀਜ਼ੇ ਲਈ ਭਾਰੀ ਟਿਊਸ਼ਨ ਫੀਸਾਂ ਵਾਲੀਆਂ ਯੂਨੀਵਰਸਿਟੀਆਂ ਵਿੱਚ ਦਾਖਲਾ ਅਤੇ ਵਿੱਤੀ ਸਰੋਤਾਂ ਦਾ ਸਬੂਤ ਚਾਹੀਦਾ ਹੈ ਜੋ ਕਿ ਬਹੁਤ ਸਾਰੇ ਪਰਿਵਾਰ ਦਿਖਾਉਣ ਲਈ ਸੰਘਰਸ਼ ਕਰਦੇ ਹਨ। ਵਰਕ ਵੀਜ਼ਾ ਮਾਲਕ ਸਪਾਂਸਰਸ਼ਿਪ ਅਤੇ ਲਾਟਰੀ ਪ੍ਰਣਾਲੀਆਂ 'ਤੇ ਨਿਰਭਰ ਕਰਦਾ ਹੈ ਜਿੱਥੇ ਸੰਭਾਵਨਾਵਾਂ ਪਤਲੀਆਂ ਮਹਿਸੂਸ ਹੁੰਦੀਆਂ ਹਨ। ਉਨ੍ਹਾਂ ਲਈ ਜੋ ਮੈਕਸਿਕੋ ਰਾਹੀ ਅਨਿਯਮਿਤ ਰੂਟਾਂ ਦੀ ਕੋਸ਼ਿਸ਼ ਕਰਦੇ ਹਨ ਜਾਂ ਟੂਰਿਸਟ ਵੀਜ਼ੇ 'ਤੇ ਵੱਧ ਸਮਾਂ ਬਿਤਾਉਂਦੇ ਹਨ, ਉਨ੍ਹਾਂ ਦੀ ਯਾਤਰਾ ਹੋਰ ਵੀ ਖ਼ਤਰਨਾਕ ਹੋ ਜਾਂਦੀ ਹੈ। ਅਜਿਹੇ ਵਿੱਚ ਸ਼ੋਸ਼ਣ, ਖ਼ਤਰੇ ਅਤੇ ਦੇਸ਼ ਨਿਕਾਲੇ ਦਾ ਡਰ ਨਿਰੰਤਰ ਬਣਿਆ ਰਹਿੰਦਾ ਹੈ। ਕਾਨੂੰਨੀ ਰਸਤੇ ਵੀ ਸਬਰ ਦੀ ਮੰਗ ਕਰਦੇ ਹਨ ਜੋ ਵਿਸ਼ਵਾਸ ਦੀ ਪਰਖ ਕਰਦੇ ਹਨ। ਸਾਲਾਂ ਲੰਬੇ ਇੰਤਜ਼ਾਰ ਦੇ ਸਮੇਂ, ਕਾਗਜ਼ੀ ਕਾਰਵਾਈਆਂ ਦੇ ਪਹਾੜ ਅਤੇ ਸੰਭਾਵੀ ਅਸਵੀਕਾਰ ਦੀ ਚਿੰਤਾ ਇੱਕ ਅਜਿਹੀ ਰੁਕਾਵਟ ਪੈਦਾ ਕਰਦੀ ਹੈ ਜਿੱਥੇ ਜ਼ਿੰਦਗੀ ਦੋ ਸੰਸਾਰਾਂ ਵਿਚਕਾਰ ਮੁਅੱਤਲ ਕੀਤੀ ਹੋਈ ਮਹਿਸੂਸ ਹੁੰਦੀ ਹੈ। ਅਮਰੀਕਾ ਵਿੱਚ ਪਹਿਲੇ ਹਫ਼ਤੇ ਹੀ ਅਕਸਰ ਫਿਲਮੀ ਕਹਾਣੀਆਂ ਤੋਂ ਬਣੇ ਰੁਮਾਂਟਿਕ ਦ੍ਰਿਸ਼ ਟੁੱਟ ਜਾਂਦੇ ਹਨ। ਪੰਜਾਬ ਦੇ ਮਾਹੌਲ ਦੇ ਆਦੀ ਲੋਕਾਂ ਲਈ ਠੰਢੀਆਂ ਸਰਦੀਆਂ ਦਾ ਝਟਕਾ, ਜਾਣੀਆਂ-ਪਛਾਣੀਆਂ ਪਿੰਡਾਂ ਦੀਆਂ ਗਲੀਆਂ ਦੀ ਥਾਂ ਹਾਈਵੇਅ ਦੀ ਵਿਸ਼ਾਲਤਾ, ਰੋਜ਼ਾਨਾ ਹੋਂਦ ਨੂੰ ਪਰਿਭਾਸ਼ਤ ਕਰਨ ਵਾਲੇ ਭਾਈਚਾਰੇ ਦੀ ਅਣਹੋਂਦ, ਇਹ ਸਭ ਵਿਸਥਾਪਨ ਦੀ ਡੂੰਘੀ ਭਾਵਨਾ ਵਿੱਚ ਯੋਗਦਾਨ ਪਾਉਂਦੇ ਹਨ। ਭਾਸ਼ਾ ਦੀਆਂ ਰੁਕਾਵਟਾਂ ਆਤਮਵਿਸ਼ਵਾਸੀ ਵਿਅਕਤੀਆਂ ਨੂੰ ਝਿਜਕ ਕੇ ਬੋਲਣ ਵਾਲਿਆਂ ਵਿੱਚ ਬਦਲ ਦਿੰਦੀਆਂ ਹਨ, ਉਹ ਡਰਦੇ ਹਨ ਕਿ ਉਨ੍ਹਾਂ ਦਾ ਲਹਿਜਾ ਮਖੌਲ ਜਾਂ ਗ਼ਲਤਫਹਿਮੀ ਨੂੰ ਸੱਦਾ ਦੇਣਗੇ। ਸਾਧਾਰਨ ਕੰਮ ਚੁਣੌਤੀਆਂ ਬਣ ਜਾਂਦੇ ਹਨ: ਕਿਰਾਏ ਦੇ ਸਮਝੌਤਿਆਂ ਨੂੰ ਸਮਝਣਾ, ਜਨਤਕ ਆਵਾਜਾਈ ਵਿੱਚ ਨੈਵੀਗੇਟ ਕਰਨਾ, ਸੱਭਿਆਚਾਰਕ ਨਿਯਮਾਂ ਨੂੰ ਡੀਕੋਡ ਕਰਨਾ ਜਿਨ੍ਹਾਂ ਨੂੰ ਮੂਲ ਨਿਵਾਸੀ ਮੰਨਦੇ ਹਨ। ਅਜਿਹੇ ਵਿੱਚ ਇਕੱਲਤਾ ਬਹੁਤ ਜ਼ਿਆਦਾ ਹੋ ਸਕਦੀ ਹੈ। ਅਮਰੀਕੀ ਸੁਪਨਾ ਜਲਦੀ ਹੀ ਪੈਸੇ ਦੀ ਕਮੀ ਲਿਆ ਦਿੰਦਾ ਹੈ। ਸਿਰਫ਼ ਕਿਰਾਇਆ ਮਹੀਨਾਵਾਰ ਆਮਦਨ ਦੇ ਅੱਧੇ ਤੋਂ ਵੱਧ ਨੂੰ ਖਾ ਸਕਦਾ ਹੈ। ਵਿਦਿਆਰਥੀਆਂ ਲਈ ਟਿਊਸ਼ਨ ਫੀਸ ਹਜ਼ਾਰਾਂ ਡਾਲਰ ਵਿੱਚ ਹੁੰਦੀ ਹੈ ਜਦੋਂ ਕਿ ਕੰਮ ਦੀਆਂ ਪਾਬੰਦੀਆਂ ਪਾਰਟ-ਟਾਈਮ ਨੌਕਰੀਆਂ ਤੱਕ ਕਮਾਈ ਦੀ ਸੰਭਾਵਨਾ ਨੂੰ ਸੀਮਤ ਕਰਦੀਆਂ ਹਨ। ਬਹੁਤ ਸਾਰੇ ਗੈਸ ਸਟੇਸ਼ਨਾਂ 'ਤੇ ਰਾਤ ਦੀਆਂ ਸ਼ਿਫ਼ਟਾਂ ਵਿੱਚ ਕੰਮ ਕਰਦੇ ਹਨ, ਟੈਕਸੀਆਂ ਚਲਾਉਂਦੇ ਹਨ ਜਾਂ ਡਿਗਰੀਆਂ ਪ੍ਰਾਪਤ ਕਰਦੇ ਸਮੇਂ ਗੋਦਾਮਾਂ ਵਿੱਚ ਮਜ਼ਦੂਰੀ ਕਰਦੇ ਹਨ। ਆਪਣੀਆਂ ਜ਼ਿੰਮੇਵਾਰੀਆਂ ਵਿਚਕਾਰ ਉਹ ਸਿਰਫ਼ ਕੁਝ ਘੰਟੇ ਹੀ ਸੌਂਦੇ ਹਨ। ਵਰਕ ਵੀਜ਼ੇ ਵਾਲੇ ਅਕਸਰ ਆਪਣੇ ਆਪ ਨੂੰ ਸ਼ੋਸ਼ਣ ਵਾਲੀਆਂ ਸਥਿਤੀਆਂ ਵਿੱਚ ਫਸੇ ਹੋਏ ਪਾਉਂਦੇ ਹਨ ਕਿਉਂਕਿ ਉਹ ਆਪਣੀ ਇਮੀਗ੍ਰੇਸ਼ਨ ਸਥਿਤੀ ਨੂੰ ਜੋਖਮ ਵਿੱਚ ਪਾਏ ਬਿਨਾਂ ਮਾਲਕ ਬਦਲਣ ਵਿੱਚ ਅਸਮਰੱਥ ਹੁੰਦੇ ਹਨ। ਪੰਜਾਬ ਦੇ ਮਿਆਰਾਂ ਅਨੁਸਾਰ ਉਦਾਰ ਜਾਪਦੀਆਂ ਤਨਖਾਹਾਂ ਜਦੋਂ ਅਮਰੀਕੀ ਰਿਹਾਇਸ਼, ਭੋਜਨ, ਸਿਹਤ ਸੰਭਾਲ ਅਤੇ ਆਵਾਜਾਈ ਦੇ ਖ਼ਰਚਿਆਂ ਦਾ ਸਾਹਮਣਾ ਕਰਦੀਆਂ ਹਨ, ਤਾਂ ਜਲਦੀ ਹੀ ਅੱਖਾਂ ਖੋਲ੍ਹ ਦਿੰਦੀਆਂ ਹਨ। ਇਹ ਅਹਿਸਾਸ ਵੀ ਹੁੰਦਾ ਹੈ ਕਿ ਪੰਜਾਬ ਵਿੱਚ ਗ਼ਰੀਬ ਹੋਣ ਦਾ ਮਤਲਬ ਅਮਰੀਕਾ ਵਿੱਚ ਗ਼ਰੀਬ ਹੋਣ ਨਾਲੋਂ ਵੱਖਰਾ ਹੁੰਦਾ ਹੈ, ਜਿੱਥੇ ਹਰ ਚੀਜ਼ ਦੀ ਕੀਮਤ ਹੁੰਦੀ ਹੈ ਅਤੇ ਸੁਰੱਖਿਆ ਜਾਲ ਪਤਲੇ ਹੁੰਦੇ ਹਨ। ਪੰਜਾਬੀ ਕਦਰਾਂ-ਕੀਮਤਾਂ ਅਤੇ ਅਮਰੀਕੀ ਵਿਅਕਤੀਵਾਦ ਵਿਚਕਾਰ ਟਕਰਾਅ ਅੰਦਰੂਨੀ ਟਕਰਾਅ ਪੈਦਾ ਕਰਦਾ ਹੈ। ਘਰ ਪੈਸੇ ਭੇਜਣ ਦੀਆਂ ਰਵਾਇਤੀ ਉਮੀਦਾਂ ਆਪਣੇ ਆਪ ਨੂੰ ਸਥਾਪਿਤ ਕਰਨ ਦੀ ਜ਼ਰੂਰਤ ਨਾਲ ਟਕਰਾਉਂਦੀਆਂ ਹਨ। ਸੱਭਿਆਚਾਰਕ ਅਭਿਆਸਾਂ ਨੂੰ ਬਣਾਈ ਰੱਖਣ ਲਈ ਪਰਿਵਾਰਕ ਦਬਾਅ ਸਮਾਜ ਵਿੱਚ ਘੱਟ ਗਿਣਤੀ ਦੀ ਸਥਿਤੀ ਦੀ ਅਸਲੀਅਤ ਨੂੰ ਪੂਰਾ ਕਰਦੇ ਹਨ। ਡੇਟਿੰਗ ਅਤੇ ਵਿਆਹ ਗੁੰਝਲਦਾਰ ਖੇਤਰ ਬਣ ਜਾਂਦੇ ਹਨ। ਜੋ ਲੋਕ ਅਮਰੀਕੀ ਸਮਾਜਿਕ ਨਿਯਮਾਂ ਦੇ ਅਨੁਕੂਲ ਹੁੰਦੇ ਹਨ, ਉਨ੍ਹਾਂ ਨੂੰ ਘਰ ਪਰਿਵਾਰ ਵੱਲੋਂ ਆਲੋਚਨਾ ਦਾ ਸਾਹਮਣਾ ਕਰਨਾ ਪੈਂਦਾ ਹੈ। ਜੋ ਲੋਕ ਰਵਾਇਤੀ ਪ੍ਰਬੰਧਿਤ ਵਿਆਹਾਂ ਦੀ ਭਾਲ ਕਰਦੇ ਹਨ, ਉਨ੍ਹਾਂ ਨੂੰ ਪੰਜਾਬ ਵਿੱਚ ਸੰਭਾਵੀ ਸਾਥੀਆਂ ਨੂੰ ਆਪਣੀ ਜ਼ਿੰਦਗੀ ਸਮਝਾਉਣ ਲਈ ਸੰਘਰਸ਼ ਕਰਨਾ ਪੈਂਦਾ ਹੈ ਜੋ ਅਮਰੀਕੀ ਹੋਂਦ ਦੀ ਰੋਜ਼ਾਨਾ ਅਸਲੀਅਤ ਨੂੰ ਨਹੀ ਸਮਝ ਸਕਦੇ। ਧਾਰਮਿਕ ਅਭਿਆਸ ਪੰਜਾਬ ਦੇ ਪਿੰਡਾਂ ਵਿੱਚ ਰੋਜ਼ਾਨਾ ਦੇ ਜੀਵਨ ਦੇ ਤਾਣੇ-ਬਾਣੇ ਵਿੱਚ ਬੁਣਿਆ ਜਾਂਦਾ ਹੈ, ਜਦੋਂਕਿ ਅਮਰੀਕਾ ਵਿੱਚ ਗੁਰਦੁਆਰੇ ਨੂੰ ਲੱਭਣ ਦਾ ਮਤਲਬ ਘੰਟਿਆਂ ਦੀ ਯਾਤਰਾ ਹੋ ਸਕਦੀ ਹੈ। ਪੱਗਾਂ ਰਾਹੀ ਸਿੱਖ ਪਛਾਣ ਬਣਾਈ ਰੱਖਣ ਨਾਲ ਵਿਤਕਰੇ, ਸ਼ੱਕ ਜਾਂ ਸਭ ਤੋਂ ਮਾੜੇ ਮਾਮਲਿਆਂ ਵਿੱਚ ਨਫ਼ਰਤੀ ਅਪਰਾਧਾਂ ਨੂੰ ਸੱਦਾ ਮਿਲ ਸਕਦਾ ਹੈ। ਤਰੱਕੀ ਦੇ ਬਾਵਜੂਦ ਪੰਜਾਬੀ ਪਰਵਾਸੀਆਂ ਨੂੰ ਲਗਾਤਾਰ ਵਿਤਕਰੇ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦਸਤਾਰਧਾਰੀ ਸਿੱਖਾਂ ਨੂੰ 9/11 ਤੋਂ ਬਾਅਦ ਮੁਸਲਮਾਨ ਸਮਝੇ ਜਾਣ ਅਤੇ ਪੱਖਪਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਹਿਜੇ ਮਜ਼ਾਕ ਦਾ ਨਿਸ਼ਾਨਾ ਬਣ ਜਾਂਦੇ ਹਨ। ਪੰਜਾਬੀ ਨਾਵਾਂ ਵਾਲੀਆਂ ਨੌਕਰੀ ਦੀਆਂ ਅਰਜ਼ੀਆਂ ਨੂੰ ਐਂਗਲੋ ਨਾਵਾਂ ਵਾਲੇ ਇੱਕੋ ਜਿਹੇ ਰੈਜ਼ਿਊਮੇ ਨਾਲੋਂ ਘੱਟ ਕਾਲਬੈਕ ਮਿਲਦੇ ਹਨ। ਕੰਮ ਵਾਲੀ ਥਾਂ 'ਤੇ ਵਿਤਕਰਾ, ਹਾਲਾਂਕਿ ਅਕਸਰ ਸੂਖਮ ਹੁੰਦਾ ਹੈ, ਤਰੱਕੀ ਨੂੰ ਸੀਮਤ ਕਰਦਾ ਹੈ। ਸੂਖਮ ਹਮਲੇ ਇਕੱਠੇ ਹੁੰਦੇ ਹਨ: ਵਾਰ-ਵਾਰ ਪੁੱਛਿਆ ਜਾਣਾ, 'ਤੁਸੀ ਅਸਲ ਵਿੱਚ ਕਿੱਥੋਂ ਦੇ ਹੋ?' ਸੁਧਾਰ ਦੀ ਕੋਸ਼ਿਸ਼ ਕੀਤੇ ਬਿਨਾਂ ਤੁਹਾਡਾ ਨਾਮ ਗ਼ਲਤ ਉਚਾਰਿਆ ਜਾਣਾ, ਟਕਰਾਅ ਦੇ ਪਲਾਂ ਦੌਰਾਨ 'ਆਪਣੇ ਦੇਸ਼ ਵਾਪਸ ਜਾਓ' ਕਿਹਾ ਜਾਣਾ। ਅਮਰੀਕੀ ਸਿਹਤ ਸੰਭਾਲ ਪ੍ਰਣਾਲੀ ਪਰਵਾਸੀਆਂ ਲਈ ਖ਼ਾਸ ਤੌਰ 'ਤੇ ਬੇਰਹਿਮ ਸਾਬਤ ਹੁੰਦੀ ਹੈ। ਇੱਕ ਅਜਿਹੇ ਸੱਭਿਆਚਾਰ ਤੋਂ ਆਉਣਾ ਜਿੱਥੇ ਭਾਈਚਾਰਾ ਅਤੇ ਪਰਿਵਾਰ ਸੁਰੱਖਿਆ ਜਾਲ ਪ੍ਰਦਾਨ ਕਰਦੇ ਹਨ। ਦੂਜੇ ਪਾਸੇ ਇੱਥੇ ਇਹ ਅਹਿਸਾਸ ਹੁੰਦਾ ਹੈ ਕਿ ਬਿਮਾਰੀ ਜਾਂ ਸੱਟ ਤੁਹਾਨੂੰ ਦੀਵਾਲੀਆ ਕਰ ਸਕਦੇ ਹਨ। ਇਹ ਲਗਾਤਾਰ ਚਿੰਤਾ ਪੈਦਾ ਕਰਨ ਦਾ ਮਸਲਾ ਹੈ। ਬਹੁਤ ਸਾਰੇ ਲੋਕ ਲਾਗਤਾਂ ਕਾਰਨ ਡਾਕਟਰੀ ਦੇਖਭਾਲ ਵਿੱਚ ਦੇਰੀ ਕਰਦੇ ਹਨ, ਇਸ ਕਾਰਨ ਹਾਲਾਤ ਵਿਗੜਦੇ ਰਹਿੰਦੇ ਹਨ। ਜਦੋਂ ਗੰਭੀਰ ਸਮੱਸਿਆਵਾਂ ਪੈਦਾ ਹੁੰਦੀਆਂ ਹਨ ਤਾਂ ਡਾਕਟਰੀ ਐਮਰਜੈਂਸੀ, ਨੌਕਰੀ ਗੁਆਉਣਾ ਜਾਂ ਪਰਿਵਾਰਕ ਸੰਕਟ ਪੈਦਾ ਹੁੰਦਾ ਹੈ ਤਾਂ ਪੰਜਾਬ ਵਿੱਚ ਮੌਜੂਦ ਸਹਾਇਤਾ ਪ੍ਰਣਾਲੀ ਦੀ ਅਣਹੋਂਦ ਸਪੱਸ਼ਟ ਹੋ ਜਾਂਦੀ ਹੈ। ਇੱਥੇ ਰਿਸ਼ਤੇਦਾਰਾਂ ਦਾ ਕੋਈ ਨੈੱਟਵਰਕ ਨਹੀ ਹੈ, ਕੋਈ ਭਾਈਚਾਰਾ ਤੁਹਾਡੀ ਬਿਨਾਂ ਸ਼ਰਤ ਮਦਦ ਕਰਨ ਲਈ ਤਿਆਰ ਨਹੀ ਹੈ। ਸ਼ਾਇਦ ਸਭ ਤੋਂ ਔਖਾ ਬੋਝ ਮਨੋਵਿਗਿਆਨਕ ਹੁੰਦਾ ਹੈ। ਮਾਪਿਆਂ ਦੀ ਬਿਮਾਰੀ ਦੀਆਂ ਖ਼ਬਰਾਂ ਵਟਸਐਪ ਸੁਨੇਹਿਆਂ ਰਾਹੀ ਆਉਂਦੀਆਂ ਹਨ ਅਤੇ ਅਜਿਹੇ ਵਿੱਚ ਉੱਥੇ ਹੋਣ ਦੀ ਅਸਮਰੱਥਾ ਤੁਰੰਤ ਆਤਮਾ ਨੂੰ ਕੁਚਲ ਦਿੰਦੀ ਹੈ। ਤਿਉਹਾਰ ਅਤੇ ਜਸ਼ਨ ਤੁਹਾਡੇ ਬਿਨਾਂ ਹੁੰਦੇ ਹਨ। ਪਰਿਵਾਰਕ ਫੋਟੋਆਂ ਵਿੱਚ ਤੁਹਾਡੀ ਮੌਜੂਦਗੀ ਫ੍ਰੀਜ਼ ਕੀਤੀਆਂ ਸਕਰੀਨਾਂ ਅਤੇ ਦੇਰੀ ਨਾਲ ਆਡੀਓ ਵਾਲੀਆਂ ਵੀਡੀਓ ਕਾਲਾਂ ਰਾਹੀ ਸਾਹਮਣੇ ਆਉਂਦੀ ਹੈ। ਜਿਹੜੇ ਲੋਕ ਅਜਿਹੇ ਵਿੱਚ ਮਾਨਸਿਕ ਤੌਰ 'ਤੇ ਕਾਇਮ ਰਹਿੰਦੇ ਹਨ, ਉਨ੍ਹਾਂ ਲਈ ਵੀ ਸਥਿਰਤਾ ਕਈ ਸਾਲ ਦੂਰ ਰਹਿੰਦੀ ਹੈ। ਗ੍ਰੀਨ ਕਾਰਡ ਅਤੇ ਨਾਗਰਿਕਤਾ ਵਿੱਚ ਅਨਿਸ਼ਚਿਤ ਨਤੀਜਿਆਂ ਵਾਲੀਆਂ ਲੰਬੀਆਂ ਪ੍ਰਕਿਰਿਆਵਾਂ ਸ਼ਾਮਲ ਹੁੰਦੀਆਂ ਹਨ। ਕ੍ਰੈਡਿਟ ਬਣਾਉਣਾ, ਘਰ ਲਈ ਬੱਚਤ ਕਰਨਾ, ਕਰੀਅਰ ਸਥਾਪਤ ਕਰਨਾ, ਇਹ ਸਭ ਪੀੜ੍ਹੀਆਂ ਦੀ ਦੌਲਤ ਜਾਂ ਸਬੰਧਾਂ ਤੋਂ ਬਿਨਾਂ ਜ਼ਿਆਦਾ ਸਮਾਂ ਲੈਂਦੇ ਹਨ। ਇਸ ਦੌਰਾਨ ਪੰਜਾਬ ਵਿੱਚ ਜ਼ਿੰਦਗੀ ਤੁਹਾਡੇ ਬਿਨਾਂ ਜਾਰੀ ਰਹਿੰਦੀ ਹੈ ਅਤੇ ਤੁਸੀ ਜਿਸ ਪਿੰਡ ਨੂੰ ਛੱਡਿਆ ਸੀ, ਉਹ ਯਾਦਦਾਸ਼ਤ ਤੋਂ ਵੱਖਰੀ ਚੀਜ਼ ਵਿੱਚ ਬਦਲ ਜਾਂਦਾ ਹੈ। ਕੁਝ ਨਾਟਕੀ ਢੰਗ ਨਾਲ ਸਫਲ ਹੁੰਦੇ ਹਨ, ਸਫਲਤਾ ਦੀਆਂ ਕਹਾਣੀਆਂ ਬਣਦੇ ਹਨ ਜੋ ਅਗਲੀ ਪੀੜ੍ਹੀ ਨੂੰ ਪ੍ਰੇਰਿਤ ਕਰਦੇ ਹਨ। ਬਹੁਤ ਸਾਰੇ ਹੋਰ ਮਾਮੂਲੀ ਸਥਿਰਤਾ ਪ੍ਰਾਪਤ ਕਰਦੇ ਹਨ, ਆਰਾਮਦਾਇਕ ਜੀਵਨ ਜਿਉਂਦੇ ਹਨ। ਦੂਸਰੇ ਅਣਮਿੱਥੇ ਸਮੇਂ ਲਈ ਸੰਘਰਸ਼ ਕਰਦੇ ਹਨ, ਇੱਕ ਅਜਿਹੇ ਵਤਨ ਦੇ ਵਿਚਕਾਰ ਫਸ ਜਾਂਦੇ ਹਨ ਜਿੱਥੇ ਉਹ ਹੁਣ ਫਿੱਟ ਨਹੀ ਹੁੰਦੇ ਅਤੇ ਇੱਕ ਗੋਦ ਲਿਆ ਦੇਸ਼ ਜਿੱਥੇ ਉਹ ਕਦੇ ਵੀ ਪੂਰੀ ਤਰ੍ਹਾਂ ਸਬੰਧਿਤ ਨਹੀ ਹੁੰਦੇ। ਪੰਜਾਬ ਤੋਂ ਅਮਰੀਕਾ ਤੱਕ ਦੀ ਯਾਤਰਾ ਮਨੁੱਖੀ ਇੱਛਾਵਾਂ ਦੀ ਹਿੰਮਤ ਅਤੇ ਵਿਸ਼ਵਵਿਆਪੀ ਅਸਮਾਨਤਾ ਦੀਆਂ ਕਠੋਰ ਹਕੀਕਤਾਂ ਦੋਵਾਂ ਨੂੰ ਦਰਸਾਉਂਦੀ ਹੈ। ਹਰੇਕ ਪਰਵਾਸੀ ਕੁਰਬਾਨੀ, ਲਚਕੀਲੇਪਣ ਅਤੇ ਅਨੁਕੂਲਤਾ ਦੀ ਇੱਕ ਵਿਲੱਖਣ ਕਹਾਣੀ ਰੱਖਦਾ ਹੈ। ਉਨ੍ਹਾਂ ਦੇ ਸੰਘਰਸ਼ ਅਕਸਰ ਉਨ੍ਹਾਂ ਲੋਕਾਂ ਲਈ ਅਦਿੱਖ ਰਹਿੰਦੇ ਹਨ ਜੋ ਸਿਰਫ਼ ਕਾਰ, ਘਰ, ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ ਗਈਆਂ ਫੋਟੋਆਂ ਨੂੰ ਹੀ ਦੇਖਦੇ ਹਨ। ਇਸ ਯਾਤਰਾ ਨੂੰ ਸਮਝਣ ਲਈ ਦੁਨੀਆ ਭਰ ਦੇ ਲੋਕਾਂ ਨੂੰ ਖਿੱਚਣ ਵਾਲੇ ਮੌਕਿਆਂ ਅਤੇ ਬਿਹਤਰ ਜੀਵਨ ਦੀ ਭਾਲ ਵਿੱਚ ਉਨ੍ਹਾਂ ਦੁਆਰਾ ਅਦਾ ਕੀਤੀਆਂ ਜਾਣ ਵਾਲੀਆਂ ਡੂੰਘੀਆਂ ਕੀਮਤਾਂ ਨੂੰ ਸਵੀਕਾਰ ਕਰਨ ਦੀ ਲੋੜ ਹੁੰਦੀ ਹੈ। ਹਰ ਸਫਲਤਾ ਦੀ ਕਹਾਣੀ ਲਈ ਅਣਗਿਣਤ ਹੋਰ ਲੋਕ ਅਜੇ ਵੀ ਰੋਜ਼ਾਨਾ ਲੜਾਈਆਂ ਲੜ ਰਹੇ ਹਨ, ਦੋ ਸੰਸਾਰਾਂ ਵਿਚਕਾਰ ਫਸੇ ਹੋਏ ਹਨ, ਸੁਪਨਿਆਂ ਦੇ ਭਾਰ ਨੂੰ ਮੁਲਤਵੀ ਕਰ ਰਹੇ ਹਨ ਅਤੇ ਪਿੱਛੇ ਛੱਡੇ ਗਏ ਪਰਿਵਾਰਾਂ ਨੂੰ ਲੈ ਕੇ ਜਾ ਰਹੇ ਹਨ। ਅਮਰੀਕੀ ਸੁਪਨਾ ਪੰਜਾਬ ਦੇ ਬਹੁਤ ਸਾਰੇ ਲੋਕਾਂ ਲਈ ਜ਼ਿੰਦਾ ਹੈ, ਪਰ ਇਹ ਇੱਕ ਕੀਮਤ ਦੀ ਮੰਗ ਕਰਦਾ ਹੈ। ਸਫਲਤਾ ਦੀਆਂ ਕਹਾਣੀਆਂ ਕਦੇ ਵੀ ਪੂਰੀ ਤਰ੍ਹਾਂ ਹਾਸਲ ਨਹੀ ਕੀਤੀਆਂ ਜਾਂਦੀਆਂ।

# ਉਸ ਗ੍ਰਹਿ ਬਾਰੇ ਜਾਣੋ, ਜਿਸ ਨੂੰ 'ਧਰਤੀ ਖਾ ਗਈ' ਸੀ ਤੇ ਜਿਸ ਦੇ ਅੰਸ਼ ਤੋਂ ਚੰਦਰਮਾ ਬਣਿਆ

ਫਰਨਾਂਡੋ ਡੁਆਰਟੇ

**ਅਗਲੀ** ਵਾਰ ਜਦੋਂ ਤੁਸੀ ਪੂਰਨਮਾਸ਼ੀ ਦੇ ਚੰਦ ਦਾ ਅਨੰਦ ਲਓ, ਤਾਂ ਇੱਕ ਪਲ ਲਈ 'ਥੀਆ' ਬਾਰੇ ਜ਼ਰੂਰ ਸੋਚਣਾ। ਇਹ ਉਹ ਨਾਮ ਹੈ ਜੋ ਵਿਗਿਆਨੀਆਂ ਨੇ ਇੱਕ ਕਾਲਪਨਿਕ ਗ੍ਰਹਿ ਨੂੰ ਦਿੱਤਾ ਹੈ ਜੋ ਸ਼ਾਇਦ 4.5 ਅਰਬ ਸਾਲ ਪਹਿਲਾਂ ਨਵੀ ਬਣੀ ਧਰਤੀ ਨਾਲ ਟਕਰਾਇਆ ਸੀ, ਜਿਸ ਨਾਲ ਮਲਬੇ ਦਾ ਇੱਕ ਵੱਡਾ ਹਿੱਸਾ ਨਿਕਲਿਆ ਜੋ ਬਾਅਦ ਵਿੱਚ ਸਾਡਾ ਚੰਦ ਬਣ ਗਿਆ। ਇਸ ਸਿਧਾਂਤ ਦੇ ਅਨੁਸਾਰ, ਥੀਆ ਦੀ "ਬ੍ਰਹਿਮੰਡੀ ਕੁਰਬਾਨੀ" ਤੋਂ ਬਿਨਾਂ ਸਾਡੇ ਕੋਲ ਆਪਣਾ ਸਥਾਈ ਕੁਦਰਤੀ ਉਪਗ੍ਰਹਿ ਨਹੀ ਹੋਣਾ ਸੀ - ਅਤੇ ਸ਼ਾਇਦ ਤੁਸੀ ਇਹ ਲੇਖ ਵੀ ਨਾ ਪੜ੍ਹ ਰਹੇ ਹੁੰਦੇ।

## ਬ੍ਰਹਿਮੰਡੀ ਪੱਧਰ ਦੀ ਟੱਕਰ

ਵਿਗਿਆਨੀ ਇਸ ਵੇਲੇ ਮੰਨਦੇ ਹਨ ਕਿ ਮੁੱਢਲੀ ਧਰਤੀ ਅਤੇ ਮੰਗਲ ਗ੍ਰਹਿ ਦੇ ਆਕਾਰ ਦੀ ਕਿਸੇ ਚੀਜ਼ ਵਿਚਕਾਰ ਹੋਈ ਇੱਕ ਭਿਆਨਕ ਟੱਕਰ ਨੇ ਇੰਨੀ ਜ਼ਿਆਦਾ ਸਮੱਗਰੀ ਪੈਦਾ ਕੀਤੀ ਕਿ ਉਹ ਹੌਲੀ-ਹੌਲੀ ਆਪਸ ਵਿੱਚ ਜੁੜ ਗਈ ਅਤੇ ਚੰਦਰਮਾ ਦੀ ਸਿਰਜਣਾ ਹੋਈ। ਇਸ ਘਟਨਾ ਨੂੰ 'ਜਾਇੰਟ ਇਮਪੈਕਟ ਹਾਈਪੋਥੀਸਿਸ' (ਵਿਸ਼ਾਲ ਟੱਕਰ ਦੀ ਧਾਰਨਾ) ਕਿਹਾ ਜਾਂਦਾ ਹੈ, ਜਿਸ ਨੇ ਇੱਕ ਅਜਿਹੇ ਰਿਸ਼ਤੇ ਦਾ ਮੁੱਢ ਬੰਨ੍ਹਿਆ ਜਿਸ ਦੀ ਜੀਵਨ ਲਈ ਮਹੱਤਤਾ ਨੂੰ ਘਟਾਇਆ ਨਹੀ ਜਾ ਸਕਦਾ। ਹੋਰ ਚੀਜ਼ਾਂ ਦੇ ਨਾਲ-ਨਾਲ, ਚੰਦਰਮਾ ਧਰਤੀ ਨਾਲ ਗੁਰੂਤਾ-ਖਿੱਚ ਦੀ 'ਰੱਸਾ-ਕਸ਼ੀ' ਕਰਦਾ ਹੈ, ਜਿਸ ਨੇ ਅਰਬਾਂ ਸਾਲਾਂ ਦੌਰਾਨ ਧਰਤੀ ਨੂੰ ਉਸਦੇ ਧੁਰੇ 'ਤੇ ਘੁੰਮਦੇ ਹੋਏ ਸਥਿਰ ਰੱਖਿਆ, ਜਿਸ ਨਾਲ ਸਾਨੂੰ ਇੱਕ ਸਥਿਰ ਜਲਵਾਯੂ ਮਿਲ ਸਕਿਆ। ਜਰਮਨੀ ਦੇ ਮੈਕਸ ਪਲੈਂਕ ਇੰਸਟੀਚਿਊਟ ਫਾਰ ਸੋਲਰ ਸਿਸਟਮ ਰਿਸਰਚ ਦੇ ਗ੍ਰਹਿ ਵਿਗਿਆਨੀ ਪ੍ਰੋਫੈਸਰ ਥੋਰਸਟਨ ਕਲੀਨ ਸਮਝਾਉਂਦੇ ਹਨ, "ਜਲਵਾਯੂ ਸਥਿਰਤਾ ਦੇ ਬਿਨਾਂ, ਸਾਡੇ ਕੋਲ ਬਹੁਤ ਜ਼ਿਆਦਾ ਗੰਭੀਰ ਜਲਵਾਯੂ ਅਤੇ ਮੌਸਮੀ ਸਥਿਤੀਆਂ ਹੋਣੀਆਂ ਸਨ, ਜੋ ਜੀਵਨ ਦੇ ਵਿਕਾਸ ਲਈ ਸਾਜ਼ਗਾਰ ਨਹੀ ਸਨ।" ਕਲੀਨ ਸਾਇੰਸਦਾਨਾਂ ਦੇ ਉਸ ਕੌਮਾਂਤਰੀ ਦਲ ਦਾ ਹਿੱਸਾ ਸਨ ਜਿਸ ਨੇ ਪਿਛਲੇ ਨਵੰਬਰ ਵਿੱਚ ਧਰਤੀ ਦੀ ਇਸ ਮਹੱਤਵਪੂਰਨ ਪਰ ਰਹੱਸਮਈ ਮੁਲਾਕਾਤ 'ਤੇ ਹੋਰ ਰੋਸ਼ਨੀ ਪਾਉਣ ਦੀ ਕੋਸ਼ਿਸ਼ ਕੀਤੀ ਸੀ। 'ਸਾਇੰਸ' ਜਰਨਲ ਵਿੱਚ ਛਪੇ ਇੱਕ ਪੇਪਰ ਵਿੱਚ, ਟੀਮ ਨੇ ਧਰਤੀ ਅਤੇ ਚੰਦਰਮਾ ਦੇ ਨਮੂਨਿਆਂ ਦੀ ਰਸਾਇਣਕ ਬਣਤਰ ਦਾ ਵਿਸ਼ਲੇਸ਼ਣ ਕੀਤਾ। ਉਨ੍ਹਾਂ ਸਿਧਾਂਤਾਂ ਨੂੰ ਮਜ਼ਬੂਤ ਕੀਤਾ ਕਿ ਥੀਆ ਅਤੇ ਸਾਡੀ ਧਰਤੀ ਸੂਰਜੀ ਮੰਡਲ ਦੇ ਨਿਰਮਾਣ ਦੇ ਉਥਲ-ਪੁਥਲ ਵਾਲੇ ਸਮੇਂ ਦੌਰਾਨ ਸ਼ਾਇਦ "ਅਣਘੜ ਗੁਆਂਢੀ" ਸਨ।

## ਚੰਦਰਮਾ ਮਿਲਣ ਬਾਰੇ ਕਈ ਸਿਧਾਂਤ

ਲੇਕਿਨ ਥੀਆ ਦਾ ਵਿਚਾਰ ਸਾਡੇ ਮਨ ਵਿੱਚ ਹਮੇਸ਼ਾ ਤੋਂ ਨਹੀ ਸੀ। ਸੰਨ 1969 ਵਿੱਚ ਜਦੋਂ ਮਨੁੱਖ ਨੇ ਪਹਿਲੀ ਵਾਰ ਚੰਦਰਮਾ 'ਤੇ ਕਦਮ ਰੱਖਿਆ ਸੀ, ਉਸ ਤੋਂ ਪਹਿਲਾਂ ਚੰਦਰਮਾ ਦੀ ਉਤਪਤੀ ਬਾਰੇ ਤਿੰਨ ਹੋਰ ਮੁੱਖ ਧਾਰਨਾਵਾਂ ਸਨ। 'ਫਿਸ਼ਨ ਥਿਊਰੀ' (ਵਿਖੰਡਨ ਸਿਧਾਂਤ) ਦੇ ਅਨੁਸਾਰ, ਚੰਦਰਮਾ ਉਦੋਂ ਬਣਿਆ ਜਦੋਂ ਤੇਜ਼ੀ ਨਾਲ ਘੁੰਮ ਰਹੀ ਮੁੱਢਲੀ ਧਰਤੀ ਨੇ ਆਪਣੀ ਸਮੱਗਰੀ ਦਾ ਇੱਕ ਟੁਕੜਾ ਪੁਲਾੜ ਵਿੱਚ ਸੁੱਟ ਦਿੱਤਾ ਸੀ। 'ਕੈਪਚਰ ਥਿਊਰੀ' ਨੇ ਸੁਝਾਅ ਦਿੱਤਾ ਕਿ ਚੰਦਰਮਾ ਸੂਰਜੀ ਮੰਡਲ ਵਿੱਚ ਕਿਤੇ ਹੋਰ ਬਣਿਆ ਸੀ ਅਤੇ ਜਦੋਂ ਉਹ ਕੋਲੋਂ ਲੰਘਿਆ ਤਾਂ ਧਰਤੀ ਦੀ ਗੁਰੂਤਾ-ਖਿੱਚ ਨੇ ਉਸਨੂੰ "ਫੜ" ਲਿਆ। ਅੰਤ ਵਿੱਚ, 'ਕੋ-ਫਾਰਮੇਸ਼ਨ ਥਿਊਰੀ' (ਸਹਿ-ਨਿਰਮਾਣ ਸਿਧਾਂਤ) - ਕਿ ਧਰਤੀ ਅਤੇ ਚੰਦਰਮਾ ਇੱਕ ਦੂਜੇ ਦੇ ਨਾਲ ਹੀ ਪੈਦਾ ਹੋਏ ਅਤੇ ਸਥਿਰ ਹੋਏ ਸਨ। ਇਹ ਦੱਸਣ ਦੀ ਬਜਾਏ ਕਿ ਇਨ੍ਹਾਂ ਵਿੱਚੋਂ ਕਿਹੜੇ ਸਿਧਾਂਤ ਦੇ ਸਹੀ ਹੋਣ ਦੀ ਵਧੇਰੇ ਸੰਭਾਵਨਾ ਸੀ, ਨਾਸਾ ਦੇ ਅਪੋਲੋ ਮਿਸ਼ਨਾਂ ਨੇ ਇੱਕ ਬਿਲਕੁਲ ਨਵੇਂ ਸਿਧਾਂਤ ਵੱਲ ਇਸ਼ਾਰਾ ਕੀਤਾ।

## ਕੀ ਧਰਤੀ ਥੀਆ ਨੂੰ "ਖਾ" ਗਈ ਸੀ ?

ਲੇਕਿਨ ਥੀਆ ਦਾ ਕੀ ਹੋਇਆ? ਇਹ ਸਭ ਤੋਂ ਵੱਡੇ ਰਹੱਸਾਂ ਵਿੱਚੋਂ ਇੱਕ ਹੈ। ਸਾਢੇ ਛੇ ਕਰੋੜ ਸਾਲ ਪਹਿਲਾਂ ਧਰਤੀ ਨਾਲ ਟਕਰਾਉਣ ਵਾਲੇ ਉਸ ਬਦਨਾਮ ਉਲਕਾਪਿੰਡ ਤੋਂ ਉਲਟ ਹੈ ਜਿਸ ਨੇ ਡਾਇਨਾਸੌਰਾਂ ਦਾ ਸਫਾਇਆ ਕਰ ਦਿੱਤਾ ਸੀ ਅਤੇ ਮੈਕਸੀਕੋ ਦੇ ਯੁਕਾਟਨ ਪ੍ਰਾਇਦੀਪ ਵਿੱਚ ਇੱਕ ਵਿਸ਼ਾਲ ਟੋਆ (ਕਾਰਟਰ) ਬਣਾ ਦਿੱਤਾ ਸੀ। ਲੇਕਿਨ, ਥੀਆ ਨੇ ਕੋਈ ਸਪੱਸ਼ਟ ਨਿਸ਼ਾਨ ਨਹੀ ਛੱਡਿਆ। ਕਿਉਂ? ਕਲੀਨ ਕਹਿੰਦੇ ਹਨ ਕਿ ਥੀਆ ਦਾ ਪੁੰਜ ਧਰਤੀ ਦਾ ਲਗਭਗ 10% ਸੀ, ਅਤੇ ਇਸ ਫਰਕ ਦਾ ਮਤਲਬ ਸੀ ਕਿ ਟੱਕਰ ਹੋਣ 'ਤੇ ਇਹ ਚਕਨਾਚੂਰ ਹੋ ਗਿਆ ਹੋਵੇਗਾ ਅਤੇ ਜ਼ਿਆਦਾਤਰ ਧਰਤੀ ਵਿੱਚ ਸਮਾ ਗਿਆ ਹੋਵੇਗਾ। ਇਸ ਦਾ ਕੁਝ ਹਿੱਸਾ ਉਸ ਮਿਸ਼ਰਣ ਦਾ ਹਿੱਸਾ ਵੀ ਬਣ ਗਿਆ ਹੋ ਸਕਦਾ ਹੈ ਜਿਸ ਨੇ ਚੰਦਰਮਾ ਬਣਾਇਆ। ਵਿਗਿਆਨੀ ਕਹਿੰਦੇ ਹਨ, "ਅਜਿਹੀ ਟੱਕਰ ਦਾ ਇਹ ਇੱਕ ਕੁਦਰਤੀ ਨਤੀਜਾ ਹੁੰਦਾ। ਲੇਕਿਨ, ਅਸੀ ਉਮੀਦ ਕਰਦੇ ਹਾਂ ਕਿ ਚੰਦਰਮਾ ਉੱਤੇ ਥੀਆ ਦੀ ਬਣਤਰ ਦਾ ਕੋਈ ਨਿਸ਼ਾਨ ਦੇਖਣ ਨੂੰ ਮਿਲੇਗਾ, ਜੋ ਸਾਨੂੰ ਹੁਣ ਤੱਕ ਨਹੀ ਮਿਲਿਆ।" ਉਹ ਅੱਗੇ ਕਹਿੰਦੇ ਹਨ, "ਇੱਕ ਵਿਆਖਿਆ ਇਹ ਹੈ ਕਿ ਧਰਤੀ ਅਤੇ ਥੀਆ ਬਹੁਤ ਇੱਕੋ-ਜਿਹੇ ਸਨ ਕਿਉਂਕਿ ਉਹ ਸੂਰਜੀ ਮੰਡਲ ਦੇ ਇੱਕੋ ਖੇਤਰ ਵਿੱਚ ਬਣੇ ਸਨ, "ਅਤੇ ਇਸ ਲਈ ਉਨ੍ਹਾਂ ਵਿੱਚ ਫਰਕ ਕਰਨਾ ਮੁਸ਼ਕਲ ਹੈ। ਇਸੇ ਤਰ੍ਹਾਂ, ਅਸੀ ਜਾਣਦੇ ਹਾਂ ਕਿ ਸਾਡੇ ਗ੍ਰਹਿ ਦੇ ਆਪਣੇ ਦੋ ਸਭ ਤੋਂ ਨਜ਼ਦੀਕੀ ਗੁਆਂਢੀਆਂ, ਸ਼ੁੱਕਰ ਅਤੇ ਮੰਗਲ ਨਾਲ ਕਈ ਸਾਂਝੇ ਗੁਣ ਹਨ। ਸ਼ੁੱਕਰ ਨੂੰ ਕਈ ਵਾਰ "ਧਰਤੀ ਦਾ ਦੁਸ਼ਟ ਜੁੜਵਾਂ" ਵੀ ਕਿਹਾ ਜਾਂਦਾ ਹੈ। ਵੈਲੈਸੀਆ ਚੇਤਾਵਨੀ ਦਿੰਦੀ ਹੈ, "ਪਰ ਜਿਸ ਤਰ੍ਹਾਂ ਥੀਆ ਦੇ ਬਣਨ ਬਾਰੇ ਪੱਕੇ ਤੌਰ 'ਤੇ ਪਤਾ ਨਹੀ ਹੈ, ਉਸੇ ਤਰ੍ਹਾਂ ਉਸਦੇ ਅੰਤ ਬਾਰੇ ਵੀ ਕੁਝ ਸਪੱਸ਼ਟ ਨਹੀਂ ਹੈ।" ਹਾਲਾਂਕਿ, ਕੁਝ ਸੁਰਾਗ ਮਿਲੇ ਹਨ। 2023 ਦੇ ਇੱਕ ਅਧਿਐਨ ਨੇ ਦਾਅਵਾ ਕੀਤਾ ਹੈ ਕਿ ਧਰਤੀ ਦੇ ਅੰਦਰ ਡੂੰਘਾਈ ਵਿੱਚ ਮੌਜੂਦ ਮਹਾਂਦੀਪਾਂ ਦੇ ਆਕਾਰ ਦੇ ਦੋ ਖੇਤਰ ਥੀਆ ਦੇ ਹੀ ਅਵਸ਼ੇਸ਼ ਸਨ।

## ਚੰਦਰਮਾ ਵੱਲ ਵਾਪਸੀ

ਸਾਡਾ ਗ੍ਰਹਿ ਅਤੇ ਚੰਦਰਮਾ ਇੱਕ ਜੋੜਾ ਕਿਵੇਂ ਬਣੇ, ਇਸ ਬਾਰੇ ਅਜੇ ਬਹੁਤ ਕੁਝ ਸਿੱਖਣਾ ਬਾਕੀ ਹੈ, ਜੋ ਕਿ ਵਿਗਿਆਨੀਆਂ ਦੇ ਨਾਸਾ ਦੇ ਮੌਜੂਦਾ 'ਆਰਟੇਮਿਸ' ਮਿਸ਼ਨਾਂ ਅਤੇ ਚੰਦਰਮਾ 'ਤੇ ਮਨੁੱਖ ਦੀ ਵਾਪਸੀ ਬਾਰੇ ਇੰਨੇ ਉਤਸ਼ਾਹਿਤ ਹੋਣ ਦਾ ਇੱਕ ਕਾਰਨ ਹੈ। ਅਪੋਲੋ ਯੁੱਗ ਦੇ ਮੁਕਾਬਲੇ ਵਧੇਰੇ ਉੱਨਤ ਪ੍ਰਯੋਗਾਂ ਦੇ ਨਾਲ-ਨਾਲ, ਤਾਜ਼ਾ ਮਿਸ਼ਨ ਚੰਦਰਮਾ ਦੇ ਨਵੇਂ ਖੇਤਰਾਂ ਜਿਵੇਂ ਕਿ ਇਸਦੇ ਦੱਖਣੀ ਧਰੁਵ ਦੀ ਖੋਜ ਕਰਨਗੇ।

ਅਪੋਲੋ ਦੁਆਰਾ ਧਰਤੀ 'ਤੇ ਵਾਪਸ ਲਿਆਂਦੇ ਗਏ ਚੰਦਰਮਾ ਦੇ ਨਮੂਨੇ ਇਸਦੇ ਦੇ ਇੱਕ ਮੁਕਾਬਲਤਨ ਛੋਟੇ ਖੇਤਰ - ਯਾਨੀ ਕਿ ਨੇੜੇ ਵਾਲੇ ਪਾਸੇ ਦੇ ਭੂ-ਮੱਧ ਖੇਤਰ ਤੋਂ ਆਏ ਸਨ। ਵੈਲੈਸੀਆ ਕਹਿੰਦੀ ਹੈ, "ਜੇ ਅਸੀ ਧਰਤੀ 'ਤੇ ਸਿਰਫ਼ ਛੇ ਥਾਵਾਂ 'ਤੇ ਗਏ ਹੁੰਦੇ, ਤਾਂ ਕੀ ਅਸੀ ਕਹਿ ਸਕਦੇ ਸੀ ਕਿ ਅਸੀ ਪੂਰੀ ਧਰਤੀ ਦੀ ਖੋਜ ਕਰ ਲਈ ਹੈ ਅਤੇ ਇਸਦੇ ਵਿਕਾਸ ਨੂੰ ਸਮਝ ਲਿਆ ਹੈ? ਬਿਲਕੁਲ ਨਹੀ! ਚੰਦਰਮਾ ਵਿੱਚ ਵਿਗਿਆਨ ਦੀਆਂ ਬੇਅੰਤ ਸੰਭਾਵਨਾਵਾਂ ਹਨ।" ਲੇਕਿਨ ਫਿਲਹਾਲ, ਜੋ ਕੁਝ ਅਸੀ ਸਿੱਖਿਆ ਹੈ ਉਸਦੇ ਅਧਾਰ 'ਤੇ ਇਹ ਕਹਿਣਾ ਸਹੀ ਹੋਵੇਗਾ ਕਿ ਅਸੀ ਥੀਆ ਦੀ ਕੁਰਬਾਨੀ ਲਈ ਉਸਦੇ ਬਹੁਤ ਸ਼ੁਕਰਗੁਜ਼ਾਰ ਹਾਂ।

੧ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
ਪੰਜਾਬ ਐਂਡ ਸਿੰਧ ਬੈਂਕ
(ਭਾਰਤ ਸਰਕਾਰ ਦਾ ਅਦਾਰਾ)

ਸ਼ਾਖਾ : ਐਨ.ਜੀ.ਐਮ. ਨਾਭਾ

ਅੰਤਿਕਾ IV, (ਨਿਯਮ 8 (1)
ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)

ਜਿਥੇ ਕਿ ਨਿਮਨ ਹਸਤਾਖ਼ਰੀ ਨੇ **ਪੰਜਾਬ ਐਂਡ ਸਿੰਧ ਬੈਂਕ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਇਸ ਉਪਰੰਤ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ.(†)/ਜ਼ਾਮਨ (†) ਨੂੰ ਸੱਦਾ ਦਿੰਦੇ ਹੋਏ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈ ਧਾਰਾ 13 (2) ਅਧੀਨ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ/ਜ਼ਾਮਨ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਹਰੇਕ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ/ਜ਼ਾਮਨ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਉਨ੍ਹਾਂ ਦੇ ਨਾਮ ਅਧੀਨ ਦਰਸਾਈ ਰਕਮ ਜਮ੍ਹਾਂ ਪੂਰਤੀ ਹੋਣ ਤੱਕ ਵਿਆਜ ਅਤੇ ਹੋਰ ਲਾਗੂ ਫੀਸਾਂ ਦੇ ਲਈ **ਪੰਜਾਬ ਐਂਡ ਸਿੰਧ ਬੈਂਕ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ(†) ਅਤੇ ਜ਼ਾਮਨ(†) ਦਾ ਨਾਮ | ਅਚੱਲ ਸੰਪੱਤੀ ਦਾ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਸ੍ਰੀਮਤੀ ਦਲਜੀਤ ਕੌਰ ਪਤਨੀ ਹਰਜਿੰਦਰ ਸਿੰਘ | ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਵਿੱਚ ਬੇਅੰਤ ਨਗਰ, ਨਾਭਾ ਵਿਖੇ ਸਥਿਤ 429 ਵਰਗ ਗਜ਼ ਦਾ ਰਿਹਾਇਸ਼ੀ ਪਲਾਟ/ਮਕਾਨ ਸ਼ਾਮਲ ਹੈ, ਜੋ ਕਿ ਵਿਕਰੀ ਡੀਡ ਨੰਬਰ 2020-21/77/1/2331 ਮਿਤੀ 26.11.2020 ਅਨੁਸਾਰ ਦਲਜੀਤ ਕੌਰ ਦੀ ਮਲਕੀਅਤ ਹੈ। ਹੱਦਬੰਦੀ: ਉੱਤਰ ਵੱਲ: ਖੁੱਲ੍ਹੇ ਪਲਾਟ, ਦੱਖਣ ਵੱਲ: ਖੁੱਲ੍ਹੇ ਪਲਾਟ, ਪੂਰਬ ਵੱਲ: ਗਲੀ, ਪੱਛਮ ਵੱਲ: ਖੁੱਲ੍ਹੇ ਪਲਾਟ। | 01.12.2025 | 09.02.2026 | 19,85,846.94 (ਉਨੀ ਲੱਖ ਪਚਾਸੀ ਹਜ਼ਾਰ ਅੱਠ ਸੌ ਛਿਆਲੀ ਅਤੇ ਚਰਾਨਵੇਂ ਪੈਸੇ ਕੇਵਲ) ਅਤੇ ਉਸ 'ਤੇ ਵਿਆਜ। |
| ਸ੍ਰੀਮਤੀ ਪਰਮਜੀਤ ਕੌਰ ਪਤਨੀ ਹਰਜੀਤ ਸਿੰਘ | ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਵਿੱਚ ਬੇਅੰਤ ਨਗਰ, ਨਾਭਾ ਵਿਖੇ ਸਥਿਤ 343 ਵਰਗ ਗਜ਼ ਦਾ ਰਿਹਾਇਸ਼ੀ ਪਲਾਟ/ਮਕਾਨ ਸ਼ਾਮਲ ਹੈ, ਜੋ ਕਿ ਵਿਕਰੀ ਡੀਡ ਨੰਬਰ 2020-21/77/1/2329 ਮਿਤੀ 26.11.2020 ਅਨੁਸਾਰ ਪਰਮਜੀਤ ਕੌਰ ਦੀ ਮਲਕੀਅਤ ਹੈ। ਹੱਦਬੰਦੀ: ਉੱਤਰ ਵੱਲ: ਖੁੱਲ੍ਹੇ ਪਲਾਟ, ਦੱਖਣ ਵੱਲ: ਰਣਜੀਤ ਸਿੰਘ ਦਾ ਮਕਾਨ, ਪੂਰਬ ਵੱਲ: ਗਲੀ, ਪੱਛਮ ਵੱਲ: ਖੁੱਲ੍ਹੇ ਪਲਾਟ। | 01.12.2025 | 09.02.2026 | 19,85,302.48 (ਉਨੀ ਲੱਖ ਪਚਾਸੀ ਹਜ਼ਾਰ ਤਿੰਨ ਸੌ ਦੋ ਅਤੇ ਅਠਤਾਲੀ ਪੈਸੇ ਕੇਵਲ) ਅਤੇ ਉਸ 'ਤੇ ਵਿਆਜ। |

ਮਿਤੀ : 09.02.2026 ਸਥਾਨ : ਨਾਭਾ ਅਧਿਕਾਰਤ ਅਧਿਕਾਰੀ

# ਫਰੀਦਕੋਟ ਰੇਂਜ, ਫਰੀਦਕੋਟ ਵਿਖੇ ÷ਆਪ੍ਰੇਸ਼ਨ ਪ੍ਰਹਾਰ 2.0 ਤਹਿਤ ਅਪਰਾਧ ਨੈਟਵਰਕਾਂ ਨੂੰ ਤੋੜਨ ਲਈ ਵੱਖ-ਵੱਖ ਜਗ੍ਹਾਂ 'ਤੇ ਕੀਤੀ ਛਾਪੇਮਾਰੀ



ਫਰੀਦਕੋਟ 11 ਫਰਵਰੀ (ਅਵਤਾਰ ਸਿੰਘ ਮੱਲਾ ) ਸ਼੍ਰੀਮਤੀ ਨਿਲਾਂਬਰੀ ਜਗਦਲੇ ਆਈ.ਪੀ.ਐਸ. ਇੰਸਪੈਕਟਰ ਜਨਰਲ ਪੁਲਿਸ, ਫਰੀਦਕੋਟ ਰੇਂਜ ਫਰੀਦਕੋਟ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਇੱਕ ਸੁਰੱਖਿਅਤ/ਨਿਡਰ ਅਤੇ ਅਪਰਾਧ-ਮੁਕਤ ਸੂਬਾ ਬਣਾਏ ਰੱਖਣ ਦੀ ਮੁਹਿੰਮ ਤਹਿਤ ਸ਼੍ਰੀ ਗੌਰਵ ਯਾਦਵ, ਆਈ.ਪੀ.ਐਸ. ਡੀ.ਜੀ.ਪੀ. ਪੰਜਾਬ ਦੇ ਹੁਕਮਾਂ ਅਨੁਸਾਰ ਗੈਂਗਸਟਰਾਂ ਅਤੇ ਵੱਖ-ਵੱਖ ਕ੍ਰਿਮੀਨਲ ਮੁਕੱਦਮਿਆਂ ਵਿੱਚ ਅਤਿ ਲੋੜੀਂਦੇ ਕ੍ਰਿਮੀਨਲਾਂ ਖਿਲਾਫ ਕਾਰਵਾਈ ਨੂੰ ਬਰਕਰਾਰ ਰੱਖਦੇ ਹੋਏ ਫਰੀਦਕੋਟ ਰੇਂਜ, ਫਰੀਦਕੋਟ ਵਿਖੇ ÷ਆਪ੍ਰੇਸ਼ਨ ਪ੍ਰਹਾਰ 2.0 ਦਾ ਆਗਾਜ ਕੀਤਾ ਗਿਆ ਸੀ।ਇਸ ਆਪ੍ਰੇਸ਼ਨ ਤਹਿਤ ਫਰੀਦਕੋਟ ਰੇਂਜ ਅਧੀਨ ਆਉਂਦੇ ਜਿਲ੍ਹਾ ਫਰੀਦਕੋਟ, ਮੋਗਾ ਅਤੇ ਸ੍ਰੀ ਮੁਕਤਸਰ ਸਾਹਿਬ ਵੱਲੋਂ ਸੰਗਠਿਤ ਅਪਰਾਧ ਨੈਟਵਰਕਾਂ ਨੂੰ ਤੋੜਨ ਲਈ ਵੱਖ-ਵੱਖ ਜਗ੍ਹਾਂ ਪਰ ਛਾਪੇਮਾਰੀ ਕੀਤੀ ਗਈ ਤਾਂ ਜੋ ਅਪਰਾਧਕ ਗਿਰੋਹਾਂ ਦੇ ਜਾਲ ਨੂੰ ਤੋੜਕੇ, ਜਨ ਸੁਰੱਖਿਆਂ ਨੂੰ ਯਕੀਨੀ ਬਣਾਉਂਦੇ ਹੋਏ ਰਾਜ ਵਿੱਚ ਸ਼ਾਂਤੀ ਬਰਕਰਾਰ ਰੱਖੀ ਜਾ ਸਕੇ।ਉਨ੍ਹਾਂ ਦੱਸਿਆ ਕਿ ਇਸ ਆਪ੍ਰੇਸ਼ਨ ਦੌਰਾਨ ਫਰੀਦਕੋਟ ਰੇਂਜ ਅਧੀਨ ਆਉਂਦੇ ਜਿਲੇ ? ਫਰੀਦਕੋਟ, ਮੋਗਾ ਅਤੇ ਸ੍ਰੀ ਮੁਕਤਸਰ ਸਾਹਿਬ ਵੱਲੋਂ ਕੁੱਲ 04 ਸਰਗਰਮ ਗੈਂਗਸਟਰ ਅਤੇ 114 ਅਤਿ ਲੋੜੀਂਦੇ ਕ੍ਰਿਮੀਨਲ ਵਿਅਕਤੀਆਂ ਨੂੰ ਰਾਉਂਡ ਅਪ ਵੀ ਕੀਤਾ ਗਿਆ। ਇਸ ਕਾਰਵਾਈ ਦੌਰਾਨ ਦਵਿੰਦਰ ਬੰਬੀਹਾ ਗੈਂਗ ਦੇ ਕੁੱਲ 04 ਸਰਗਰਮ ਗੈਂਗਸਟਰਾਂ, ਵੱਖ-ਵੱਖ ਕ੍ਰਿਮੀਨਲ ਮੁਕੱਦਮਿਆਂ ਵਿੱਚ ਕੁੱਲ 296 ਅਤਿ ਲੋੜੀਂਦੇ ਕ੍ਰਿਮੀਨਲ ਵਿਅਕਤੀਆਂ ਅਤੇ ਕੁੱਲ 29 ਪੀ.ਓਜ਼ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਇਸ ਤੋਂ ਇਲਾਵਾ ਇਸ ਆਪ੍ਰੇਸ਼ਨ ਦੌਰਾਨ ਉਪਰੋਕਤ ਤੋਂ ਇਲਾਵਾ ਇਸ ਆਪ੍ਰੇਸ਼ਨ ਦੌਰਾਨ ਕਾਰਵਾਈ ਕਰਦੇ ਹੋਏ ਫਰੀਦਕੋਟ ਰੇਂਜ ਫਰੀਦਕੋਟ ਵੱਲੋਂ ਕੁੱਲ 370 ਗ੍ਰਾਮ ਹੈਰੋਇਨ, 328 ਨਸ਼ੀਲੀਆਂ ਗੋਲੀਆਂ, 40 ਕਿੱਲੋਂ ਭੁੱਕੀ ਚੂਰਾ ਪੋਸਤ, 900 ਗ੍ਰਾਮ ਗਾਂਜਾ ਅਤੇ ਹੋਰ ਮਾਰੂ ਹਥਿਆਰ ਬ੍ਰਾਮਦ ਕੀਤੇ ਗਏ ਹਨ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਭੁੱਚੋ ਮੰਡੀ ਦੀ ਮੀਟਿੰਗ



ਭਗਤਾ ਭਾਈ ਕਾ /ਭੁੱਚੋ ਮੰਡੀ 11 ਫਰਵਰੀ (ਸਵਰਨ ਸਿੰਘ ਭਗਤਾ) ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਭੁੱਚੋ ਮੰਡੀ ਦੀ ਮੀਟਿੰਗ ਦੀ ਬਲਾਕ ਪ੍ਰਧਾਨ ਡਾਕਟਰ ਹਰਪ੍ਰੀਤ ਸਿੰਘ ਝੰਡੂਕੇ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਬਲਾਕ ਦੇ ਵੱਖ ਵੱਖ ਪਿੰਡਾਂ ਤੋਂ ਡਾਕਟਰ ਸਾਥੀਆਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਡਾਕਟਰ ਸਾਥੀਆਂ ਨੂੰ ਆ ਰਹੀਆਂ ਮੁਸਕਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਆਗੂਆਂ ਵੱਲੋਂ ਡਾਕਟਰ ਸਾਥੀਆਂ ਨੂੰ ਸਾਫ ਸੁਥਰੀ ਪ੍ਰੈਕਟਿਸ ਕਰਨ ਲਈ ਪ੍ਰੇਰਿਆ। ਇਸ ਮੌਕੇ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਚੋਣਾਂ ਦੌਰਾਨ ਡਾਕਟਰ ਸਾਥੀਆਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾਣ ਅਤੇ ਤਜਰਬੇ ਦੇ ਆਧਾਰ ਤੇ ਡਾਕਟਰ ਸਾਥੀਆਂ ਨੂੰ ਰਜਿਸਟਰਡ ਕੀਤਾ ਜਾਵੇ। ਇਸ ਮੌਕੇ ਡਾਕਟਰ ਸਾਥੀਆਂ ਨੂੰ ਸਾਫ਼ ਸੁਥਰੀ ਪ੍ਰੈਕਟਿਸ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਡਾਕਟਰ ਅਮਰਜੀਤ ਸਿੰਘ ਚੈਅਰਮੈਨ, ਸਰਪ੍ਰਸਤ ਡਾਕਟਰ ਹਰਬੰਸ ਸਿੰਘ ,ਸਕੱਤਰ ਡਾਕਟਰ ਕੁਲਦੀਪ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾਕਟਰ ਸਵਰਨ ਸਿੰਘ ਭਗਤਾ, ਡਾਕਟਰ ਜਗਜੀਤ ਸਿੰਘ ਨਿੱਕਾ ਪ੍ਰੈਸ ਸਕੱਤਰ,
ਖਜ਼ਾਨਚੀ ਡਾਕਟਰ ਦਰਸ਼ਨ ਕੁਮਾਰ, ਡਾਕਟਰ ਸੁਰਜੀਤ ਸਿੰਘ, ਡਾਕਟਰ ਬਲਜੀਤ ਸਿੰਘ, ਡਾਕਟਰ ਹਰਜੀਤ ਸਿੰਘ ਭੁਲੇਰੀਆ, ਡਾਕਟਰ ਹਰਪ੍ਰੀਤ ਸਿੰਘ, ਡਾਕਟਰ ਗੁਰਪ੍ਰੀਤ ਸਿੰਘ, ਡਾਕਟਰ ਅਵਤਾਰ ਸਿੰਘ ਅਤੇ ਡਾਕਟਰ ਰਵਿੰਦਰ ਸਿੰਘ ਆਦਿ ਹਾਜ਼ਰ ਸਨ।

# ਇਕ ਰੋਜ਼ਾ ਦੇਸ਼ ਵਿਆਪੀ ਹੜਤਾਲ ਸਬੰਧੀ ਮੀਟਿੰਗ ਤੇ ਰੋਸ ਰੈਲੀ



ਭਗਤਾ ਭਾਈ ਕਾ 11ਫਰਵਰੀ (ਸਵਰਨ ਸਿੰਘ ਭਗਤਾ)ਸਬ ਡਵੀਜ਼ਨ ਭਗਤਾ ਭਾਈ ਟੈਕਨੀਕਲ ਸਰਵਿਸਜ਼ ਯੂਨੀਅਨ ਰਜਿ ਨੰ 49 ਵੱਲੋਂ ਅਤੇ ਏ ਓ ਜੇਈ$ ਐਮ ਐਸ ਯੂ ਮੁਲਾਜ਼ਮ ਵਿਰੋਧੀ ਨੀਤੀਆਂ ਦੇ ਵਿਰੁੱਧ, 4 ਨਵੇਂ ਬਣਾਏ ਲੇਬਰ ਕੋਡ ਰੱਦ ਕਰਵਾਉਣ, ਬਿਜਲੀ ਬਿੱਲ 2025 ਨੂੰ ਰੱਦ ਕਰਵਾਉਣ, ਬਿਜਲੀ ਨਿਗਮ ਦੀਆਂ ਕੀਮਤੀ ਜਾਇਦਾਦਾਂ ਵੇਚਣ ਅਤੇ ਹੋਰ ਵੱਖ-ਵੱਖ ਮਸਲਿਆਂ ਨੂੰ ਹੱਲ ਕਰਵਾਉਣ ਲਈ 12 ਫਰਵਰੀ ਨੂੰ ਕੀਤੀ ਜਾ ਇੱਕ ਰੋਜ਼ਾ ਦੇਸ਼ ਵਿਆਪੀ ਹੜਤਾਲ ਦੀ ਤਿਆਰੀ ਵਜੋ ਬੀਤੇ ਕੱਲ੍ਹ 10 ਫਰਵਰੀ ਨੂੰ ਸਬ ਡਵੀਜ਼ਨ ਭਗਤਾ ਭਾਈ ਵਿਖੇ ਡਵੀਜ਼ਨ ਪ੍ਰਧਾਨ ਲਖਵਿੰਦਰ ਸਿੰਘ ਦੀ ਅਗਵਾਈ ਵਿੱਚ ਟੀ.ਐਸ.ਯੂ. ਦੀ ਮੀਟਿੰਗ ਕੀਤੀ ਗਈ।ਇਸ ਮੌਕੇ ਮੌਕੇ ਡਵੀਜ਼ਨ ਸਕੱਤਰ ਕਮਲਦੀਪ ਸਿੰਘ, ਸਕੱਤਰ ਜਸਵੀਰ ਸਿੰਘ,ਮੀਤ ਸਕੱਤਰ ਕੁਲਵਿੰਦਰ ਸਿੰਘ, ਕੈਸ਼ੀਅਰ ਹਰਮਨ ਸਿੰਘ ਤੇ ਸਬ ਡਵੀਜ਼ਨ ਦੇ ਜੁਝਾਰੂ ਸਾਥੀ ਸ਼ਾਮਲ ਹੋਏ ! ਹੜਤਾਲ ਦੀ ਸਫ਼ਲਤਾ ਵਜੋਂ ਰੋਸ ਰੈਲੀ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਵੀਜ਼ਨ ਪ੍ਰਧਾਨ ਲਖਵਿੰਦਰ ਸਿੰਘ ਨੇ ਦੱਸਿਆ ਟੀ. ਐਸ਼.ਯੂ ਆਪਣੇ ਸਾਂਝੇ ਫ਼ੋਰਮ,ਏਕਤਾ ਮੰਚ ਦੇ ਸਾਥੀਆਂ ਨੂੰ ਨਾਲ ਲੈ ਕੇ ਵੱਧ ਚੜ੍ਹ ਕੇ ਹੜਤਾਲ ਵਿੱਚ ਹਿੱਸਾ ਲਵੇਗੀ। ਉਨ੍ਹਾਂ ਦੱਸਿਆ ਕਿ ਹੜਤਾਲ ਦੌਰਾਨ ਸਬੰਧਤ ਸਬ ਡਵੀਜ਼ਨ,/ ਡਵੀਜ਼ਨ /ਸਰਕਲ ਦੇ ਨਜ਼ਦੀਕ ਹੋ ਰਹੇ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਧਰਨੇ/ ਮੁਜ਼ਾਹਰੇ ਵਿੱਚ ਸਾਥੀਆਂ ਨੂੰ ਨਾਲ ਲੈਕੇ ਸ਼ਮੂਲੀਅਤ ਕੀਤੀ ਜਾਵੇ। ਰੋਸ ਰੈਲੀ ਵਿੱਚ ਏ ਓ ਜੇਈ ਦੇ ਸਾਥੀ ਹਰਦੀਪ ਸਿੰਘ ਸੱਗੂ ਜੇਈ 1, ਪੁਨੀਤ ਗੋਇਲ ਜੇਈ‹ ਅਤੇ ਐਮ ਐਸ ਯੂ ਦੇ ਸਾਥੀ ਜੂਗਨੰ ਅਤੇ ਮਨੋਜ ਕੁਮਾਰ ਰੋਸ ਰੈਲੀ ਵਿਚ ਸ਼ਾਮਲ ਸਨ ।

# ਮਾਤਾ ਸੁੰਦਰੀ ਗਰੁੱਪ ਆਫ਼ ਇੰਸਟੀਚਿਊਟ ਢੱਡੇ ਨੇ ਖ਼ੂਨਦਾਨ ਕੈਂਪ ਲਗਾਇਆ



ਤਲਵੰਡੀ ਸਾਬੋ, 11 ਫਰਵਰੀ ( ਸੰਦੀਪ ਜੋਸੀ ਲੱਡੂ) ਉਹਨਾਂ ਨੇ ਵੱਟਦੇ ਹੋਣਗੇ ਕੌਮੀ ਸੇਵਾ ਯੋਜਨਾ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਬਠਿੰਡਾ, ਡਾਇਰੈਕਟਰ ਯੂਥ ਸਰਵਿਸਿਜ਼ ਚੰਡੀਗੜ੍ਹ (ਪੰਜਾਬ) ਅਤੇ ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੌਮੀ ਸੇਵਾ ਯੋਜਨਾ (ਐਨ.ਐਸ.ਐਸ.) ਦੇ ਤਹਿਤ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਵਿਸ਼ੇਸ਼ ਪਹਿਚਾਣ ਬਣਾਉਣ ਵਾਲੀ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਢੱਡੇ ਦੀਆਂ ਵੱਖ ਵੱਖ ਇਕਾਈਆਂ ਮਾਤਾ ਸੁੰਦਰੀ ਗਰਲਜ਼ ਕਾਲਜ, ਮਾਤਾ ਸੁੰਦਰੀ ਕਾਲਜ ਆਫ਼ ਐਜੂਕੇਸ਼ਨ ਅਤੇ ਮਾਤਾ ਸੁੰਦਰੀ ਸੀਨੀਅਰ ਸੈਕੰਡਰੀ ਸਕੂਲ ਢੱਡੇ ਅਤੇ ਮਾਤਾ ਸੁੰਦਰੀ ਇੰਸਟੀਚਿਊਟ ਆਫ ਨਰਸਿੰਗ, ਢੱਡੇ ਵੱਲੋਂ ਖ਼ੂਨਦਾਨ ਕੈਂਪ ਦਾ ਸਫਲ ਆਯੋਜਨ ਕੀਤਾ ਗਿਆ।

ਕੈਂਪ ਦੇ ਉਦਘਾਟਨੀ ਸਮਾਰੋਹ ਵਿੱਚ ਮਾਨਸਾ ਜ਼ਿਲ੍ਹੇ ਦੀ ਮੈਡੀਕਲ ਅਫਸਰ ਡਾ.ਮੁਸਕਾਨ ਬਾਂਸਲ, ਸੀ.ਐਚ.ਓ. ਡਾ. ਕਮਲਦੀਪ ਸਿੰਘ, ਐਮ.ਐਲ.ਟੀ. ਸੁਨੈਨਾ ਬਾਂਸਲ ਅਤੇ ਕੌਂਸਲਰ ਅਮਨਦੀਪ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸੰਸਥਾ ਦੇ ਚੇਅਰਮੈਨ ਸ਼੍ਰੀ ਕੁਲਵੰਤ ਸਿੰਘ ਸਿੱਧੂ, ਐਮ.ਡੀ. ਸ਼੍ਰੀ ਗੁਰਬਿੰਦਰ ਸਿੰਘ ਬੱਲੀ ਅਤੇ ਡਾਇਰੈਕਟਰ ਐਡਮਿਨਿਸਟ੍ਰੇਸ਼ਨ ਸ਼੍ਰੀ ਪਰਮਿੰਦਰ ਸਿੰਘ ਸਿੱਧੂ ਨੇ ਆਏ ਹੋਏ ਮਹਿਮਾਨਾਂ ਦਾ ਤਹਿ-ਦਿਲੋਂ ਸਵਾਗਤ ਕੀਤਾ ।ਇਸ ਮੌਕੇ ਨਰਸਿੰਗ ਵਿਭਾਗ ਦੀ ਮੁਖੀ ਮੈਡਮ ਰਾਜਵੀਰ ਕੌਰ ਨੇ ਵਲੰਟੀਅਰਾਂ, ਏ.ਐਨ.ਐਮ. ਅਤੇ ਜੀ.ਐਨ.ਐਮ. ਵਿਦਿਆਰਥਣਾਂ ਦੀ ਸਹਾਇਤਾ ਨਾਲ ਡਿਊਟੀਆਂ ਸੁਚੱਜੇ ਢੰਗ ਨਾਲ ਲਗਾਈਆਂ ਅਤੇ ਖ਼ੂਨਦਾਨੀਆਂ ਲਈ ਰਿਫਰੈਸ਼ਮੈਂਟ ਵਜੋਂ ਕੇਲੇ, ਦੁੱਧ ਅਤੇ ਜੂਸ ਆਦਿ ਦੀ ਵਿਵਸਥਾ ਕੀਤੀ।ਸੰਸਥਾ ਦੇ ਪ੍ਰਿੰਸੀਪਲ ਕਮ-ਪ੍ਰੋਗਰਾਮ ਅਫਸਰ ਪ੍ਰੋ. ਰਾਜ ਸਿੰਘ ਬਾਘਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਸਥਾ ਪਿਛਲੇ 15 ਸਾਲਾਂ ਤੋਂ ਹਰ ਸਾਲ ਨਿਰੰਤਰ ਖ਼ੂਨਦਾਨ ਕੈਂਪ ਆਯੋਜਿਤ ਕਰਦੀ ਆ ਰਹੀ ਹੈ। ਇਸ ਸਾਲ ਵੀ ਕਾਲਜ ਦੇ ਸਟਾਫ ਮੈਂਬਰਾਂ, ਟਰਾਂਸਪੋਰਟ ਵਿਭਾਗ ਅਤੇ ਐਡਮਿਨਿਸਟ੍ਰੇਸ਼ਨ ਨਾਲ ਸੰਬੰਧਿਤ ਅਧਿਕਾਰੀਆਂ ਨੇ ਖੁਦ ਖ਼ੂਨਦਾਨ ਕਰਕੇ ਵਿਸ਼ੇਸ਼ ਯੋਗਦਾਨ ਪਾਇਆ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਐਡਮਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਖਾਨਦਾਨ ਪ੍ਰੇਰਨਾਦਾਇੱਕ ਕਾਰਜ ਕੀਤਾ। ਇਸ ਕੈਂਪ ਦੌਰਾਨ ਲਗਭਗ 30 ਯੂਨਿਟਾਂ ਖ਼ੂਨ ਇਕੱਠਾ ਕੀਤਾ ਗਿਆ।ਇਸ ਮੌਕੇ ਮੈਡਮ ਸਿੰਬਲਜੀਤ ਕੌਰ (ਡਾਇਰੈਕਟਰ), ਮੈਡਮ ਪ੍ਰਸ਼ੋਤਮ ਕੌਰ, ਪੋਲਰ ਸਟਾਰ ਸਕੂਲ ਢੱਡੇ ਦੇ ਪ੍ਰਿੰਸੀਪਲ ਕੰਵਰਦੀਪ ਸਿੰਘ ਗਿੱਲ, ਗੁਰਪ੍ਰੀਤ ਸਿੰਘ ਲਹਿਰਾ, ਸੀਨੀਅਰ ਪ੍ਰੋ. ਰਾਜਵਿੰਦਰ ਸਿੰਘ, ਸੀਨੀਅਰ ਪ੍ਰੋ. ਜਸਵਿੰਦਰ ਸਿੰਘ, ਸੀਨੀਅਰ ਪ੍ਰੋ. ਰਵਿੰਦਰ ਕੁਮਾਰ, ਮੈਡਮ ਮਨਿੰਦਰਪ੍ਰੀਤ ਕੌਰ (ਪ੍ਰੋਗਰਾਮ ਅਫਸਰ), ਪ੍ਰੋਗਰਾਮ ਅਫਸਰ ਪ੍ਰੋ. ਰੁਪਿੰਦਰ ਕੌਰ (ਨਰਸਿੰਗ ਵਿਭਾਗ) ਐਜੂਕੇਸ਼ਨ ਕਾਲਜ ਦੀ ਪ੍ਰੋ. ਵੀਰਇੰਦਰ ਕੌਰ (ਪ੍ਰੋਗਰਾਮ ਅਫਸਰ), ਸੀਨੀਅਰ ਪ੍ਰੋ. ਰਾਜਵਿੰਦਰ ਕੌਰ, ਸੀਨੀਅਰ ਪ੍ਰੋ. ਰਣਜੀਤ ਕੌਰ, ਪ੍ਰੋ. ਹਰਵਿੰਦਰ ਕੌਰ, ਸੀਨੀਅਰ ਪ੍ਰੋ. ਹਰਸ਼ ਰਾਣੀ, ਪ੍ਰੋ. ਅਮਨ ਸ਼ਰਮਾ, ਪ੍ਰੋ. ਗੁਰਪ੍ਰੀਤ ਸਿੰਘ, ਪ੍ਰੋ. ਕਰਨਵੀਰ ਸਿੰਘ, ਪ੍ਰੋ. ਜਗਜੀਤ ਸਿੰਘ, ਮੈਡਮ ਸੁਖਵੀਰ ਕੌਰ, ਮੈਡਮ ਸਿਮਲਾ, ਮੈਡਮ ਅੰਮ੍ਰਿਤਪਾਲ ਕੌਰ, ਮੈਡਮ ਪੁਸ਼ਪਿੰਦਰ ਕੌਰ, ਮੈਡਮ ਲਵਜੋਤ ਕੌਰ ਅਤੇ ਮੈਡਮ ਪ੍ਰਭਜੋਤ ਕੌਰ ਆਦਿ ਵੀ ਹਾਜ਼ਰ ਸਨ।

# ਗੁਰੂ ਕਾਸ਼ੀ ਯੂਨੀਵਰਸਿਟੀ ਦੇ ਰੁਜ਼ਗਾਰ ਮੇਲਾ-2026 ਵਿੱਚ 150 ਵਿਦਿਆਰਥੀਆਂ ਨੂੰ ਵੰਡੇ ਨਿਯੁਕਤੀ ਪੱਤਰ




ਤਲਵੰਡੀ ਸਾਬੋ, 11 ਫਰਵਰੀ ( ਸੰਦੀਪ ਜੋਸੀ) ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਦੀ ਪਲੇਸਮੈਂਟ ਲਈ ਦੋ ਰੋਜ਼ਾ ਰੁਜ਼ਗਾਰ ਮੇਲਾ ਆਯੋਜਿਤ ਕੀਤਾ ਗਿਆ। ਜਿਸ ਦਾ ਉਦਘਾਟਨ ਮੁੱਖ ਮਹਿਮਾਨ ਵਾਈਸ ਚਾਂਸਲਰ ਪ੍ਰੋ.(ਡਾ.) ਰਾਮੇਸ਼ਵਰ ਸਿੰਘ ਨੇ ਕੀਤਾ। ਉਦਘਾਟਨੀ ਸਮਾਰੋਹ ਵਿੱਚ ਪਰੋ ਵਾਈਸ ਚਾਂਸਲਰ ਡਾ. ਜਗਤਾਰ ਸਿੰਘ ਧੀਮਾਨ, ਪਰੋ ਵਾਈਸ ਚਾਂਸਲਰ ਡਾ. ਪੀਯੂਸ਼ ਵਰਮਾ, ਡਾਇਰੈਕਟਰ ਕੈਂਪਸ ਡਾ. ਹਰਜਸਪਾਲ ਸਿੰਘ, ਡੀਨ ਅਕਾਦਮਿਕ ਡਾ. ਜਾਵੇਦ ਅਹਿਮਦ ਖਾਨ, ਵੱਖ-ਵੱਖ ਫੈਕਲਟੀਆਂ ਦੇ ਡੀਨ, ਅਧਿਆਪਕ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਹੋਏ। ਮੇਲੇ ਦੇ ਦੂਜੇ ਦਿਨ 150 ਵਿਦਿਆਰਥੀਆਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ।ਉਦਘਾਟਨ ਮੌਕੇ ਮੁੱਖ ਮਹਿਮਾਨ ਡਾ. ਸਿੰਘ ਨੇ ਕਿਹਾ ਕਿ ਰੁਜ਼ਗਾਰ ਮੇਲੇ ਸਿੱਖਿਆ ਅਤੇ ਸਨਅਤ ਵਿਚਕਾਰ ਪੁੱਲ ਦਾ ਕੰਮ ਕਰਦੇ ਹਨ। ਇਸ ਲਈ ਜੀ.ਕੇ.ਯੂ. ਇੰਡਸਟਰੀ ਦੀ ਮੰਗ ਅਨੁਸਾਰ ਨਵੇਂ ਸਿਲੇਬਸ ਤਿਆਰ ਕਰ ਰਹੀ ਹੈ ਤੇ ਨਵੇਂ ਤਕਨੀਕੀ ਕੋਰਸ ਸ਼ੁਰੂ ਕਰਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਇੰਟਰਵਿਊ ਵਿੱਚ ਇਮਾਨਦਾਰੀ ਅਤੇ ਆਤਮ-ਵਿਸ਼ਵਾਸ ਨਾਲ ਜਵਾਬ ਦੇਣ ਲਈ ਪ੍ਰੇਰਿਤ ਕੀਤਾ।
ਪਰੋ ਵਾਈਸ ਚਾਂਸਲਰ ਡਾ. ਧੀਮਾਨ ਨੇ ਆਯੋਜਕਾਂ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਵਿਦਿਆਰਥੀਆਂ ਨੂੰ ਆਤਮ-ਵਿਸ਼ਵਾਸ ਨਾਲ ਇੰਡਸਟਰੀ ਦੇ ਅਧਿਕਾਰੀਆਂ ਅੱਗੇ ਆਪਣੀ ਯੋਗਤਾ ਦਾ ਪ੍ਰਗਟਾਵਾ ਕਰਨ ਲਈ ਕਿਹਾ। ਉਨ੍ਹਾਂ ਵਿਦਿਆਰਥੀਆਂ ਨੂੰ ਹਮੇਸ਼ਾ ਸਿੱਖਦੇ ਰਹਿਣ ਦੇ ਜਜ਼ਬੇ ਨੂੰ ਕਾਇਮ ਰੱਖਣ ਦਾ ਮਸ਼ਵਰਾ ਵੀ ਦਿੱਤਾ। ਉਨ੍ਹਾਂ ਕਿਹਾ ਕਿ ਸਿਰਫ਼ ਇੱਕ ਸਵਾਲ ਦਾ ਜਵਾਬ ਨਹੀਂ, ਸਗੋਂ ਵਿਦਿਆਰਥੀ ਦਾ ਸੰਪੂਰਨ ਵਿਅਕਤੀਤਵ ਸਫਲਤਾ ਦਾ ਕਾਰਨ ਹੁੰਦਾ ਹੈ।ਇਸ ਮੌਕੇ ਡਾ. ਵਰਮਾ ਨੇ ਵਿਦਿਆਰਥੀਆਂ ਨੂੰ ਆਪਣਾ ਹੰਕਾਰ ਛੱਡ ਕੇ ਟੀਮ ਭਾਵਨਾ ਪੈਦਾ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਇੰਟਰਵਿਊ ਵਿੱਚ ਹਉਮੈ ਨੂੰ ਛੱਡ ਕੇ ਫ਼ਰਾਖ ਦਿਲੀ ਅਤੇ ਇਮਾਨਦਾਰੀ ਨਾਲ ਆਪਣੀ ਗੱਲ ਰੱਖਣੀ ਚਾਹੀਦੀ ਹੈ।
ਕੈਂਪਸ ਡਾਇਰੈਕਟਰ ਡਾ. ਸਿੰਘ ਨੇ ਟ੍ਰੇਨਿੰਗ ਐਂਡ ਪਲੇਸਮੈਂਟ ਸੈੱਲ ਦੇ ਪ੍ਰਬੰਧਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਰੁਜ਼ਗਾਰ ਮੇਲੇ ਵਿਦਿਆਰਥੀਆਂ ਦੇ ਹੌਸਲੇ ਵਧਾਉਣ ਲਈ ਜ਼ਰੂਰੀ ਹਨ। ਉਨ੍ਹਾਂ ਸਮੂਹ ਪ੍ਰਬੰਧਕੀ ਟੀਮ ਵੱਲੋਂ ਪੇਸ਼ੇਵਰ ਤਰੀਕੇ ਨਾਲ ਕਾਰਜਕ੍ਰਮ ਨੂੰ ਆਯੋਜਿਤ ਕਰਨ ਦੀ ਪ੍ਰਸ਼ੰਸਾ ਕੀਤੀ।ਡੀਨ ਅਕਾਦਮਿਕ ਡਾ. ਖਾਨ ਨੇ ਵਿਦਿਆਰਥੀਆਂ ਨੂੰ ਇੰਟਰਵਿਊ ਵਿੱਚ ਜਾਗਰੂਕ ਤੇ ਸਕਾਰਾਤਮਕ ਸੋਚ ਨਾਲ ਆਪਣੀ ਗੱਲ ਰੱਖਣ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਚੁਣੇ ਜਾਣ ਦੀ ਖੁਸ਼ੀ ਅਤੇ ਨਾ ਚੁਣੇ ਜਾਣ ਦਾ ਗਮ ਨਹੀਂ ਕਰਨਾ ਚਾਹੀਦਾ ਸਗੋਂ ਭਵਿੱਖ ਵਿੱਚ ਅਗਲੀ ਪ੍ਰਾਪਤੀ ਲਈ ਯਤਨ ਕਰਨੇ ਚਾਹੀਦੇ ਹਨ।ਡਿਪਟੀ ਡਾਇਰੈਕਟਰ ਟ੍ਰੇਨਿੰਗ ਐਂਡ ਪਲੇਸਮੈਂਟ ਡਾ. ਵਿਕਾਸ ਗੁਪਤਾ ਨੇ ਦੱਸਿਆ ਕਿ ਮੇਲੇ ਦੇ ਪਹਿਲੇ ਦਿਨ ਭਾਰਤ ਦੀਆਂ 15 ਤੋਂ ਵੱਧ ਨਾਮਵਰ ਕੰਪਨੀਆਂ ਦੇ ਅਧਿਕਾਰੀਆਂ ਨੇ ਆਪਣੇ ਆਪਣੇ ਅਦਾਰੇ ਲਈ ਯੋਗ ਉਮੀਦਵਾਰ ਸ਼ੋਰਟਲਿਸਟ ਕੀਤੇ। ਰੁਜ਼ਗਾਰ ਮੇਲੇ ਦੇ ਦੂਜੇ ਦਿਨ ਹਾਈਬ੍ਰਿਡ ਮੋਡ ਵਿੱਚ ਲਗਭਗ 12 ਕੰਪਨੀਆਂ ਦੇ ਅਧਿਕਾਰੀਆਂ ਨੇ ਆਪਣੇ ਆਪਣੇ ਅਦਾਰਿਆਂ ਲਈ ਵਿਦਿਆਰਥੀਆਂ ਦੀ ਚੋਣ ਕੀਤੀ। ਮੇਲੇ ਵਿੱਚ 400 ਦੇ ਕਰੀਬ ਵਿਦਿਆਰਥੀ ਪਲੇਸਮੈਂਟ ਲਈ ਹਾਜ਼ਰ ਹੋਏ।ਸਹਾਇਕ ਡਾਇਰੈਕਟਰ ਟ੍ਰੇਨਿੰਗ ਐਂਡ ਪਲੇਸਮੈਂਟ ਡਾ. ਹੇਮੰਤ ਵਾਟਸ ਨੇ ਆਪਣੇ ਧੰਨਵਾਦੀ ਭਾਸ਼ਣ ਵਿੱਚ ਚੋਣਕਾਰਾਂ ਅਤੇ ਵਰਸਿਟੀ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਤੇ ਪਲੇਸਮੈਂਟ ਅਫ਼ਸਰ ਹਰਸਿਮਰਨ ਕੌਰ ਦਾ ਮੰਚ ਸੰਚਾਲਨ ਕਾਬਿਲ-ਏ-ਤਾਰੀਫ਼ ਰਿਹਾ। ਆਯੋਜਕਾਂ ਵੱਲੋਂ ਰੁਜ਼ਗਾਰ ਪ੍ਰਦਾਤਾ, ਅਦਾਰਿਆਂ ਦੇ ਅਧਿਕਾਰੀਆਂ ਨੂੰ ਸਮ੍ਰਿਤੀ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ।

# ਨਸ਼ਿਆਂ ਦੇ ਮੁੱਦੇ 'ਤੇ ਭਾਜਪਾ ਪ੍ਰਧਾਨ ਨੇ ਇੱਕ ਵਾਰ ਫਿਰ ਘੇਰੀ ਆਮ ਆਦਮੀ ਪਾਰਟੀ ਦੀ ਸਰਕਾਰ




ਤਲਵੰਡੀ ਸਾਬੋ 11 ਫਰਵਰੀ (ਸੰਦੀਪ ਕੁਮਾਰ ਜੋਸ਼ੀ) ਪੰਜਾਬ ਵਿੱਚ ਇੰਨੀ ਦੇਣੀ ਸੂਬਾ ਸਰਕਾਰ ਵੱਲੋਂ ਨਸ਼ਿਆਂ ਨੂੰ ਖਤਮ ਕਰਨ ਲਈ ਜਿੱਥੇ ਯੁੱਧ ਨਸ਼ੇ ਵਿਰੁੱਧ ਅਤੇ ਪ੍ਰਹਾਰ ਜਿਹੇ ਅਪਰੇਸ਼ਨ ਚਲਾਏ ਜਾ ਰਹੇ ਹਨ ਉਥੇ ਹੀ ਵਿਰੋਧੀਆਂ ਵੱਲੋਂ ਸੂਬਾ ਸਰਕਾਰ ਨੂੰ ਨਸ਼ਿਆਂ ਦੇ ਮੁੱਦੇ ਤੇ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਜ ਬਠਿੰਡਾ ਵਿਖੇ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸਰਕਾਰ ਵੱਲੋਂ ਜੋ ਨਸ਼ਿਆਂ ਨੂੰ ਖਤਮ ਕਰਨ ਲਈ ਅਪਰੇਸ਼ਨ ਚਲਾਏ ਜਾ ਰਹੇ ਹਨ ਉਹ ਬੁਰੀ ਤਰ੍ਹਾਂ ਫੇਲ ਹੋ ਰਹੇ ਹਨ ਪੰਜਾਬ ਦੀ ਜਵਾਨੀ ਨਸ਼ਿਆਂ ਦੀ ਭੇਟ ਚੜ ਰਹੀ ਹੈ ਹੁਣ ਨੌਜਵਾਨਾਂ ਦੇ ਨਾਲ ਨਾਲ ਲੜਕੀਆਂ ਵੀ ਨਸ਼ਿਆਂ ਦਾ ਸ਼ਿਕਾਰ ਹੋ ਰਹੀਆਂ ਹਨ ਪਰ ਪੰਜਾਬ ਸਰਕਾਰ ਨਸ਼ਿਆਂ ਨੂੰ ਠੱਲ ਪਾਉਣ ਵਿੱਚ ਲਗਾਤਾਰ ਨਾਕਾਮਯਾਬ ਹੋ ਰਹੀ ਹੈ ਉਹਨਾਂ ਕਿਹਾ ਕਿ ਜਿਸ ਦਿਨ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣੀ ਸਭ ਤੋਂ ਪਹਿਲਾਂ ਨਸ਼ੇ ਖਤਮ ਕੀਤੇ ਜਾਣਗੇ ਉਹਨਾਂ ਕਿਹਾ ਕਿ ਨਸ਼ਿਆਂ ਨੂੰ ਲੈ ਕੇ ਭਾਜਪਾ ਲਗਾਤਾਰ ਗੰਭੀਰਤਾ ਨਾਲ ਸੋਚ ਰਹੀ ਹੈ ਅਤੇ ਦੇਸ਼ ਵਿਰੋਧੀ ਤਾਕਤਾਂ ਵੱਲੋਂ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਰਾਹੀਂ ਖਤਮ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਨੂੰ ਫੇਲ ਕਰਨ ਲਈ ਕੇਂਦਰ ਸਰਕਾਰ ਵੱਲੋਂ ਵੱਡੀ ਪੱਧਰ ਤੇ ਯਤਨ ਕੀਤੇ ਜਾ ਰਹੇ ਹਨ ਉਹਨਾਂ ਅਮਰੀਕਾ ਅਤੇ ਭਾਰਤ ਵਿੱਚ ਹੋਏ ਟਰੇਡ ਸਮਝੌਤੇ ਤੇ ਬੋਲਦਿਆਂ ਕਿਹਾ ਕਿ ਵਿਰੋਧੀਆਂ ਵੱਲੋਂ ਬਿਨਾਂ ਵਜਾ ਲੋਕਾਂ ਵਿੱਚ ਭਰਮ ਪੈਦਾ ਕੀਤੇ ਜਾ ਰਹੇ ਹਨ ਉਹਨਾਂ ਕਿਹਾ ਕਿ ਇਹਨਾਂ ਸਮਝੌਤਿਆਂ ਨਾਲ ਕਿਸਾਨਾਂ ਦੇ ਹਿੱਤ ਨਹੀਂ ਪ੍ਰਭਾਵਿਤ ਹੋਣਗੇ ਇਹ ਸਿਰਫ ਕਾਰੋਬਾਰੀ ਸਮਝੌਤੇ ਹਨ ਇਹਨਾਂ ਵਿੱਚੋਂ ਡਾਇਰੀ ਅਤੇ ਵੱਖ-ਵੱਖ ਫਸਲਾਂ ਨੂੰ ਬਾਹਰ ਰੱਖਿਆ ਗਿਆ ਹੈ ਉਹਨਾਂ ਕਿਹਾ ਕਿ ਦੇਸ਼ ਦੇ ਕਿਸਾਨਾਂ ਨੂੰ ਘਬਰਾਉਣ ਦੀ ਲੋੜ ਨਹੀਂ ਇਹ ਸਮਝੌਤੇ ਦੇਸ਼ ਅਤੇ ਕਿਸਾਨਾਂ ਲਈ ਕਾਰਾਗਰ ਸਾਬਿਤ ਹੋਣਗੇ ਡੇਰਾ ਰਾਧਾ ਸੁਆਮੀ ਮੁਖੀ ਵੱਲੋਂ ਨਸ਼ਿਆਂ ਦੀ ਰੈਲੀ ਵਿੱਚ ਸ਼ਾਮਿਲ ਹੋਣ ਸਬੰਧੀ ਬੋਲਦਿਆਂ ਉਹਨਾਂ ਕਿਹਾ ਕਿ ਇਸ ਮੁੱਦੇ ਤੇ ਰਾਜਨੀਤੀ ਨਹੀਂ ਹੋਣੀ ਚਾਹੀਦੀ ਕਿਉਂਕਿ ਨਸ਼ਿਆਂ ਨੂੰ ਖਤਮ ਕਰਨ ਲਈ ਸਮਾਜਿਕ ਧਾਰਮਿਕ ਸੰਗਠਨਾਂ ਦੇ ਨਾਲ ਨਾਲ ਸਮਾਜ ਸੇਵੀ ਸੰਸਥਾਵਾਂ ਕੰਮ ਕਰ ਰਹੀਆਂ ਹਨ ਪਿਛਲੇ ਦਿਨੀ ਫਿਰੋਜ਼ਪੁਰ ਵਿਖੇ ਪੰਜਾਬ ਦੇ ਰਾਜਪਾਲ ਦੀ ਅਗਵਾਈ ਵਿੱਚ ਕੱਢੀ ਗਈ ਪੈਦਲ ਯਾਤਰਾ ਵਿੱਚ ਡੇਰਾ ਰਾਧਾ ਸੁਆਮੀ ਮੁਖੀ ਵੱਲੋਂ ਸ਼ਾਮਿਲ ਹੋ ਕੇ ਨਸ਼ਿਆਂ ਖਿਲਾਫ ਇੱਕ ਵੱਡਾ ਸੁਨੇਹਾ ਦਿੱਤਾ ਹੈ ਅਜਿਹੇ ਹਾਲਾਤਾਂ ਵਿੱਚ ਰਾਜਨੀਤਿਕ ਪਾਰਟੀਆਂ ਨੂੰ ਅਜਿਹੇ ਮੁੱਦਿਆਂ ਤੇ ਰਾਜਨੀਤੀ ਨਹੀਂ ਕਰਨੀ ਚਾਹੀਦੀ ਅਕਾਲੀ ਭਾਜਪਾ ਗੱਠਜੋੜ ਦੀਆਂ ਚਰਚਾਵਾਂ ਤੇ ਬੋਲਦਿਆਂ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਭਾਜਪਾ ਵੱਲੋਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਹੁਣੇ ਤੋਂ ਆਰੰਭ ਕਰ ਦਿੱਤੀਆਂ ਗਈਆਂ ਹਨ ਅਤੇ ਉਹਨਾਂ ਵੱਲੋਂ 117 ਦੀਆਂ 117 ਸੀਟਾਂ ਤੇ ਇਕੱਲਿਆਂ ਚੋਣ ਲੜੀ ਜਾਵੇਗੀ

# ਸਾਥੀ ਰਣਜੀਤ ਲਹਿਰਾ ਤੇ ਵਿਧੂ ਸ਼ੇਖਰ ਭਾਰਦਵਾਜ ਦੇ ਸਦੀਵੀਂ ਵਿਛੋੜੇ ਤੇ ਜਮਹੂਰੀ ਅਧਿਕਾਰ ਸਭਾ ਵੱਲੋਂ ਡੂੰਘੇ ਦੁੱਖ ਦਾ ਇਜ਼ਹਾਰ

ਲ਼ਹਿਰਾਗਾਗਾ 11 ਫਰਵਰੀ (ਰਾਮੇਸ਼ਵਰ ਸ਼ਰਮਾ/ ਖੁਸਵਿੰਦਰ ਸ਼ਰਮਾ ) - ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਦੀ ਜਾਣੀਆਂ-ਪਹਿਚਾਣੀਆਂ ਸਖਸ਼ੀਅਤਾਂ ਸਾਥੀ ਰਣਜੀਤ ਲਹਿਰਾ ਤੇ ਵਿਧੂ ਸ਼ੇਖਰ ਭਾਰਦਵਾਜ ਇਨਕਲਾਬੀ ਕਾਫ਼ਲੇ ਨੂੰ ਅਲਵਿਦਾ ਕਹਿ ਗਏ ਸਦੀਵੀਂ ਵਿਛੋੜਾ ਦੇ ਗਏ । ਉਨ੍ਹਾਂ ਵਰਗੇ ਦ੍ਰਿੜ੍ਹ ਨਿਸ਼ਚਾਵਾਨ ਸਾਥੀਆਂ ਦੀ ਬੇਹੱਦ ਲੋੜ ਹੈ । ਜ਼ਿਕਰਯੋਗ ਗੱਲ ਹੈ ਕਿ ਇੰਨ੍ਹਾਂ ਦੋਵੇਂ ਸਾਥੀਆਂ ਨੇ ਵਿਦਿਆਰਥੀ ਜੀਵਨ ਤੋਂ ਹੀ ਲੋਕਾਂ ਦੇ ਹੱਕਾਂ ਤੇ ਸਮਾਜ ਦੀ ਕਾਣੀ ਵੰਡ ਖਤਮ ਕਰਕੇ ਬਰਾਬਰ ਦਾ ਸਮਾਜ ਸਿਰਜਣ ਲਈ ਯੋਗਦਾਨ ਪਾਇਆ । ਵਿਧੂ ਸ਼ੇਖਰ ਸੰਖੇਪ ਬਿਮਾਰੀ ਤੋਂ ਬਾਅਦ ਅਚਾਨਕ ਰੁਖਸਤ ਹੋ ਗਏ ਤੇ ਰਣਜੀਤ ਲਹਿਰਾ ਨੇ ਬਹੁਤ ਹੀ ਗੰਭੀਰ ਬੀਮਾਰੀ ਦੇ ਬਾਵਜੂਦ ਮਿਸਾਲੀ ਜ਼ਿੰਦਗੀ ਜੀਉਂਈ ਅਤੇ ਸਿਰੜ ਤੇ ਦ੍ਰਿੜ੍ਹਤਾ ਨਾਲ ਕਲਮ



ਤੇ ਸੰਘਰਸ਼ ਦੇ ਮੋਰਚਿਆਂ ਤੋਂ ਇਨਕਲਾਬੀ ਜਮਹੂਰੀ ਲਹਿਰ ਵਿਚ ਯੋਗਦਾਨ ਪਾਉਂਦੇ ਰਹੇ । ਇਸ ਸਮੇਂ ਸਭਾ ਦੇ ਪ੍ਰਧਾਨ ਜਗਜੀਤ ਭੂਟਾਲ, ਸਕੱਤਰ ਕੁਲਦੀਪ ਸਿੰਘ, ਪ੍ਰੈਸ ਸੱਕਤਰ ਜੁਝਾਰ ਲੌਂਗੋਵਾਲਾ, ਮੀਤ ਪ੍ਰਧਾਨ ਬਸ਼ੇਸ਼ਰ ਰਾਮ, ਸੂਬਾ ਕਮੇਟੀ ਮੈਂਬਰ ਮਨਧੀਰ ਰਾਜੋਮਾਜ਼ਰਾ, ਵਿਸਾਖਾ ਸਿੰਘ, ਸਵਰਨਜੀਤ ਸਿੰਘ, ਸਹਾਇਕ ਸੱਕਤਰ ਕੁਲਵਿੰਦਰ ਬੰਟੀ, ਅਮਰੀਕ ਸਿੰਘ ਖੋਖਰ, ਇਕਬਾਲ ਕੌਰ, ਡਾ. ਕਿਰਨ ਪਾਲ ਕੌਰ, ਹਰਪ੍ਰੀਤ ਕੌਰ, ਮਾਸਟਰ ਪਰਮਵੇਦ, ਦਰਸ਼ਨ ਕੁਨਰਾਂ ਅਤੇ ਪ੍ਰਵੀਨ ਖੋਖਰ ਨੇ ਕਿਹਾ ਕਿ ਇੰਨ੍ਹਾਂ ਸਾਥੀਆਂ ਦੇ ਬੇਵਕਤੀ ਤੁਰ ਜਾਣ ਨਾਲ ਜਾਣ ਨਾਲ ਸਮੂਚੀ ਖੱਬੇ ਪੱਖੀ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ । ਸਭਾ ਨੇ ਇੰਨ੍ਹਾਂ ਸਾਥੀਆਂ ਦੇ ਬੇਵਕਤੀ ਵਿਛੋੜੇ 'ਤੇ ਪਰਿਵਾਰਾਂ, ਸਾਕ-ਸੰਬੰਧੀਆਂ ਅਤੇ ਸੰਗੀ ਸਾਥੀਆਂ ਨਾਲ਼ ਗਹਿਰੇ ਦੁੱਖ਼ ਦਾ ਇਜ਼ਹਾਰ ਕੀਤਾ ।

# ਸ਼੍ਰੀ ਸੀਤਾਸਰ ਧਾਮ ਮੰਦਰ ਕਮੇਟੀ ਦੇ ਆਗੂਆਂ ਨੇ ਡਿਪਟੀ ਕਮਿਸ਼ਨਰ ਨੂੰ ਦਿੱਤਾ ਮਹਾਸ਼ਿਵਰਾਤਰੀ ਮੇਲੇ ਦਾ ਸੱਦਾ



ਸੁਨਾਮ, 11 ਫਰਵਰੀ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਸ਼੍ਰੀ ਨੀਲਕੰਠੇਸ਼ਵਰ ਰਾਮ ਮੰਦਰ ਸੀਤਾਸਰ ਧਾਮ ਕਮੇਟੀ ਨਦੇ ਆਗੂਆਂ ਵੱਲੋਂ ਡਿਪਟੀ ਕਮਿਸ਼ਨਰ ਰਾਹੁਲ ਚਾਵਾ ਅਤੇ ਐਸ ਪੀ ਦਵਿੰਦਰ ਅੱਤਰੀ ਦਵਿੰਦਰ ਅਤਰੀ ਨੂੰ 51ਵੇਂ ਮਹਾਸ਼ਿਵਰਾਤਰੀ ਮੇਲੇ ਲਈ ਸੱਦਾ ਦਿੱਤਾ। ਇਸ ਮੌਕੇ ਜਾਣਕਾਰੀ ਦਿੰਦੇ ਹੋਏ, ਮੰਦਰ ਕਮੇਟੀ ਦੇ ਹਰੀ ਦੇਵ ਗੋਇਲ, ਵਿਕਰਮ ਗਰਗ ਵਿੱਕੀ ਨੇ ਦੱਸਿਆ ਕਿ ਮੰਦਰ ਕਮੇਟੀ ਵੱਲੋਂ 51ਵਾਂ ਮਹਾਸ਼ਿਵਰਾਤਰੀ ਮੇਲਾ ਬਹੁਤ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ 13 ਫਰਵਰੀ ਨੂੰ ਇੱਕ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਜਾਵੇਗੀ, ਅਤੇ 15 ਫਰਵਰੀ ਨੂੰ ਮਹਾਸ਼ਿਵਰਾਤਰੀ ਮਨਾਈ ਜਾਵੇਗੀ। ਉਸੇ ਦਿਨ, 1,008 ਕੰਨਿਆ ਵੱਲੋਂ ਜਲ ਯਾਤਰਾ ਕੱਢੀ ਜਾਵੇਗੀ ਅਤੇ ਰਾਤ ਨੂੰ ਭਗਵਾਨ ਭੋਲੇ ਨਾਥ ਜੀ
ਦੀਆਂ ਚਾਰੇ ਪੂਜਾ ਕੀਤੀਆਂ ਜਾਣਗੀਆਂ। 16 ਫਰਵਰੀ ਨੂੰ ਸਵੇਰੇ 10 ਵਜੇ, ਹਵਨ ਯੱਗ ਦੀ ਪੂਰਨਯਹੁਤੀ ਪਾਈ ਜਾਵੇਗੀ ਅਤੇ ਭੋਲੇ ਬਾਬਾ ਜੀ ਦਾ ਭੰਡਾਰਾ ਅਟੁੱਟ ਵਰਤੇਗਾ

# ਕਥਾਵਾਚਕ ਭਾਈ ਹਰਵਿੰਦਰ ਸਿੰਘ ਗੰਗਾਨਗਰ ਵਾਲੇ ਗੁਰਬਾਣੀ ਪ੍ਰਚਾਰ ਲਈ ਆਸਟ੍ਰੇਲੀਆ ਲਈ ਰਵਾਨਾ



ਭਗਤਾ ਭਾਈ ਕਾ 11ਫਰਵਰੀ (ਸਵਰਨ ਸਿੰਘ ਭਗਤਾ) ਇਤਿਹਾਸਕ ਗੁਰਦੁਆਰਾ ਮਹਿਲ ਸਾਹਿਬ ਭਗਤਾ ਭਾਈ ਕਾ ਦੇ ਹਜ਼ੂਰੀ ਕਥਾਵਾਚਕ ਭਾਈ ਹਰਵਿੰਦਰ ਸਿੰਘ ਗੰਗਾ ਨਗਰ ਵਾਲੇ ਦੋ ਮਹੀਨੇ ਲਈ ਆਸਟ੍ਰੇਲੀਆ ਗੁਰਬਾਣੀ ਦੀ ਕਥਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਪ੍ਰਚਾਰ ਲਈ ਸੰਗਤਾਂ ਨਾਲ ਵਿਚਾਰਾਂ ਕਰਨ ਲਈ ਭਗਤਾ ਭਾਈ ਤੋਂ ਹੋਏ ਰਵਾਨਾ।ਇਸ ਸਮੇਂ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਗੁਰਚਰਨ ਸਿੰਘ ਅਤੇ ਖ਼ਜ਼ਾਨਚੀ ਬਲਜਿੰਦਰ ਸਿੰਘ ਬਾਬੇ ਕਾ ਮੈਂਬਰ ਲਖਵੀਰ ਸਿੰਘ ਕਨੇਡਾ ਗ੍ਰੰਥੀ ਜਗਸੀਰ ਸਿੰਘ ਗ੍ਰੰਥੀ ਸਹਿਬ ਸਿੰਘ ਅਤੇ ਹੋਰ ਸੰਗਤਾਂ ਹਾਜ਼ਰ ਸਨ।

**ਪੰਜਾਬ ਸਰਕਾਰ**
**ਟੈਂਡਰ/ਆਰਐਫਪੀ ਹਵਾਲਾ ਨੰਬਰ ਈ-ਟੈਂਡਰ :- ਐਲਜੀ/ਐਨਪੀ ਦਿੜ੍ਹਬਾ/2025-26/19**
ਨਗਰ ਪੰਚਾਇਤ, ਦਿੜ੍ਹਬਾ (ਸੰਗਰੂਰ) ਦੇ ਵਿਭਾਗ ਵੱਲੋਂ ਦਿੜ੍ਹਬਾ ਵਿਖੇ ਵੱਖ-ਵੱਖ ਵਾਰਡਾਂ ਵਿਚ ਵਿਕਾਸ ਕਾਰਜਾਂ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।
ਬੰਦ ਹੋਣ ਦੀ ਮਿਤੀ ਅਤੇ ਸਮਾਂ : 23.02.2026 ਨੂੰ ਦੁਪਹਿਰ 12.00 ਵਜੇ
ਵੇਰਵਿਆਂ ਲਈ ਲਾਗ ਆਨ ਕਰੋ : www.eproc.punjab.gov.in
ਨੋਟ : ਟੈਂਡਰ/ਆਰਐਫਪੀ ਸੂਚਨਾ ਵਿਚ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।
ਸਹੀ/- ਪ੍ਰਧਾਨ, ਨਗਰ ਪੰਚਾਇਤ, ਦਿੜ੍ਹਬਾ
ਸਹੀ/- ਕਾਰਜਕਾਰੀ ਅਧਿਕਾਰੀ, ਨਗਰ ਪੰਚਾਇਤ, ਦਿੜ੍ਹਬਾ
RO.No.PR-Advt.No. 1228/12/2025-26/8193/Dated CHD : 11/02/2026

PSPCL Punjab State Power Corporation Limited
**ਹੈਡ ਆਫਿਸ ਪੀ.ਐਸ.ਈ.ਬੀ ਦਾ ਮਾਲ ਪਟਿਆਲਾ 147001**
**ਕਾਰਪੋਰੇਟ ਇੰਡਟੀਫਿਕੇਸ਼ਨ ਨੰ: CIN-U40109PB2010SGC033813**
**ਟੈਂਡਰ ਇੰਨਕੁਆਰੀ ਨੰ: 01/2025-26 ਮਿਤੀ 10-02-2026**
ਉਪ ਮੰਡਲ ਦਫ਼ਤਰ ਸ਼ਹਿਰੀ ਨਵਾਂ ਸ਼ਹਿਰ ਲਈ 1ਨੰਬਰ ਆਉਟਸੋਰਸ ਗੱਡੀ ਕਿਰਾਏ ਤੇ ਲੈਣ ਲਈ (ਇਕ ਸਾਲ ਲਈ) ਓਪਨ ਟੈਂਡਰ ਮੰਗੇ ਜਾਂਦੇ ਹਨ।
ਗੱਡੀ 5 ਸਾਲ ਤੋਂ ਵੱਧ ਪੁਰਾਣੀ ਨਹੀਂ ਹੋਣੀ ਚਾਹੀਦੀ ਹੈ।
ਵੈਬਸਾਈਟ www.pspcl.in

| | |
|---|---|
| ਟੈਂਡਰ ਦਸਤਾਵੇਜਾਂ ਦੀ ਵਿਕਰੀ ਦੀ ਆਖਰੀ ਮਿਤੀ ਅਤੇ ਸਮਾਂ | 09-03-2026 14.00 PM |
| ਟੈਂਡਰ ਪ੍ਰਾਪਤ ਕਰਨ ਦੀ ਆਖਰੀ ਮਿਤੀ ਅਤੇ ਸਮਾਂ | 10-03-2026 10:00 AM |
| ਟੈਂਡਰ ਖੋਲ੍ਹਣ ਦੀ ਮਿਤੀ | 10-03-2026 11.30 AM |
| ਪ੍ਰਾਈਜ਼ ਬਿੱਲ ਖੋਲ੍ਹਣ ਦੀ ਮਿਤੀ | 10-03-2026 |
| ਟੈਂਡਰ ਦਸਤਾਵੇਜਾਂ ਦੀ ਕੀਮਤ | 1180/- |

ਨੋਟ :- ਕਾਰਪੋਰੇਟ ਟਰਾਂਸਪੋਰਟ ਨੀਤੀ ਅਨੁਸਾਰ ਵਿਸਤ੍ਰਿਤ ਐਨ. ਆਈ.ਟੀ./ਨਿਯਮ ਅਤੇ ਸ਼ਰਤਾਂ ਪੀ.ਐਸ.ਪੀ.ਸੀ.ਐਲ. ਦੀ ਵੈਬਸਾਈਟ (www.pspcl.in) ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ। ਕਿਸੇ ਪ੍ਰਕਾਰ ਦੀ ਸ਼ੋਧ ਅਖਵਾਰ ਵਿੱਚ ਪ੍ਰਕਾਸ਼ਿਤ ਨਹੀਂ ਕੀਤੀ ਜਾਵੇਗੀ ਅਤੇ ਅਪਡੇਟ ਲਈ ਵੈਬਸਾਈਟ (www.pspcl.in) ਨੂੰ ਨਿਯਮਿਤ ਤੌਰ ਤੇ ਦੇਖਿਆ ਜਾ ਸਕਦਾ ਹੈ।
C219/26
RO No. PR-Advt. No: 1079/12/2025-26/8189/Dated CHD 11.02.2026

PSPCL Punjab State Power Corporation Limited
ਦਫ਼ਤਰ: ਵਧੀਕ ਨਿਗਰਾਨ ਇੰਜੀਨੀਅਰ, ਕੇਂਦਰੀ ਭੰਡਾਰ ਲੁਧਿਆਣਾ 66.ਕੇ.ਵੀ. ਸਬ ਸਟੇਸ਼ਨ, ਨੇੜੇ ਕਪੂਰ ਹਸਪਤਾਲ, ਪੁਰਾਣੀ ਸਬਜੀ ਮੰਡੀ, ਜੀ.ਟੀ. ਰੋਡ ਲੁਧਿਆਣਾ ਪਿੰਨ ਕੋਡ 141008
(e-mail Ludhianacs@gmail.com) Ph. No. 0161-2742247
ਟੈਂਡਰ ਇਨਕੁਆਰੀ ਨੰ: 01/2025-26 ਮਿਤੀ 13-02-2026
ਟੈਂਡਰ ਇਨਕੁਆਰੀ
ਵਧੀਕ ਨਿਗਰਾਨ ਇੰਜੀ:/ਕੇਂਦਰੀ ਭੰਡਾਰ, ਪੰ.ਰਾ.ਪਾ.ਕਾ. ਲਿਮ ਲੁਧਿਆਣਾ ਵੱਲੋਂ ਵੱਖ-ਵੱਖ ਸਟੋਰਾਂ ਲਈ 7 ਨੰ. ਗੱਡੀਆਂ ਸਮੇਤ ਭਾਰ ਤੋਲਣ ਵਾਲੀ ਮਸ਼ੀਨ ਜਿਸਦੀ ਕਪੈਸਟੀ 200 ਕਿੱਲੋ ਹੋਵੇ (3 ਨੰ. 9 ਟਨ ਕਪੈਸਿਟੀ ਟਰੱਕ ਦੀ ਬਾਡੀ ਘੱਟੋ ਘੱਟ 20 ਫੁੱਟ ਲੰਬੀ ਹੋਵੇ), 4 ਨੰ. 6 ਟਨ ਕਪੈਸ਼ਟੀ ਅਤੇ 5 ਨੰ ਕਰੇਨਾਂ (ਘੱਟੋ ਘੱਟ ਕਪੈਸਟੀ 12 ਮੀ. ਟਨ) ਦੀ ਮੰਗ ਸਮੇਤ ਲੇਬਰ, ਜ਼ਰੂਰੀ ਔਜਾਰ, ਢੋਆ-ਢੁਆਈ, ਲਦਾਈ ਲੁਹਾਈ ਅਤੇ ਸਟੋਰ/ਟੀ.ਆਰ.ਵਾਈ ਵਿੱਚ ਪਏ ਸਮਾਨ (ਪੀ.ਸੀ.ਸੀ.ਪੋਲ, ਟਰਾਂਸਫਾਰਮਰ ਚੈਨਲ, ਐਂਗਲ, ਫਲੈਟ ਵਗੈਰਾ) ਦੀ ਸਟੈਕਿੰਗ ਕਰਨ ਵਾਸਤੇ, ਇੰਟਰ ਸਟੋਰ ਅਤੇ ਮਹਿਕਮੇ ਦੇ ਦੂਸਰੇ ਕੰਮ ਵਾਲੀਆਂ ਥਾਵਾਂ ਉੱਤੇ ਮਹਿਕਮੇ ਦੀ ਜ਼ਰੂਰਤ ਅਨੁਸਾਰ ਸਮਾਨ ਦੀ ਢੋਆ-ਢੁਆਈ (ਪੰਜਾਬ ਦੇ ਅੰਦਰ) ਲਈ ਗੱਡੀਆਂ ਉਪਲੱਬਧ ਕਰਾਉਣ ਸਬੰਧੀ। ਇਸ ਤੋਂ ਇਲਾਵਾ ਸਟੋਰ-ਟੀ.ਆਰ.ਵਾਈ ਵਿਖੇ ਜ਼ਰੂਰਤ ਅਨੁਸਾਰ ਮਹਿਕਮੇ ਦੁਆਰਾ ਵਰਤੀਆਂ ਜਾਣ ਵਾਲੀਆਂ ਗੱਡੀਆਂ ਵਿੱਚੋਂ ਸਮਾਨ ਦੀ ਲੁਹਾਈ, ਲਦਾਈ ਅਤੇ ਸਟੈਕਿੰਗ ਦਾ ਕੰਮ ਠੇਕੇਦਾਰ ਦੇ ਕੰਮ ਦੇ ਸਕੋਪ ਵਿੱਚ ਸ਼ਾਮਿਲ ਹੋਵੇਗਾ। ਸਟੋਰ ਨਾਲੋਂ ਵੱਖਰੀ ਥਾਂ ਤੇ ਸਥਿਤ ਟੀ.ਆਰ.ਵਾਈ. ਵਿਖੇ ਸਮਾਨ ਦੀ ਢੋਆ-ਢੁਆਈ, ਲਦਾਈ ਅਤੇ ਸਟੈਕਿੰਗ ਦਾ ਕੰਮ ਠੇਕੇਦਾਰ ਦੇ ਕੰਮ ਦੇ ਸਕੋਪ ਵਿੱਚ ਸ਼ਾਮਿਲ ਹੋਵੇਗਾ। ਜਿਸ ਜਗ੍ਹਾ ਤੇ ਟੀ.ਆਰ.ਵਾਈ. ਸਟੋਰ ਤੋਂ ਅਲੱਗ ਜਗ੍ਹਾ ਤੇ ਸਥਿਤ ਹੈ, ਉੱਥੇ ਅਲੱਗ ਕਰੇਨ ਉਪਲੱਬਧ ਕਰਵਾਈ ਜਾਵੇਗੀ। ਵਿਸਤ੍ਰਿਤ NIT ਅਤੇ ਸਪੈਸੀਫਿਕੇਸ਼ਨ ਲਈ https://eproc.punjab.gov.in ਤੋਂ ਮਿਤੀ: 13-02-2026 ਨੂੰ ਸ਼ਾਮ 4:00ਵਜੇ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।
ਨੋਟ: ਸ਼ਰਤਾਂ ਅਤੇ ਜੋੜ, ਜੇਕਰ ਕੋਈ ਹੋਵੇ ਤਾਂ https://eproc.punjab.gov.in 'ਤੇ ਆਨਲਾਈਨ ਪ੍ਰਕਾਸ਼ਿਤ ਕੀਤਾ ਜਾਵੇਗਾ।
C220/26
RO No. PR-Advt. No. 1079/12/2025-26/8190/Dated CHD 11.02.2026

pstcl PUNJAB STATE TRANSMISSION CORPORATION LIMITED
Corporate Identity Number: U40109PB2010SGC033814 www.pstcl.org
ਮੋਬਾਇਲ ਨੰਬਰ 96461-17804 ਅਤੇ ਈ-ਮੇਲ ਆਈ: se-tlsc-pta@pstcl.org
ਥੋੜੇ ਸਮੇਂ ਦਾ ਓਪਨ ਟੈਂਡਰ ਨੋਟਿਸ Tender Enquiry No. 22/TLSC/PTA/2025-26
**Hiring of 1 No. Outsourced vehicle (Toyota Etios/Maruti Suzuki Brezza or equivalent in price) for one years as per PSTCL Corporate Transport Policy for SE/TLSC Circle, PSTCL, Patiala. ਦਸਤਾਵੇਜ਼ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 26.02.2026 ਸਵੇਰੇ 10.00 ਵਜੇ ਤੱਕ ਅਤੇ ਟੈਂਡਰ ਖੋਲਣ ਦੀ ਮਿਤੀ 26.02.2026 ਸਵੇਰੇ 11.00 ਵਜੇ**
**ਨੋਟ: ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਕਾਰਨ ਟੈਂਡਰ ਪ੍ਰੀਕ੍ਰਿਆ ਪੂਰੀ ਨਹੀਂ ਤਾਂ ਉਸ ਕੇਸ ਵਿੱਚ ਸੋਧ ਪ੍ਰਕਾਸ਼ਿਤ ਨਹੀਂ ਕਰਵਾਈ ਜਾਵੇਗੀ। ਸੋਧ ਸਬੰਧੀ ਵੇਰਵੇ ਅਤੇ Terms and Conditions may be downloaded from PSTCL's web site www.pstcl.org.**
RO No. PR-Advt. No: 1078/12/2025-26/8185/Dated CHD: 11.02.2026

ਜਨਤਕ ਸੂਚਨਾ

ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ ਯੂ.ਟੀ., ਚੰਡੀਗੜ੍ਹ
ਵਿਸ਼ਾ: ਵਪਾਰਕ ਐਸ.ਸੀ.ਐਫ. ਨੰਬਰ 31, ਸੈਕਟਰ 18-ਸੀ, ਚੰਡੀਗੜ੍ਹ (ਸੀ.ਪੀ. 666) ਦੇ ਸੰਬੰਧ ਵਿੱਚ ਮਾਲਕੀ ਦਾ ਤਬਾਦਲਾ ਸਵਰਗੀ ਲਲਿਤ ਕੁਮਾਰ ਸੂਦ ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ 100.00% ਹਿੱਸੇ ਦੀ ਹੱਦ ਤੱਕ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ ਲਲਿਤ ਕੁਮਾਰ ਸੂਦ ਵਪਾਰਕ ਐਸ.ਸੀ.ਐਫ. ਨੰਬਰ 31, ਸੈਕਟਰ 18-ਸੀ ਚੰਡੀਗੜ੍ਹ ਦੇ 100.00% ਹਿੱਸੇ ਦੀ ਹੱਦ ਤੱਕ ਮਾਲਕ/ਪੱਟੇਦਾਰ ਹਨ।
ਵਿਸ਼ਾਲ ਸੂਦ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ. ਲਲਿਤ ਕੁਮਾਰ ਸੂਦ ਦੀ ਮਿਆਦ 15/10/2025 ਨੂੰ ਸਮਾਪਤ ਹੋ ਗਈ ਸੀ ਅਤੇ ਉਸਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:-
(1) ਵਿਸ਼ਾਲ ਸੂਦ ਪੁੱਤਰ
(2) ਦੀਪਤੀ ਸੂਦ ਪੁੱਤਰੀ
(3) ਵਿਭਾਸੂਦ- ਪੁੱਤਰੀ
(4) ਊਸ਼ਾਸੂਦ-ਪਤਨੀ
ਹੁਣ, ਵਿਸ਼ਾਲ ਸੂਦ ਨੇ ਵਪਾਰਕ ਐਸਸੀਐਫ ਨੰਬਰ 31, ਸੈਕਟਰ 18-ਸੀ, ਚੰਡੀਗੜ੍ਹ ਦੇ ਸੰਬੰਧ ਵਿੱਚ, ਮਰਹੂਮ ਲਲਿਤ ਕੁਮਾਰ ਸੂਦ ਦੁਆਰਾ ਆਪਣੇ ਹੱਕ ਵਿੱਚ ਰੱਖੇ ਗਏ 100.00% ਹਿੱਸੇ ਦੀ ਹੱਦ ਤੱਕ ਮਾਲਕੀ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ, ਮਿਤੀ 09-10-2025 ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ। ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ।
ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕਰਨ ਵਾਲੇ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਇਸਨੂੰ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦਾ ਇੰਤਕਾਲ ਉਪਰੋਕਤ ਲਾਭਪਾਤਰੀ ਦੇ ਨਾਮ 'ਤੇ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
ਰਾਜੀਵ ਤਿਵਾੜੀ,
ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।

**ਪੰਜਾਬ ਸਰਕਾਰ**
**ਟੈਂਡਰ ਸੂਚਨਾ ਹਵਾਲਾ ਨੰਬਰ 2026/2816 ਮਿਤੀ 09.02.2026**
ਐਸਪੀਓ ਵਿਭਾਗ, ਪੀਏਯੂ, ਲੁਧਿਆਣਾ ਵੱਲੋਂ ਨਿਮਨਲਿਖਤ ਖਰੀਦ ਦੇ ਲਈ ਆਨਲਾਈਨ ਈ-ਟੈਂਡਰ ਮੰਗੇ ਜਾਂਦੇ ਹਨ:

| | |
|---|---|
| 1 | ਐਂਟੋਮੋਲਾਜੀ ਵਿਭਾਗ, ਪੀਏਯੂ ਲੁਧਿਆਣਾ ਲਈ ਤਰਲ ਕ੍ਰੋਮੈਟੋਗ੍ਰਾਫ ਟ੍ਰਿਪਲ ਕੋਆਡਰੂਪੋਲ ਮਾਸ ਸਪੈਕਟ੍ਰੋਮੀਟਰ ਸਿਸਟਮ (ਐਲਸੀਐਮਐਸ/ਐਮਐਸ) ਦੀ ਖਰੀਦ। |

ਬੰਦ ਹੋਣ ਦੀ ਮਿਤੀ ਅਤੇ ਸਮਾਂ: 11.03.2026 ਨੂੰ ਸਵੇਰੇ 11.00 ਵਜੇ
ਵੇਰਵਿਆਂ ਲਈ ਲਾਗ ਆਨ ਕਰੋ: www.eproc.punjab.gov.in ਅਤੇ www.pau.edu
ਨੋਟ: ਈ-ਟੈਂਡਰ ਸੂਚਨਾ ਵਿਚ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।
ਸਹੀ/-ਪ੍ਰਬੰਧਕੀ ਸਹਿ ਲੇਖਾ ਅਧਿਕਾਰੀ,
ਸਟੋਰ ਖਰੀਦ ਸੰਸਥਾ
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ
(ਈ-ਮੇਲ : spoaao@pau.edu)
RO.No.PR-Advt.No.:1627/12/2025-26/8167/Dated CHD : 11/02/2026

**ਪੰਜਾਬ ਸਰਕਾਰ**
**ਟੈਂਡਰ ਸੂਚਨਾ ਹਵਾਲਾ ਨੰਬਰ 2026/2823 ਮਿਤੀ 10.02.2026**
ਐਸਪੀਓ ਵਿਭਾਗ, ਪੀਏਯੂ, ਲੁਧਿਆਣਾ ਵੱਲੋਂ ਨਿਮਨਲਿਖਤ ਸੇਵਾਵਾਂ ਦੇ ਲਈ ਆਨਲਾਈਨ ਈ-ਟੈਂਡਰ ਮੰਗੇ ਜਾਂਦੇ ਹਨ:
ਕਾਮਨ ਇੰਕੁਬੇਸ਼ਨ ਸੈਂਟਰ ਕੇਵੀਕੇ ਰੌਣੀ, ਪਟਿਆਲਾ ਦਾ ਸੰਚਾਲਨ ਅਤੇ ਪ੍ਰਬੰਧਨ
ਬੰਦ ਹੋਣ ਦੀ ਮਿਤੀ ਅਤੇ ਸਮਾਂ: 23.02.2026 ਨੂੰ ਸਵੇਰੇ 11.00 ਵਜੇ
ਵੇਰਵਿਆਂ ਲਈ ਲਾਗ ਆਨ ਕਰੋ: www.eproc.punjab.gov.in ਅਤੇ www.pau.edu
ਨੋਟ: ਈ-ਟੈਂਡਰ ਸੂਚਨਾ ਵਿਚ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।
ਸਹੀ/-ਪ੍ਰਬੰਧਕੀ ਸਹਿ ਲੇਖਾ ਅਧਿਕਾਰੀ,
ਸਟੋਰ ਖਰੀਦ ਲੁਧਿਆਣਾ
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ
(ਈ-ਮੇਲ : spoaao@pau.edu)
RO.No.PR-Advt.No.:1627/12/2025-26/8168/Dated CHD : 11/02/2026

**ਨਗਰ ਨਿਗਮ ਚੰਡੀਗੜ੍ਹ**
**ਟੈਂਡਰ ਸੂਚਨਾ**

| ਲ. ਨੰ. | ਕੰਮ ਦਾ ਨਾਮ | ਬੋਲੀ ਜਮ੍ਹਾਂ ਸੂਚੀ (ਆਨਲਾਈਨ) | ਤਕਨੀਕੀ ਬੋਲੀ ਦਾ ਖੁੱਲ੍ਹਣਾ (ਆਨਲਾਈਨ) |
|---|---|---|---|
| | ਕਾਰਜਕਾਰੀ ਇੰਜੀਨੀਅਰ - ਸੜਕ ਮੰਡਲ ਨੰ. 1 | | |
| 1. | ਪਿੰਡ ਬੁੜੈਲ, ਚੰਡੀਗੜ੍ਹ ਅੰਦਰ ਜਨ ਸਿਹਤ ਸੇਵਾਵਾਂ ਦੀ ਰੱਦੋਬਦਲ ਉਪਰੰਤ 80 ਐਮਐਮ ਮੋਟੇ ਪੇਵਰ ਬਲਾਕਾਂ ਦੀ ਵਰਤੋਂ ਕਰਦੇ ਹੋਏ ਅੰਦਰੂਨੀ ਬਕਾਇਆ ਗਲੀਆਂ ਦਾ ਨਿਰਮਾਣ। ਕੈਪੀਟਲ ਹੈੱਡ : ਸੜਕ/ਪਾਰਕਿੰਗ ਥਾਵਾਂ ਅਤੇ ਬੁਨਿਆਦੀ ਢਾਂਚਾ ਸਹੂਲਤਾਂ ਦਾ ਸੁਧਾਰ। ਅਨੁਮਾਨਤ ਲਾਗਤ:ਰੁ.90.44 ਲੱਖ, ਬਿਆਨਾ ਰਕਮ : ਰੁ. 1,80,888/- ਸਮਾਂ ਹੱਦ :06 ਮਹੀਨੇ | 13.02.2026 To 20.02.2026 upto 12.00 noon | 20.02.2026 at 12.00 noon |

ਨੋਟ :- ਸਾਰੇ ਹੋਰ ਨਿਯਮ ਅਤੇ ਸ਼ਰਤਾਂ ਅਤੇ ਮੁਕੰਮਲ ਡੀਐਨਆਈਟੀ ਵੈਬਸਾਈਟ https://etenders.chd.nic.in 'ਤੇ ਅਪਲੋਡ ਕੀਤੇ ਗਏ ਹਨ।
ਕਾਰਜਕਾਰੀ ਇੰਜੀਨੀਅਰ
ਸੜਕ ਮੰਡਲ ਨੰ. 1, ਕਮਰਾ ਨੰ. 304, ਐਮਸੀ, ਚੰਡੀਗੜ੍ਹ (ਦਫ਼ਤਰ) 0172-5021626



ਰੋਜ਼ਾਨਾ ਚੜ੍ਹਦੀਕਲਾ
# ਸਿਹਤ ਖ਼ਬਰਨਾਮਾ



## ਸੁਆਦ ਹੀ ਨਹੀਂ ਸਿਹਤ ਦਾ ਵੀ ਖ਼ਜ਼ਾਨਾ ਹੈ ਚਾਕਲੇਟ !

ਚਾਕਲੇਟ ਨੂੰ ਅਕਸਰ ਸਿਰਫ਼ ਇੱਕ ਮਿੱਠਾ ਟਰੀਟ ਮੰਨਿਆ ਜਾਂਦਾ ਹੈ, ਪਰ ਜਦੋਂ ਸਹੀ ਮਾਤਰਾ ਅਤੇ ਸਹੀ ਤਰੀਕੇ ਨਾਲ ਖਪਤ ਕੀਤਾ ਜਾਂਦਾ ਹੈ, ਤਾਂ ਚਾਕਲੇਟ ਸਿਹਤ ਲਈ ਵੀ ਫਾਇਦੇਮੰਦ ਸਾਬਤ ਹੋ



ਸਕਦੀ ਹੈ। ਡਾਰਕ ਚਾਕਲੇਟ ਵਿੱਚ ਮੌਜੂਦ ਪੌਸ਼ਟਿਕ ਤੱਤ, ਖਾਸ ਕਰਕੇ, ਸਰੀਰ ਅਤੇ ਮਨ ਦੋਵਾਂ ਲਈ ਫਾਇਦੇਮੰਦ ਹੁੰਦੇ ਹਨ। 70% ਜਾਂ ਇਸ ਤੋਂ ਵੱਧ ਕੋਕੋ ਵਾਲੀ ਡਾਰਕ ਚਾਕਲੇਟ ਸਿਹਤ ਲਈ ਸਭ ਤੋਂ ਵਧੀਆ ਮੰਨੀ ਜਾਂਦੀ ਹੈ।ਚਾਕਲੇਟ ਨਾ ਸਿਰਫ਼ ਸੁਆਦ ਦਾ ਖਜ਼ਾਨਾ ਹੈ, ਸਗੋਂ ਸਿਹਤ ਦਾ ਖਜ਼ਾਨਾ ਵੀ ਹੈ, ਇੱਕੋ ਇੱਕ ਸ਼ਰਤ ਇਹ ਹੈ ਕਿ ਇਸਦਾ ਸੇਵਨ ਸਹੀ ਤਰੀਕੇ ਅਤੇ ਸਹੀ ਮਾਤਰਾ ਵਿੱਚ ਕੀਤਾ ਜਾਵੇ। ਆਪਣੀ ਖੁਰਾਕ ਵਿੱਚ ਡਾਰਕ ਚਾਕਲੇਟ ਨੂੰ ਸ਼ਾਮਲ ਕਰਕੇ, ਤੁਸੀਂ ਆਪਣੇ ਮੂਡ, ਦਿਲ ਅਤੇ ਮਨ ਨੂੰ ਖੁਸ਼ ਰੱਖ ਸਕਦੇ ਹੋ।

**ਦਿਮਾਗ ਨੂੰ ਤੇਜ਼ ਰੱਖਦਾ ਹੈ ;** ਚਾਕਲੇਟ ਦਿਮਾਗ ਵਿੱਚ ਖੂਨ ਦੇ ਪ੍ਰਵਾਹ ਨੂੰ ਵਧਾਉਂਦਾ ਹੈ, ਜੋ ਯਾਦਦਾਸ਼ਤ ਅਤੇ ਧਿਆਨ ਕੇਂਦਰਿਤ ਕਰਦਾ ਹੈ।

**ਦਿਲ ਦੀ ਸਿਹਤ ਲਈ ਫਾਇਦੇਮੰਦ ;** ਡਾਰਕ ਚਾਕਲੇਟ ਵਿੱਚ ਮੌਜੂਦ ਫਲੇਵੋਨੋਇਡ ਖੂਨ ਦੇ ਗੇੜ ਨੂੰ ਬਿਹਤਰ ਬਣਾਉਂਦੇ ਹਨ ਅਤੇ ਦਿਲ ਦੀ ਬਿਮਾਰੀ ਦੇ ਜੋਖਮ ਨੂੰ ਘਟਾ ਸਕਦੇ ਹਨ।

**ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ;** ਡਾਰਕ ਚਾਕਲੇਟ ਨੂੰ ਸੰਜਮ ਵਿੱਚ ਖਾਣ ਨਾਲ ਬਲੱਡ ਪ੍ਰੈਸ਼ਰ ਬਣਾਈ ਰੱਖਣ ਵਿੱਚ ਮਦਦ ਮਿਲ ਸਕਦੀ ਹੈ।

**ਚਮੜੀ ਲਈ ਵੀ ਫਾਇਦੇਮੰਦ ;** ਚਾਕਲੇਟ ਵਿੱਚ ਮੌਜੂਦ ਐਂਟੀਆਕਸੀਡੈਂਟ ਚਮੜੀ ਨੂੰ ਫ੍ਰੀ ਰੈਡੀਕਲਸ ਤੋਂ ਬਚਾਉਂਦੇ ਹਨ ਅਤੇ ਇਸਦੀ ਚਮਕ ਵਧਾਉਂਦੇ ਹਨ।

**ਐਲਰਜੀ ਵਧਾਉਣ ਵਿੱਚ ਮਦਦ ਕਰਦਾ ਹੈ ;** ਚਾਕਲੇਟ ਤੁਰੰਤ ਊਰਜਾ ਪ੍ਰਦਾਨ ਕਰਦਾ ਹੈ, ਜਦੋਂ ਤੁਸੀਂ ਥੱਕ ਜਾਂਦੇ ਹੋ ਤਾਂ ਇਹ ਇੱਕ ਚੰਗਾ ਵਿਕਲਪ ਬਣ ਜਾਂਦਾ ਹੈ।

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰਾਏਪੁਰ , ਬਹਾਦਰਗੜ੍ਹ ਵਿਖੇ ਆਯੋਜਿਤ ਕਰਵਾਇਆ ਸ਼ਾਨਦਾਰ ਸਲਾਨਾ ਖੇਡ ਸਮਾਗਮ

ਪਟਿਆਲਾ, 11 ਫਰਵਰੀ (ਚ.ਨ.ਸ.) : ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਰਾਏਪੁਰ ਬਹਾਦਰਗੜ੍ਹ ਵਿੱਚ ਸਾਲਾਨਾ ਖੇਡ ਸਮਾਗਮ ਬੜੇ ਹੀ ਉਤਸ਼ਾਹ ਅਤੇ ਜੋਸ਼ ਨਾਲ ਕਰਵਾਇਆ ਗਿਆ। ਇਸ ਖੇਡ ਮੁਕਾਬਲੇ ਵਿੱਚ ਸਕੂਲ ਦੇ ਚਾਰੇ ਹਾਊਸਾਂ — ਆਜ਼ਾਦ ਹਾਊਸ, ਕਲਾਮ ਹਾਊਸ, ਨਹਿਰੂ ਹਾਊਸ ਅਤੇ ਪਟੇਲ ਹਾਊਸ ਦੇ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਭਾਗ ਲਿਆ।

ਮੁਕਾਬਲਿਆਂ ਦੌਰਾਨ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਅਜ਼ਾਦ ਹਾਊਸ ਨੇ 8 ਗੋਲਡ ਮੈਡਲ, 4 ਸਿਲਵਰ ਮੈਡਲ , ਕਾਂਸਾ 1 ਮੈਡਲ ਜਿੱਤ ਕੇ ਪਹਿਲਾ ਸਥਾਨ ਹਾਸਲ ਕੀਤਾ। ਨਹਿਰੂ ਹਾਊਸ ਨੇ ਗੋਲਡ 4, ਸਿਲਵਰ 6 ,ਕਾਂਸਾ 2 , ਮੈਡਲ ਜਿੱਤੇ। ਕਲਾਮ ਹਾਊਸ ਨੇ ਗੋਲਡ 1, ਸਿਲਵਰ 1 ਅਤੇ ਕਾਂਸਾ 5 ਮੈਡਲ ਜਿੱਤੇ। ਪਟੇਲ ਹਾਊਸ ਨੇ ਗੋਲਡ 1 ,ਸਿਲਵਰ 3 ਅਤੇ 6 ਕਾਂਸੀ ਦੇ ਮੈਡਲ ਜਿੱਤੇ। ਸਭ ਤੋਂ



ਵਧੀਆ ਪ੍ਰਦਰਸ਼ਨ ਕਰਦਿਆਂ ਆਜ਼ਾਦ ਹਾਊਸ ਨੇ ਓਵਰਆਲ ਜੇਤੂ ਟਰਾਫੀ ਆਪਣੇ ਨਾਂ ਕੀਤੀ।

ਸਮਾਗਮ ਦੇ ਅੰਤ ਵਿੱਚ ਸਕੂਲ ਦੇ ਡਾਇਰੈਕਟਰ ਸੇਵਾ ਰਤਨ ਡਾ: ਜਸਵਿੰਦਰ ਕੌਰ ਦਰਦੀ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਖੇਡਾਂ ਵਿਦਿਆਰਥੀਆਂ ਦੇ ਸ਼ਰੀਰਿਕ ਅਤੇ ਮਾਨਸਿਕ ਵਿਕਾਸ ਲਈ ਬਹੁਤ ਜ਼ਰੂਰੀ ਹਨ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਮੋਨਿਕਾ ਵਾਲੀਆਂ ਜੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜ਼ਿੰਦਗੀ ਵਿੱਚ ਅੱਗੇ ਵੱਧਣ ਲਈ ਅਨੁਸ਼ਾਸਨ, ਮਿਹਨਤ ਅਤੇ ਟੀਮ ਸਪਿਰਟ ਬਹੁਤ ਮਹੱਤਵਪੂਰਨ ਹਨ। ਸਮਾਗਮ ਦੇ ਅੰਤ ਵਿੱਚ ਸਾਰੇ ਜੇਤੂਆਂ ਨੂੰ ਇਨਾਮ ਵੰਡੇ ਗਏ ਅਤੇ ਮਾਹੌਲ ਤਾੜੀਆਂ ਨਾਲ ਗੂੰਜ ਉੱਠਿਆ।

## ਕੈਨੇਡਾ 'ਚ 'ਸਿੱਖਸ ਫਾਰ ਜਸਟਿਸ' ਸੰਗਠਨ 'ਤੇ ਲੱਗੀ ਪਾਬੰਦੀ

ਓਟਾਵਾ , 11 ਫਰਵਰੀ (ਚ.ਨ.ਸ.) : ਭਾਰਤ ਨੂੰ ਕੈਨੇਡਾ ਵਿਚ ਵੱਡੀ ਕੂਟਨੀਤਕ ਕਾਮਯਾਬੀ ਮਿਲੀ ਹੈ। ਭਾਰਤ ਵਿਚ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ 'ਸਿੱਖਸ ਫਾਰ ਜਸਟਿਸ' (ਐੱਸ. ਐੱਫ. ਜੇ.) 'ਤੇ ਹੁਣ ਕੈਨੇਡਾ ਵਿਚ ਵੀ ਪਾਬੰਦੀ ਲੱਗ ਗਈ ਹੈ। ਕੈਨੇਡਾ ਨੇ ਐੱਸ. ਐੱਫ. ਜੇ. ਨੂੰ ਅੱਤਵਾਦੀ ਸੰਗਠਨ ਐਲਾਨ ਦਿੱਤਾ ਹੈ। ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ (ਐੱਨ. ਐੱਸ. ਏ.) ਅਜੀਤ ਡੋਭਾਲ ਦੀ ਯਾਤਰਾ ਦੇ ਮਹਿਜ਼ ਤਿੰਨ ਦਿਨਾਂ ਦੇ ਅੰਦਰ ਹੀ ਕੈਨੇਡਾ ਨੇ ਖ਼ਾਲਿਸਤਾਨੀ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਦੇ 'ਸਿੱਖਸ




ਫਾਰ ਜਸਟਿਸ' (ਐੱਸ. ਐੱਫ. ਜੇ.) ਨੂੰ ਅੱਤਵਾਦੀ ਸ਼੍ਰੇਣੀ ਵਿਚ ਪਾ ਦਿੱਤਾ ਹੈ। ਕੈਨੇਡਾ ਵਿਚ ਸੰਗਠਨ ਨੂੰ ਅੱਤਵਾਦੀ ਸ਼੍ਰੇਣੀ 'ਚ ਆਉਣ ਦਾ ਮਤਲਬ ਹੈ ਕਿ ਐੱਸ. ਐੱਫ. ਜੇ. ਦੀਆਂ ਸਾਰੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਣਗੀਆਂ ਅਤੇ ਉਸ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਗਤੀਵਿਧੀਆਂ 'ਤੇ ਪੂਰੀ ਤਰ੍ਹਾਂ ਪਾਬੰਦੀ ਲੱਗ ਜਾਵੇਗੀ। ਭਾਰਤ ਲੰਬੇ ਸਮੇਂ ਤੋਂ ਐੱਸ. ਐੱਫ. ਜੇ. ਨੂੰ ਵਿਨਾਸ਼ਕਾਰੀ ਅਤੇ ਵੱਖਵਾਦੀ ਸੰਗਠਨ ਦੱਸਦਾ ਆ ਰਿਹਾ ਹੈ, ਜੋ ਪੰਜਾਬ ਵਿਚ ਵੱਖਰੇ ਦੇਸ਼ ਦੀ ਮੰਗ ਨੂੰ ਲੈ ਕੇ ਸਰਗਰਮ ਹੈ। ਭਾਰਤ ਦਾ ਕਹਿਣਾ ਸੀ ਕਿ ਇਸ ਸੰਗਠਨ ਦੀਆਂ ਗਤੀਵਿਧੀਆਂ ਦੋਵਾਂ ਦੇਸ਼ਾਂ ਵਿਚਾਲੇ ਵਿਸ਼ਵਾਸ ਨੂੰ ਪ੍ਰਭਾਵਿਤ ਕਰਦੀਆਂ ਹਨ।

## ਮਾਂ ਬਗਲਾਮੁਖੀ ਧਾਮ ਵਿਖੇ 243 ਘੰਟੇ ਚੱਲਦੇ ਮਹਾਯੱਗ ਦਾ ਉਦਘਾਟਨ

### ਮਹਾਯੱਗ ਧਾਰਮਿਕ ਸੇਵਾ, ਤਿਆਗ ਅਤੇ ਲੋਕ ਭਲਾਈ ਲਈ ਪ੍ਰੇਰਿਤ ਕਰਦਾ ਹੈ: ਮਹੰਤ ਪ੍ਰਵੀਨ ਚੌਧਰੀ

ਲੁਧਿਆਣਾ, 11 ਫਰਵਰੀ (ਕਰਨੈਲ ਸਿੰਘ ਐੱਮ.ਏ.) ਪੱਖੋਵਾਲ ਰੋਡ 'ਤੇ ਸਥਿਤ ਮਾਂ ਬਗਲਾਮੁਖੀ ਧਾਮ ਵਿਖੇ 243 ਘੰਟੇ ਚੱਲਦੇ ਮਹਾਯੱਗ ਦਾ ਉਦਘਾਟਨ ਮਹੰਤ ਪ੍ਰਵੀਨ ਚੌਧਰੀ ਦੀ ਮੌਜੂਦਗੀ ਵਿੱਚ ਕੀਤਾ ਗਿਆ। ਮਾਂ ਬਗਲਾਮੁਖੀ ਦੇ ਮਨਪਸੰਦ ਪੀਲੇ ਰੰਗ ਵਿੱਚ ਸਜਾਏ ਗਏ, ਮੰਦਰ ਦੀ ਸ਼ੁਰੂਆਤ ਕੰਜਕ ਪੂਜਨ (ਦੇਵੀ ਦੀ ਪੂਜਾ) ਅਤੇ ਮਾਂ ਬਗਲਾਮੁਖੀ ਦੀ ਬ੍ਰਹਮ ਸੁੰਦਰਤਾ ਨਾਲ ਹੋਈ। ਵੈਦਿਕ ਮੰਤਰਾਂ ਅਤੇ ਵਿਦਵਾਨ ਬ੍ਰਾਹਮਣਾਂ ਦੁਆਰਾ ਸ਼ੰਖ ਵਜਾਉਣ ਦੇ ਨਾਲ, ਮਹੰਤ ਪ੍ਰਵੀਨ ਨੇ ਮੁੱਖ ਯੱਗ ਮਾਂ ਦੇ ਨਾਲ ਭੇਟਾਂ ਚੜ੍ਹਾ ਕੇ ਅਖੰਡ ਮਹਾਯੱਗ ਦਾ ਉਦਘਾਟਨ ਕੀਤਾ। ਮਹਾਯੱਗ ਦੇ ਪਹਿਲੇ ਦਿਨ, ਸਮਾਜਿਕ, ਧਾਰਮਿਕ ਅਤੇ ਸਮਾਜਿਕ ਵਰਗਾਂ ਦੇ ਪ੍ਰਤੀਨਿਧੀਆਂ ਸਮੇਤ ਹਜ਼ਾਰਾਂ ਸ਼ਰਧਾਲੂਆਂ ਨੇ ਭੇਟਾਂ ਚੜ੍ਹਾਈਆਂ ਅਤੇ ਉਨ੍ਹਾਂ ਦੇ ਜੀਵਨ ਨੂੰ ਖੁਸ਼ੀਆਂ ਨਾਲ ਭਰੇ ਰਹਿਣ ਲਈ ਪ੍ਰਾਰਥਨਾ ਕੀਤੀ। ਇਸ ਤੋਂ ਇਲਾਵਾ, ਧਾਮ ਨੇ ਖੂਨਦਾਨ ਕਰਕੇ ਸੇਵਾ ਦੇ ਮਹਾਕੁੰਭ ਦੀ ਸ਼ੁਰੂਆਤ ਵੀ ਕੀਤੀ, ਅਤੇ ਦੇਸ਼ ਅਤੇ ਪੰਜਾਬ ਦੀ ਖੁਸ਼ਹਾਲੀ ਲਈ ਪ੍ਰਾਰਥਨਾਵਾਂ ਕੀਤੀਆਂ ਗਈਆਂ। ਧਾਮ ਦੀਆਂ ਮਹਿਲਾ ਵਲੰਟੀਅਰਾਂ ਨੇ ਮਾਂ ਬਗਲਾਮੁਖੀ ਨੂੰ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਪੀਲਾ ਚੋਗਾ ਭੇਟ ਕੀਤਾ। ਸ਼ਰਧਾਲੂਆਂ ਨੇ ਧਾਮ ਵਿੱਚ ਪ੍ਰਵੇਸ਼ ਕਰਦੇ ਸਮੇਂ ਤਿਲਕ (ਚੰਦਰਮਾ ਦਾ ਨਿਸ਼ਾਨ) ਨਾਲ ਸ਼ਰਧਾਲੂਆਂ ਦਾ ਸਵਾਗਤ ਕੀਤਾ। ਮਾਂ ਬਗਲਾਮੁਖੀ ਨੂੰ



ਚੜ੍ਹਾਏ ਗਏ ਚੜ੍ਹਾਵੇ ਨੂੰ ਲੰਗਰ (ਇੱਕ ਪਕਵਾਨ) ਦੇ ਰੂਪ ਵਿੱਚ ਸ਼ਰਧਾਲੂਆਂ ਵਿੱਚ ਵੰਡਿਆ ਗਿਆ। ਮਹੰਤ ਪ੍ਰਵੀਨ ਚੌਧਰੀ ਨੇ ਮਹਾਯੱਗ ਦੀ ਮਹੱਤਤਾ ਬਾਰੇ ਦੱਸਦੇ ਹੋਏ ਕਿਹਾ ਕਿ ਅਧਿਆਤਮਿਕ ਦ੍ਰਿਸ਼ਟੀਕੋਣ ਤੋਂ, ਮਹਾਯੱਗ ਸਵੈ-ਸ਼ੁੱਧੀ ਦਾ ਇੱਕ ਸਾਧਨ ਹੈ। ਯੱਗ ਸਾਨੂੰ ਸੰਜਮ, ਅਨੁਸ਼ਾਸਨ ਅਤੇ ਕਰਤੱਵ ਸਿਖਾਉਂਦਾ ਹੈ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਮਨੁੱਖਤਾ ਦਾ ਸੱਚਾ ਧਰਮ ਸੇਵਾ, ਤਿਆਗ ਅਤੇ ਲੋਕ ਭਲਾਈ ਵਿੱਚ ਹੈ। ਜੇਕਰ ਅਸੀਂ ਤਿਆਗ ਦੇ ਤੱਤ, ਭਾਵ, ਤਿਆਗ, ਸੇਵਾ ਅਤੇ ਭਲਾਈ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਸ਼ਾਮਲ ਕਰੀਏ, ਤਾਂ ਇੱਕ ਸਦਭਾਵਨਾ ਪੂਰਨ, ਸ਼ਾਂਤੀਪੂਰਨ ਅਤੇ ਮਜ਼ਬੂਤ ਸਮਾਜ ਦੀ ਸਿਰਜਣਾ ਯਕੀਨੀ ਤੌਰ @ਤੇ ਸੰਭਵ ਹੈ। ਮੁੱਖ ਸੇਵਾਦਾਰ ਮਨਪ੍ਰੀਤ ਛੱਤਵਾਲ ਨੇ ਅਖੰਡ ਮਹਾਯੱਗ ਦੀ ਸ਼ੁਰੂਆਤ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਅਖੰਡ ਮਹਾਯੱਗ ਆਪਸੀ ਪਿਆਰ ਅਤੇ ਸਦਭਾਵਨਾ ਦਾ ਪ੍ਰਤੀਕ ਬਣੇਗਾ। ਇਸ ਮੌਕੇ ਵਲੰਟੀਅਰ ਨਵਜੋਤ ਛਤਵਾਲ, ਕਰਨ ਸ਼ਾਂਡਿਲਿਆ, ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਮੋਹਿਤ ਸੂਦ, ਰਾਣਾ ਰਣਜੀਤ ਸਿੰਘ, ਦਿਨੇਸ਼ ਰੌਲੀ, ਵਰੁਣ ਜੈਨ, ਪ੍ਰਸ਼ੋਤਮ ਚੌਧਰੀ, ਬੌਬੀ ਮੱਕੜ, ਗੁਨੀਤ ਖੇੜਾ, ਗੌਤਮ ਸਚਦੇਵਾ, ਨਰਿੰਦਰ ਸਿੰਘ ਮਹਾਜਨ, ਅਰਜੁਨ ਮਹਾਜਨ, ਅਰਜੁਨ ਰਾਜਵੀਰ, ਸੌਰਵੀਰ ਸਿੰਘ, ਚੇਤਨ ਟੰਡਨ, ਇਕਬਾਲ ਸਿੰਘ, ਵਰੁਣ ਦੱਤ, ਅਜੈ ਜੈਨ, ਰਾਹੁਲ ਆਦਿ ਹਾਜ਼ਰ ਸਨ।

## ਕੋਵਿਡ ਦੌਰਾਨ 55 ਅਰਬ ਡਾਲਰ ਦੀ 'ਮਨੀ-ਪ੍ਰਿੰਟਿੰਗ' 'ਤੇ ਸਰਕਾਰ ਦੀ ਵੱਡੀ ਕਾਰਵਾਈ : ਸੁਤੰਤਰ ਜਾਂਚ ਦਾ ਐਲਾਨ

ਔਕਲੈਂਡ, 11 ਫਰਵਰੀ (ਚ.ਨ.ਸ.) : ਨਿਊਜ਼ੀਲੈਂਡ ਦੀ ਵਿੱਤ ਮੰਤਰੀ ਨਿਕੋਲਾ ਵਿਲਿਸ ਨੇ ਕੋਵਿਡ-19 ਮਹਾਂਮਾਰੀ ਦੌਰਾਨ ਰਿਜ਼ਰਵ ਬੈਂਕ ਆਫ ਨਿਊਜ਼ੀਲੈਂਡ ਵੱਲੋਂ ਲਏ ਗਏ ਫੈਸਲਿਆਂ ਦੀ ਅਚਨਚੇਤ ਸੁਤੰਤਰ ਜਾਂਚ ਕਰਵਾਉਣ ਦਾ ਐਲਾਨ ਕੀਤਾ ਹੈ। ਇਸ ਜਾਂਚ ਦਾ ਮੁੱਖ ਕੇਂਦਰ ਉਸ ਸਮੇਂ ਦੇ 55 ਅਰਬ ਡਾਲਰ ਦੇ 'ਮਨੀ-ਪ੍ਰਿੰਟਿੰਗ' (ਨੋਟ ਛਾਪਣ) ਦੇ ਪ੍ਰੋਗਰਾਮ 'ਤੇ ਹੋਵੇਗਾ।

**ਮੁੱਖ ਨੁਕਤੇ:** ਵੱਡਾ ਘਾਟਾ: ਕੋਵਿਡ ਦੌਰਾਨ ਅਰਥਚਾਰੇ ਨੂੰ ਸੰਭਾਲਣ ਲਈ ਚਲਾਏ ਗਏ ਇਸ ਪ੍ਰੋਗਰਾਮ ਕਾਰਨ ਟੈਕਸ ਦਾਤਾਵਾਂ ਨੂੰ ਲਗਭਗ 10.3 ਅਰਬ ਡਾਲਰ ਦਾ ਨੁਕਸਾਨ ਹੋਇਆ ਹੈ। ਇਹ ਨੁਕਸਾਨ ਕ੍ਰਾਈਸਟਚਰਚ ਭੂਚਾਲ ਦੇ ਕੁੱਲ ਖਰਚੇ ਦੇ ਅੱਧੇ ਤੋਂ ਵੀ ਵੱਧ ਹੈ।




**ਮਹਿੰਗਾਈ ਅਤੇ ਜਾਇਦਾਦ ਦੀਆਂ ਕੀਮਤਾਂ:** ਮੰਤਰੀ ਵਿਲਿਸ ਅਨੁਸਾਰ, ਭਾਵੇਂ ਇਸ ਕਦਮ ਨੇ ਨੌਕਰੀਆਂ ਬਚਾਈਆਂ, ਪਰ ਇਸ ਕਾਰਨ ਦੇਸ਼ ਵਿੱਚ ਰਿਕਾਰਡ ਤੋੜ ਮਹਿੰਗਾਈ ਵਧੀ ਅਤੇ ਇੱਕ ਹੀ ਸਾਲ ਵਿੱਚ ਘਰਾਂ ਦੀਆਂ ਕੀਮਤਾਂ ਵਿੱਚ 30% ਦਾ ਭਾਰੀ ਉਛਾਲ ਆਇਆ।

**ਜਾਂਚ ਦਾ ਮਕਸਦ:** ਸਰਕਾਰ ਇਹ ਸਮਝਣਾ ਚਾਹੁੰਦੀ ਹੈ ਕਿ ਭਵਿੱਖ ਵਿੱਚ ਅਜਿਹੇ ਸੰਕਟਾਂ ਸਮੇਂ ਬੈਂਕ ਨੂੰ ਕਿਵੇਂ ਕੰਮ ਕਰਨਾ ਚਾਹੀਦਾ ਹੈ। ਜਾਂਚ ਵਿੱਚ ਬੈਂਕ ਦੀ ਮੋਨੇਟਰੀ ਪਾਲਿਸੀ ਕਮੇਟੀ ਦੇ ਫੈਸਲਿਆਂ ਅਤੇ ਸਰਕਾਰ ਨਾਲ ਤਾਲਮੇਲ ਦੀ ਸਮੀਖਿਆ ਕੀਤੀ ਜਾਵੇਗੀ।

**ਸੁਤੰਤਰ ਮਾਹਰ:** ਇਸ ਜਾਂਚ ਦੀ ਜ਼ਿੰਮੇਵਾਰੀ ਦੋ ਅੰਤਰਰਾਸ਼ਟਰੀ ਮਾਹਰਾਂ, ਅਥਾਨਾਸੀਓਸ ਆਰਫਾਨਾਈਡਸ (ਸਾਈਪ੍ਰਸ ਦੇ ਕੇਂਦਰੀ ਬੈਂਕ ਦੇ ਸਾਬਕਾ ਗਵਰਨਰ) ਅਤੇ ਡੇਵਿਡ ਆਰਚਰ (ਰਿਜ਼ਰਵ ਬੈਂਕ ਦੇ ਸਾਬਕਾ ਸਹਾਇਕ ਗਵਰਨਰ) ਨੂੰ ਸੌਂਪੀ ਗਈ ਹੈ।

### ਪਤੰਜਲੀ ਸ਼ਹਿਦ 'ਤੇ ਖੋਜ ਇੱਕ ਅੰਤਰਰਾਸ਼ਟਰੀ ਖੋਜ ਜਰਨਲ ਵਿੱਚ ਪ੍ਰਕਾਸ਼ਿਤ

## ਪਤੰਜਲੀ ਦਾ ਉਦੇਸ਼ ਇਸ ਦੇਸ਼ ਨੂੰ ਮਿਲਾਵਟ ਦੇ ਜ਼ਹਿਰ ਤੋਂ ਬਚਾਉਣਾ ਹੈ - ਆਚਾਰੀਆ ਬਾਲਕ੍ਰਿਸ਼ਨ

ਹਰਿਦੁਆਰ, 11 ਫਰਵਰੀ (ਚ.ਨ.ਸ.) : ਪਤੰਜਲੀ ਆਪਣੇ ਹਰੇਕ ਉਤਪਾਦ ਵਿੱਚ ਗੁਣਵੱਤਾ, ਸ਼ੁੱਧਤਾ ਅਤੇ ਖਪਤਕਾਰ ਸੁਰੱਖਿਆ ਨੂੰ ਸਭ ਤੋਂ ਵੱਧ ਤਰਜੀਹ ਦਿੰਦਾ ਹੈ। ਇਸ ਵਚਨਬੱਧਤਾ ਨੂੰ ਹੋਰ ਮਜ਼ਬੂਤ ??ਵਿਗਿਆਨਕ ਪ੍ਰਮਾਣਿਕਤਾ ਮਿਲੀ ਜਦੋਂ ਪਤੰਜਲੀ ਸ਼ਹਿਦ @ਤੇ ਵਿਸਤ੍ਰਿਤ ਖੋਜ ਵਿਸ਼ਵ-ਪ੍ਰਸਿੱਧ ਐਲਸੇਵੀਅਰ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਵੱਕਾਰੀ ਖੋਜ ਜਰਨਲ ਅਪਲਾਈਡ ਫੂਡ ਰਿਸਰਚ ਵਿੱਚ ਪ੍ਰਕਾਸ਼ਿਤ ਹੋਈ। ਇਸ ਮੌਕੇ 'ਤੇ, ਆਚਾਰੀਆ ਬਾਲਕ੍ਰਿਸ਼ਨ ਨੇ ਕਿਹਾ ਕਿ ਪਤੰਜਲੀ ਜੋ ਕਹਿੰਦੀ ਹੈ ਉਹ ਕਰਦੀ ਹੈ, ਅਤੇ ਇਹ ਇੱਕ ਸਦੀਵੀ ਸੱਚ ਹੈ। ਪਤੰਜਲੀ ਦਾ ਉਦੇਸ਼ ਇਸ ਦੇਸ਼ ਨੂੰ ਮਿਲਾਵਟ ਦੇ ਜ਼ਹਿਰ ਤੋਂ ਬਚਾਉਣਾ ਹੈ, ਅਤੇ ਪਤੰਜਲੀ ਹਮੇਸ਼ਾ ਇਸ ਉਦੇਸ਼ ਨੂੰ ਪੂਰਾ ਕਰਨ ਲਈ ਸਮਰਪਿਤ ਹੈ। ਉਨ੍ਹਾਂ ਕਿਹਾ ਕਿ ਭਾਰਤੀ ਖੁਰਾਕ ਉਤਪਾਦਾਂ ਨੂੰ ਵਿਸ਼ਵ ਪੱਧਰ 'ਤੇ ਲੰਬੇ ਸਮੇਂ ਤੋਂ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਰਿਹਾ ਹੈ, ਪਰ ਇੱਕ ਅੰਤਰਰਾਸ਼ਟਰੀ ਜਰਨਲ ਵਿੱਚ ਪ੍ਰਕਾਸ਼ਿਤ ਇਹ ਖੋਜ ਸਾਬਤ ਕਰਦੀ ਹੈ ਕਿ ਵਿਸ਼ਵ ਪੱਧਰੀ ਖੋਜ ਭਾਰਤ ਵਿੱਚ ਵੀ ਸੰਭਵ ਹੈ। ਇਹ ਪ੍ਰਾਪਤੀ ਨਾ ਸਿਰਫ਼ ਪਤੰਜਲੀ ਲਈ, ਸਗੋਂ ਪੂਰੇ ਭਾਰਤੀ ਉਦਯੋਗ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਅੱਗੇ ਦੱਸਿਆ ਕਿ ਅਧਿਐਨ ਨੇ ਇਹ ਵੀ ਪੁਸ਼ਟੀ ਕੀਤੀ ਹੈ ਕਿ ਪਤੰਜਲੀ ਸ਼ਹਿਦ ਵਿੱਚ ਕੋਈ ਬਾਹਰੀ ਸ਼ੱਕਰ, ਸਿੰਥੈਟਿਕ ਸ਼ਰਬਤ, ਜਾਂ ਅਣਚਾਹੇ ਰਸਾਇਣਕ ਅਵਸ਼ੇਸ਼ ਨਹੀਂ ਮਿਲੇ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਪਤੰਜਲੀ ਦੀ ਸਪਲਾਈ ਲੜੀ, ਕੱਚੇ ਮਾਲ ਦੀ ਸੋਰਸਿੰਗ ਤੋਂ ਲੈ ਕੇ ਅੰਤਿਮ ਪੈਕੇਜਿੰਗ ਤੱਕ, ਸਖ਼ਤ ਗੁਣਵੱਤਾ ਨਿਯੰਤਰਣ ਪ੍ਰਕਿਰਿਆਵਾਂ ਵਿੱਚੋਂ ਗੁਜ਼ਰਦੀ ਹੈ। ਇਹ ਖੋਜ ਇਸ ਗੱਲ ਦਾ ਸਬੂਤ ਹੈ ਕਿ ਪਤੰਜਲੀ ਸ਼ਹਿਦ ਗੁਣਵੱਤਾ, ਸ਼ੁੱਧਤਾ ਅਤੇ ਵਿਗਿਆਨਕ ਪ੍ਰਮਾਣਿਕਤਾ ਦੇ ਵਿਸ਼ਵ ਪੱਧਰੀ ਮਾਪਦੰਡਾਂ ਨੂੰ ਪੂਰੀ ਤਰ੍ਹਾਂ ਪੂਰਾ ਕਰਦਾ ਹੈ।

## ਨਕਲੀ ਪੁਲਿਸ ਦੇ ਇੱਕ ਗਿਰੋਹ ਨੇ ਲੁੱਟ ਦੇ ਇਰਾਦੇ ਨਾਲ 2 ਵਾਹਨਾਂ ਨੂੰ ਬਣਾਇਆ ਨਿਸ਼ਾਨਾ

ਰੋਮ ਇਟਲੀ 11 ਫਰਵਰੀ (ਗੁਰਸ਼ਰਨ ਸਿੰਘ ਸੋਨੀ) ਦੱਖਣੀ ਇਟਲੀ ਦੇ ਸੂਬੇ ਪੂਲੀਆਂ ਅਧੀਨ ਪੈਂਦੇ ਇੱਕ ਮੋਟਰਵੇਅ ਤੇ ਉਸ ਵੇਲੇ ਹਾਲਾਤ ਨਾਜ਼ੁਕ ਬਣ ਗਏ ਜਦੋਂ ਇੱਕ ਹਥਿਆਰਬੰਦ ਪੁਲਸ ਦੀ ਵਰਦੀ ਵਾਲੇ ਗਿਰੋਹ ਨੇ ਫਿਲਮੀ ਸਟਾਈਲ ਵਿੱਚ ਬਖਤਰਬੰਦ ਵੈਨ ਦੀ ਛੱਤ ਨੂੰ ਸ਼ਰੇਆਮ ਲੋਕਾਂ ਦੀ ਮੌਜੂਦਗੀ ਵਿੱਚ ਹੀ ਇੱਕ ਧਮਾਕੇ ਨਾਲ ਉਡਾ ਦਿੱਤੀ।ਇਟਲੀ ਦੇ ਕੌਮੀ ਮੀਡੀਏ ਦੀ ਮੁੱਖ ਸੁਰਖੀ ਬਣੀ ਇਹ ਘਟਨਾ ਜਿਹੜੀ ਕਿ ਲੁੱਟ ਦੀ ਨੀਅਤ ਨਾਲ ਕੀਤੀ ਗਈ ਦੱਸੀ ਜਾ ਰਹੀ ਹੈ ਕਿਸੇ ਹਾਲੀਵੁਡ ਦੀ ਫਿਲਮ ਦਾ ਭੁਲੇਖਾ ਪਾਉਂਦੀ ਸੀ।ਮਿਲੀ ਜਾਣਕਾਰੀ ਅਨੁਸਾਰ ਇਟਲੀ ਦੇ ਪੂਲੀਆ ਸੂਬੇ ਦੇ ਮੋਟਰਵੇਅ ਨੰਬਰ 613 ਜਿਹੜਾ ਕਿ ਲੇਚੇ ਤੇ ਬਰਿੰਦੀਸੀ ਨੂੰ ਆਪਸ ਵਿੱਚ ਜੋੜਦਾ ਹੈ ਇਸ ਰੋਡ ਉਪੱਰ ਬੀਤੇ ਦਿਨ ਤੜਕੇ ਕਾਲੀ ਵਰਦੀ ਵਿੱਚ ਹਥਿਆਰਬੰਦ ਗਿਰੋਹ ਜਿਹਨਾਂ ਦੀਆਂ ਗੱਡੀਆਂ ਉਪੱਰ ਨਕਲੀ ਐਮਰਜੈਂਸੀ ਲਾਈਟ(ਹੂਟਰ) ਵੀ ਲੱਗੀਆਂ ਹੋਈਆਂ ਸਨ 3 ਗੱਡੀਆਂ ਵਿੱਚ ਆਕੇ 1 ਵਾਹਨ ਨੂੰ ਘੇਰ ਕੇ ਅੱਗ ਲਗਾ ਦਿੰਦੇ ਹਨ ਫਿਰ ਬਾਅਦ ਵਿੱਚ ਇੱਕ ਬਖਤਰਬੰਦ ਵੈਨ ਨੂੰ ਘੇਰ ਲੈਂਦੇ ਹਨ ।ਕੁਝ ਰਿਪੋਰਟਾਂ ਦੇ ਅਨੁਸਾਰ ਰੋਕੀ ਗਈ ਵੈਨ ਵਿੱਚ ਲੱਖਾਂ ਯੂਰੋ ਲੈਕੇ ਜਾ ਰਹੇ ਹਨ ਪਰ ਇਸ ਦੀ ਪੁਸ਼ਟੀ ਨਹੀਂ ਹੋਈ।ਗਵਾਹਾਂ ਦੁਆਰਾ ਲਈ ਗਈ ਵੀਡਿਓ ਵਿੱਚ ਘੱਟੋ-ਘੱਟ 6 ਨਕਾਬਪੋਸ਼ ਲੋਕ ਦਿਖਾਈ ਦੇ ਰਹੇ ਸਨ ਜਿਹਨਾਂ ਵਿੱਚੋਂ ਕੁਝ ਚਿੱਟੇ ਸੂਟ ਵਿੱਚ ਵੀ ਦਿਖਾਈ ਦਿੱਤੇ।ਰੋਡ ਨੂੰ ਇਸ ਘਟਨਾ ਨੇ ਪੂਰੀ ਤਰ੍ਹਾਂ ਜਾਮ ਲਗਾ ਦਿੱਤਾ ਸੀ ਜਿਸ ਕਾਰਨ ਲੋਕ ਵਾਹਨ ਰੋਕ ਇਸ ਘਟਨਾ ਨੂੰ ਹੈਰਾਨ ਹੋ ਦੇਖ ਰਹੇ ਹਨ।ਲੋਕਾਂ ਦੇ ਦੇਖਦੇ ਹੀ ਦੇਖਦੇ ਗਿਰੋਹ ਦੇ ਬੰਦਿਆਂ ਨੇ ਵੈਨ ਦੀ ਛੱਤ ਨੂੰ ਇੱਕ ਧਮਾਕੇ ਨਾਲ ਇੰਝ ਉਡਾ ਦਿੱਤਾ ਜਿਵੇਂ ਕਿ ਉਹ ਕਿਸੇ ਹਾਲੀਵੁਡ ਫਿਲਮ ਦਾ ਸੀਨ ਹੋਵੇ।ਘਟਨਾ ਨਾਲ ਰੋਡ ਉਪੱਰ ਚਾਹੇ ਹਪੜਾ-ਦਫ਼ੜੀ ਵਰਗਾ ਮਾਹੌਲ ਬਣ ਗਿਆ ਪਰ ਗਿਰੋਹ ਦੇ ਲੋਕ ਬੇਖੌਫ਼ ਘਟਨਾ ਨੂੰ ਅੰਜਾਮ ਦੇ ਰਹੇ ਸਨ।ਬੇਸ਼ੱਕ ਘਟਨਾ ਦੀ ਜਾਣਕਾਰੀ ਮਿਲਦੇ ਹੀ ਇਟਲੀ ਪੁਲਸ ਨੇ ਮੋਰਚਾ ਸਾਂਭ ਲਿਆ ਪਰ ਘਟਨਾ ਨੂੰ ਅੰਜਾਮ ਦੇ ਵਾਲੇ ਗਿਰੋਹ ਦੇ ਸਿਰਫ਼ 2 ਲੋਕਾਂ ਨੂੰ ਪੁਲਸ ਕਾਬੂ ਕਰ ਸਕੀ ਜਦੋਂ ਕਿ ਬਾਕੀ ਭੱਜਣ ਵਿੱਚ ਕਾਮਯਾਬ ਰਹੇ।ਇਸ ਘਟਨਾ ਦੀ ਚਰਚਾ ਜਿੱਥੇ ਪੂਰੇ ਇਟਲੀ ਵਿੱਚ ਜੋਰਾਂ ਨਾਲ ਚੱਲ ਰਹੀ ਹੈ ਉੱਥੇ ਲੋਕ ਪੁਲਸ ਨੂੰ ਹੋਰ ਤੇਜ ਹੋਣ ਲਈ ਤੰਜ ਵੀ ਕੱਸ ਰਹੇ ਹਨ।ਗ੍ਰਿਫ਼ਤਾਰ ਕੀਤੇ 2 ਲੋਕਾਂ ਦੀ ਪਹਿਚਾਣ ਜਿਓਸੇਪੇ ਇਆਨੇਲੀ 38 ਤੇ ਜਿਓਸੇਪੇ ਰੂਸੋ 62 ਵਜੋਂ ਹੋਈ ਹੈ ਜਿਹਨਾਂ ਨੂੰ ਪੁਲਸ ਨੇ ਕਾਫ਼ੀ ਜੱਦੋ-ਜਹਿਦ ਦੇ ਕਾਬੂ ਕਰ ਜੇਲ ਭੇਜ ਦਿੱਤਾ ਹੈ।



## ਗੁਰੂ ਘਰ ਦਾ ਅਨਮੋਲ ਹੀਰਾ ਭਾਈ ਲੱਖੀ ਸ਼ਾਹ ਵਣਜਾਰਾ ਪੁਸਤਕ ਦਾ ਪ੍ਰਕਾਸ਼ਨ : ਡਾ. ਵਿਜੇ ਸਤਬੀਰ ਸਿੰਘ

ਨਾਂਦੇੜ, 11 ਫਰਵਰੀ (ਚ.ਨ.ਸ.) : ਬੀਤੇ ਦਿਨੀਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਵਿੱਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ 350 ਵੇਂ ਸ਼ਹੀਦੀ ਸਮਾਗਮ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 350 ਵੇਂ ਗੁਰਤਾਗੱਦੀ ਗੁਰਪੁਰਬ ਨਿਮੀਤ ਮਹਾਰਾਸ਼ਟਰ ਸਰਕਾਰ ਵੱਲੋਂ ਮਨਾਏ ਗਏ ਹਿੰਦ-ਦੀ-ਚਾਦਰ ਸਮਾਗਮ ਨੂੰ ਸਮਰਪਿਤ ਗੁਰਦੁਆਰਾ ਸੱਚਖੰਡ ਬੋਰਡ, ਨਾਂਦੇੜ ਦੇ ਮੁੱਖ ਪ੍ਰਬੰਧਕ ਡਾ. ਵਿਜੇ ਸਤਬੀਰ ਸਿੰਘ ਜੀ ਨੇ ਭਾਈ ਲੱਖੀ ਸ਼ਾਹ ਵਣਜਾਰਾ ਜੀ ਦੀ ਅਟੱਲ ਸ਼ਰਧਾ, ਦਲੇਰੀ ਅਤੇ ਤਿਆਗ ਤੋਂ ਪ੍ਰੇਰਿਤ ਹੋ ਕੇ ਗੁਰੂ ਘਰ ਦਾ ਅਨਮੋਲ ਹੀਰਾ ਭਾਈ ਲੱਖੀ ਸ਼ਾਹ ਵਣਜਾਰਾ ਪੁਸਤਕ ਦਾ ਪ੍ਰਕਾਸ਼ਨ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਮਾਨਯੋਗ ਜੱਥੇਦਾਰ ਸੰਤ ਬਾਬਾ ਕੁਲਵੰਤ ਸਿੰਘ ਜੀ, ਸਮੂੰਹ ਪੰਜ ਪਿਆਰੇ ਸਾਹਿਬਾਂਨ, ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ, ਬਾਬਾ ਬਲਵਿੰਦਰ ਸਿੰਘ ਜੀ ਕਾਰਸੇਵਾ ਵਾਲੇ, ਮਹਾਰਾਸ਼ਟਰ ਸਰਕਾਰ ਦੇ ਮੁੱਖਮੰਤ੍ਰੀ ਸ੍ਰੀ ਦੇਵਿੰਦਰ ਫਡਣਵੀਸ ਜੀ, ਉਪ ਮੁੱਖਮੰਤ੍ਰੀ ਸ੍ਰੀ ਅਜੀਤ ਪਵਾਰ ਜੀ, ਆਂਧ੍ਰ ਪ੍ਰਦੇਸ਼ ਦੇ ਉਪ ਮੁੱਖਮੰਤ੍ਰੀ ਸ੍ਰੀ ਪਵਨ ਕਲਿਯਾਣ ਜੀ ਅਤੇ ਹੋਰ ਵੀ ਪੱਤਵੰਤੇ ਸਜਨਾਂ ਦੀ ਮੌਜੂਦਗੀ ਵਿੱਚ ਕੀਤਾ ਗਿਆ।



ਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਦੇ ਔਖੇ ਸਮੇਂ ਵਿੱਚ ਭਾਈ ਲੱਖੀ ਸ਼ਾਹ ਵਣਜਾਰਾ ਨੇ ਗੁਰੂ ਜੀ ਦੇ ਪਵਿੱਤਰ ਸ਼ਰੀਰ ਨੂੰ ਆਪਣੇ ਵਪਾਰਕ ਰੱਥ ਵਿੱਚ ਗੁਪਤ ਤੌਰ 'ਤੇ ਚਾਂਦਨੀ ਚੌਂਕ ਤੋਂ ਆਪਣੇ ਘਰ ਲੈ ਜਾ ਕਰ ਅਤੇ ਘਰ ਨੂੰ ਅੱਗ ਲਾ ਕੇ ਗੁਰੂ ਜੀ ਦੇ ਪਾਵਨ ਸ਼ਰੀਰ ਦਾ ਅੰਤਿਮ ਸੰਸਕਾਰ ਕੀਤਾ ਸੀ, ਜਿਸ ਬਾਰੇ ਪੂਰੀ ਜਾਣਕਾਰੀ ਇਸ ਪੁਸਤਕ ਵਿੱਚ ਦਿੱਤੀ ਗਈ ਹੈ।

ਭਾਈ ਮੱਖਣ ਸ਼ਾਹ ਲੁਬਾਣਾ ਵੱਲੋਂ ਸੱਚੇ ਗੁਰੂ ਦੀ ਖੋਜ ਦੌਰਾਨ ਨਿਭਾਈ ਗਈ ਇਤਿਹਾਸਕ ਅਤੇ ਪ੍ਰੇਰਣਾ ਦੇਣ ਵਾਲੀ ਭੂਮਿਕਾ ਨੂੰ ਵੀ ਵਿਸਤਾਰ ਨਾਲ ਇਸ ਪੁਸਤਕ ਵਿੱਚ ਲਿਖੀਆ ਗਿਆ ਹੈ। ਨਾਲ ਹੀ ਵਣਜਾਰਾ, ਲੁਬਾਣਾ ਸਮਾਜ ਦੇ ਉਸ ਮਹੱਤਵਪੂਰਣ ਯੋਗਦਾਨ ਨੂੰ ਵੀ ਦਰਸਾਇਆ ਗਿਆ ਹੈ। ਜਿਸ ਰਾਹੀਂ ਉਨ੍ਹਾਂ ਨੇ ਗੁਰੂ ਜੀ ਦੇ ਆਦਰਸ਼ਾਂ ਦੇ ਪ੍ਰਸਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਇੱਕ ਨਿਰਭੈ, ਸਾਹਸੀ ਤੇ ਨਿਆਂਪੂਰਨ ਸਮਾਜ ਦੀ ਸਿਰਜਣਾ ਲਈ ਆਪਣੇ ਦ੍ਰਿੜ ਸੰਕਲਪ ਮਜ਼ਬੂਤ ਕੀਤੇ।

ਡਾ. ਵਿਜੇ ਸਤਬੀਰ ਸਿੰਘ ਜੀ ਨੇ ਇਸ ਪੁਸਤਕ ਰਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਹਾਨ ਸ਼ਹਾਦਤ, ਭਾਈ ਲੱਖੀ ਸ਼ਾਹ ਵਣਜਾਰਾ ਦੀ ਅਮਰ ਸੇਵਾ ਅਤੇ ਲੁਬਾਣਾ ਸਮਾਜ ਦੀ ਸਾਂਝੀ ਵਿਰਾਸਤ ਨੂੰ ਸਨਮਾਨ ਭੇਟ ਕਰਨ ਦਾ ਇੱਕ ਨਿਮਾਣਾ ਉਪਰਾਲਾ ਕੀਤਾ ਹੈ। ਇਸ ਪੁਸਤਕ ਦੇ ਪੰਨਿਆਂ ਰਾਹੀਂ ਪਾਠਕਾਂ ਨੂੰ ਇਤਿਹਾਸਕ ਘਟਨਾਵਾਂ ਦੇ ਨਾਲ ਨਾਲ ਸਿੱਖੀ ਸਿਧਾਂਤਾ, ਮੁੱਲਧਰਮ ਦੀ ਅਜ਼ਾਦੀ, ਸੱਚੇ ਗੁਰੂ ਦੀ ਭਾਲ ਅਤੇ ਅਡੋਲਤਾ ਦੀ ਪ੍ਰੇਰਣਾ ਪ੍ਰਾਪਤ ਹੋਵੇਗੀ।

## ਇੰਦਰਜੀਤ ਸਿੰਘ ਮਾਨ ਨੇ ਮਾਰਕਫੈੱਡ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ

ਚੰਡੀਗੜ੍ਹ, 11 ਫਰਵਰੀ (ਚ.ਨ.ਸ.) : ਸ. ਇੰਦਰਜੀਤ ਸਿੰਘ ਮਾਨ ਜੀ ਨੇ ਮਾਰਕਫੈੱਡ ਦੇ ਚੇਅਰਮੈਨ ਵਜੋਂ ਰਸਮੀ ਤੌਰ 'ਤੇ ਅਹੁਦਾ ਸੰਭਾਲਿਆ । ਇਸ



ਮਹੱਤਵਪੂਰਨ ਮੌਕੇ 'ਤੇ ਪੰਜਾਬ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ, ਪੰਜਾਬ ਸਰਕਾਰ ਦੇ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ , ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਜੀ ਆਮ ਆਦਮੀ ਪਾਰਟੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸਰਦਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਮੁੱਖ ਬੁਲਾਰਾ ਪੰਜਾਬ ਸ. ਕੁਲਦੀਪ ਸਿੰਘ ਧਾਲੀਵਾਲ ਸਮੇਤ ਕਈ ਐਮ.ਐਲ.ਏ. ਸਾਹਿਬਾਨ, ਪੰਜਾਬ ਦੇ ਵੱਖ-ਵੱਖ ਵਿਭਾਗਾਂ ਦੇ ਚੇਅਰਮੈਨ ਸਾਹਿਬਾਨ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਅਹੁਦੇਦਾਰ ਸਾਹਿਬਾਨ ਆਪਣੀਆਂ ਵਧਾਈਆਂ ਅਤੇ ਸ਼ੁਭਕਾਮਨਾਵਾਂ ਦੇਣ ਲਈ ਮੌਜੂਦ ਸਨ। ਪਤਵੰਤਿਆਂ ਨੇ ਸ. ਇੰਦਰਜੀਤ ਸਿੰਘ ਮਾਨ ਦੇ ਵਿਸ਼ਵਾਸ ਅਤੇ ਦੂਰਦਰਸ਼ਤਾ ਅਤੇ ਉਮੀਦ ਪ੍ਰਗਟ ਕੀਤੀ ਕਿ ਉਨ੍ਹਾਂ ਦੀ ਅਗਵਾਈ ਹੇਠ ਮਾਰਕਫੈਡ ਨਵੀਆਂ ਉਚਾਈਆਂ ਨੂੰ ਛੂਹਦਾ ਰਹੇਗਾ ਅਤੇ ਪੰਜਾਬ ਭਰ ਦੇ ਕਿਸਾਨਾਂ ਅਤੇ ਸਹਿਕਾਰੀ ਸੰਸਥਾਵਾਂ ਦੀ ਸੇਵਾ ਵਿੱਚ ਆਪਣੀ ਭੂਮਿਕਾ ਨੂੰ ਹੋਰ ਮਜ਼ਬੂਤ ਕਰੇਗਾ। ਇਸ ਮੌਕੇ ਬੋਲਦਿਆਂ ਸ.ਇੰਦਰਜੀਤ ਸਿੰਘ ਮਾਨ ਨੇ ਆਪ ਦੇ ਰਾਸ਼ਟਰੀ ਕਨਵੀਨਰ ਸ਼੍ਰੀ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਪੰਜਾਬ ਇੰਚਾਰਜ ਸ਼੍ਰੀ ਮਨੀਸ਼ ਸਿਸੋਦੀਆ, ਪੰਜਾਬ ਪ੍ਰਧਾਨ ਅਤੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ, ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਆਪ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਅਮਰਜੀਤ ਮਹਿਤਾ ਅਤੇ ਪਾਰਟੀ ਦੀ ਸਾਰੀ ਸੀਨੀਅਰ ਲੀਡਰਸ਼ਿਪ ਦਾ ਮੇਰੇ ਉੱਤੇ ਵਿਸ਼ਵਾਸ ਰੱਖਣ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਮਾਰਕਫੈੱਡ ਦੇ ਕੰਮਕਾਜ ਨੂੰ ਵਧਾਉਣ ਅਤੇ ਕਿਸਾਨਾਂ, ਹਿੱਸੇਦਾਰਾਂ ਦੇ ਹਿੱਤਾਂ ਦੀ ਰਾਖੀ ਕਰਨ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਸਮਰਪਣ, ਪਾਰਦਰਸ਼ਤਾ ਅਤੇ ਕੁਸ਼ਲਤਾ ਨਾਲ ਕੰਮ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ ਹੈ ।

## 1,000 ਤੋਂ ਵੱਧ ਲੋਕ ਸੂਰਜੀ ਜਾਗਰੂਕਤਾ ਕੈਂਪਾਂ ਵਿੱਚ ਸ਼ਾਮਲ ਹੋਏ

ਚੰਡੀਗੜ੍ਹ, 11 ਫਰਵਰੀ (ਚ.ਨ.ਸ.) : ਭਾਰਤ ਸਰਕਾਰ ਦੀ ਪ੍ਰਮੁੱਖ ਯੋਜਨਾ, ਪ੍ਰਧਾਨ ਮੰਤਰੀ ਸੂਰਿਆ ਘਰ: ਮੁਫ਼ਤ ਬਿਜਲੀ ਯੋਜਨਾ ਦੇ ਤਹਿਤ ਆਯੋਜਿਤ ਸੂਰਜੀ ਜਾਗਰੂਕਤਾ ਅਤੇ ਸਹੂਲਤ ਕੈਂਪਾਂ ਨੂੰ ਚੰਡੀਗੜ੍ਹ ਵਿੱਚ ਬੇਮਿਸਾਲ ਜਨਤਕ ਸਮਰਥਨ ਮਿਲਿਆ ਹੈ। ਪਿਛਲੇ ਦੋ ਦਿਨਾਂ ਵਿੱਚ ਆਯੋਜਿਤ ਵੱਖ-ਵੱਖ ਕੈਂਪਾਂ ਵਿੱਚ 1,000 ਤੋਂ ਵੱਧ ਨਾਗਰਿਕਾਂ ਨੇ ਹਿੱਸਾ ਲਿਆ। ਇਹ ਮਹੱਤਵਪੂਰਨ ਭਾਗੀਦਾਰੀ ਸ਼ਹਿਰ ਦੇ ਵਸਨੀਕਾਂ ਵਿੱਚ ਛੱਤ 'ਤੇ ਸੋਲਰ ਸਿਸਟਮ ਅਪਣਾਉਣ ਪ੍ਰਤੀ ਵੱਧ ਰਹੀ ਜਾਗਰੂਕਤਾ ਅਤੇ ਦਿਲਚਸਪੀ ਨੂੰ ਦਰਸਾਉਂਦੀ ਹੈ। ਇਹ ਪਹਿਲ ਵਿਗਿਆਨ, ਤਕਨਾਲੋਜੀ ਅਤੇ ਨਵਿਆਉਣਯੋਗ ਊਰਜਾ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ ਦੇ ਅਧੀਨ ਚੰਡੀਗੜ੍ਹ ਨਵਿਆਉਣਯੋਗ ਊਰਜਾ ਅਤੇ ਵਿਗਿਆਨ ਅਤੇ ਤਕਨਾਲੋਜੀ ਪ੍ਰਮੋਸ਼ਨ ਸੋਸਾਇਟੀ (CREST) ??ਦੁਆਰਾ ਚਲਾਈ ਜਾ ਰਹੀ ਹੈ। ਇਨ੍ਹਾਂ ਕੈਂਪਾਂ ਨੇ ਛੱਤ 'ਤੇ ਸੋਲਰ ਇੰਸਟਾਲੇਸ਼ਨ ਬਾਰੇ ਖਪਤਕਾਰਾਂ ਦੇ ਵਿਸ਼ਵਾਸ ਅਤੇ ਜਾਗਰੂਕਤਾ ਵਿੱਚ ਕਾਫ਼ੀ ਵਾਧਾ ਕੀਤਾ ਹੈ। ਕੈਂਪ ਸਾਈਟਾਂ 'ਤੇ ਪੈਨਲ 'ਤੇ ਸ਼ਾਮਲ ਵਿਕਰੇਤਾਵਾਂ ਅਤੇ ਭਾਗੀਦਾਰ ਬੈਂਕਾਂ ਦੀ ਮੌਜੂਦਗੀ ਨੇ ਰਜਿਸਟ੍ਰੇਸ਼ਨ, ਤਕਨੀਕੀ ਮਾਰਗਦਰਸ਼ਨ ਅਤੇ ਸਾਈਟ 'ਤੇ ਕਰਜ਼ਾ ਸੇਵਾਵਾਂ ਦੀ ਸਹੂਲਤ ਦਿੱਤੀ, ਜਿਸ ਨਾਲ ਲਾਭਪਾਤਰੀਆਂ ਲਈ ਪ੍ਰਕਿਰਿਆ ਸਰਲ ਅਤੇ ਪਹੁੰਚਯੋਗ ਬਣ ਗਈ। ਇਸ ਮੌਕੇ ਸੈਕਟਰ 17 ਵਿੱਚ ਚੰਡੀਗੜ੍ਹ ਵਪਾਰੀ ਐਸੋਸੀਏਸ਼ਨ ਨਾਲ ਇੱਕ ਮੀਟਿੰਗ ਵੀ ਕੀਤੀ ਗਈ। ਐਸੋਸੀਏਸ਼ਨ ਦੇ ਮੈਂਬਰਾਂ ਨੇ ਸਰਗਰਮੀ ਨਾਲ ਹਿੱਸਾ ਲਿਆ ਅਤੇ ਆਪਣੇ ਸੁਝਾਅ ਸਾਂਝੇ ਕੀਤੇ। ਇਸ ਗੱਲਬਾਤ ਨੇ ਕਾਰੋਬਾਰੀ ਭਾਈਚਾਰੇ ਵਿੱਚ ਇਸ ਯੋਜਨਾ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਇਸਦੇ ਵਿਆਪਕ ਪ੍ਰਚਾਰ ਅਤੇ ਪ੍ਰਭਾਵਸ਼ਾਲੀ ਲਾਗੂਕਰਨ ਲਈ ਤਾਲਮੇਲ ਨੂੰ ਮਜ਼ਬੂਤ ਕਰਨ ਵਿੱਚ ਮਦਦ ਕੀਤੀ, ਖਾਸ ਕਰਕੇ ਮੈਂਬਰਾਂ ਦੇ ਰਿਹਾਇਸ਼ੀ ਅਹਾਤਿਆਂ ਤੱਕ ਲਾਭ ਪਹੁੰਚਾਉਣ ਦੇ ਮਾਮਲੇ ਵਿੱਚ।




ਨਾਗਰਿਕਾਂ ਦੀ ਉਤਸ਼ਾਹੀ ਭਾਗੀਦਾਰੀ ਛੱਤ ਵਾਲੇ ਸੋਲਰ ਸਿਸਟਮ ਅਪਣਾ ਕੇ ਘਟੇ ਹੋਏ ਬਿਜਲੀ ਬਿੱਲਾਂ ਤੋਂ ਲਾਭ ਪ੍ਰਾਪਤ ਕਰਨ ਦੀ ਉਨ੍ਹਾਂ ਦੀ ਉਤਸੁਕਤਾ ਨੂੰ ਦਰਸਾਉਂਦੀ ਹੈ, ਜੋ ਕਿ ਸਾਫ਼ ਊਰਜਾ ਅਤੇ ਟਿਕਾਊ ਵਿਕਾਸ ਪ੍ਰਤੀ ਚੰਡੀਗੜ੍ਹ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੀ ਹੈ।

ਉਤਸ਼ਾਹਜਨਕ ਹੁੰਗਾਰੇ ਨੂੰ ਦੇਖਦੇ ਹੋਏ, CREST ਨੇ ਆਊਟਰੀਚ ਮੁਹਿੰਮ ਦਾ ਵਿਸਤਾਰ ਕਰਨ ਦਾ ਫੈਸਲਾ ਕੀਤਾ ਹੈ। ਵਾਧੂ ਕੈਂਪ ਹੇਠ ਲਿਖੇ ਸਥਾਨਾਂ 'ਤੇ ਲਗਾਏ ਜਾਣਗੇ:

1. 382 ਫਲੈਟ, ਸੈਕਟਰ 61 – 15 ਫਰਵਰੀ, 2026 ਤੋਂ
2. ਬੈਂਕ ਸਕੁਏਅਰ, ਸੈਕਟਰ 17 – 12 ਫਰਵਰੀ, 2026 ਤੋਂ
3. ਟੂਰਿਸਟ ਇਨਫਰਮੇਸ਼ਨ ਸੈਂਟਰ ਦੇ ਨੇੜੇ, ਸੈਕਟਰ 17 ਪਲਾਜ਼ਾ – 12 ਫਰਵਰੀ, 2026 ਤੋਂ

ਇਨ੍ਹਾਂ ਵਾਧੂ ਕੈਂਪਾਂ ਦਾ ਉਦੇਸ਼ ਯੋਜਨਾ ਦੇ ਲਾਭਾਂ ਨਾਲ ਵਧੇਰੇ ਨਾਗਰਿਕਾਂ ਤੱਕ ਪਹੁੰਚਣਾ ਅਤੇ ਛੱਤ ਵਾਲੇ ਸੋਲਰ ਇੰਸਟਾਲੇਸ਼ਨ ਨਾਲ ਸਬੰਧਤ ਸਾਈਟ 'ਤੇ ਤਕਨੀਕੀ ਅਤੇ ਵਿੱਤੀ ਜਾਣਕਾਰੀ ਪ੍ਰਦਾਨ ਕਰਨਾ ਹੈ।

ਪ੍ਰਸ਼ਾਸਨ ਦੀ ਸਰਗਰਮ ਪਹਿਲਕਦਮੀ, ਬੈਂਕਾਂ ਅਤੇ ਪੈਨਲਬੱਧ ਵਿਕਰੇਤਾਵਾਂ ਦੇ ਸਮਰਥਨ ਅਤੇ ਨਾਗਰਿਕਾਂ ਦੀ ਭਾਗੀਦਾਰੀ ਦੇ ਨਤੀਜੇ ਵਜੋਂ, ਚੰਡੀਗੜ੍ਹ ਆਪਣੇ ਸਾਫ਼ ਊਰਜਾ ਟੀਚਿਆਂ ਵੱਲ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ।

CREST ਸਾਰੇ ਨਾਗਰਿਕਾਂ ਨੂੰ ਅਪੀਲ ਕਰਦਾ ਹੈ ਕਿ ਉਹ ਇਨ੍ਹਾਂ ਸੂਰਜੀ ਜਾਗਰੂਕਤਾ ਕੈਂਪਾਂ ਵਿੱਚ ਸ਼ਾਮਲ ਹੋਣ ਤਾਂ ਜੋ ਇਸ ਯੋਜਨਾ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ, ਪੈਨਲਬੱਧ ਵਿਕਰੇਤਾਵਾਂ ਤੋਂ ਮੌਕੇ @ਤੇ ਮਾਰਗਦਰਸ਼ਨ ਪ੍ਰਾਪਤ ਕੀਤਾ ਜਾ ਸਕੇ, ਅਤੇ ਭਾਗੀਦਾਰ ਬੈਂਕਾਂ ਦੁਆਰਾ ਪ੍ਰਦਾਨ ਕੀਤੀ ਗਈ ਕਰਜ਼ਾ ਸਹੂਲਤ ਦਾ ਲਾਭ ਉਠਾ ਕੇ ਪ੍ਰਧਾਨ ਮੰਤਰੀ ਸੂਰਜ ਘਰ: ਮੁਫ਼ਤ ਬਿਜਲੀ ਯੋਜਨਾ ਦੇ ਲਾਭਾਂ ਨੂੰ ਵੱਧ ਤੋਂ ਵੱਧ ਕੀਤਾ ਜਾ ਸਕੇ।

# ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਬਣਾਉਣ ਲਈ ਬਰਨਾਲਾ ਵਿੱਚ ਵਿਸ਼ੇਸ਼ ਕੈਂਪ ਜਾਰੀ : ਡਿਪਟੀ ਕਮਿਸ਼ਨਰ




ਬਰਨਾਲਾ, 11 ਫਰਵਰੀ (ਬਘੇਲ ਸਿੰਘ ਧਾਲੀਵਾਲ) : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਕਾਰਡ ਬਣਾਉਣ ਲਈ ਜ਼ਿਲ੍ਹਾ ਬਰਨਾਲਾ ਵਿੱਚ ਵਿਸ਼ੇਸ਼ ਮੁਹਿੰਮ ਜਾਰੀ ਹੈ। ਇਸ ਮੁਹਿੰਮ ਤਹਿਤ ਅੱਜ 21 ਥਾਵਾਂ @ਤੇ ਵਿਸ਼ੇਸ਼ ਕੈਂਪ ਲਗਾ ਕੇ ਮੁੱਖ ਮੰਤਰੀ ਸਿਹਤ ਯੋਜਨਾ ਦੇ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਕੀਤੀ ਗਈ ਅਤੇ ਭਲਕੇ ਵੀ ਇਨ੍ਹਾਂ ਥਾਵਾਂ @ਤੇ ਕੈਂਪ ਜਾਰੀ ਰਹਿਣਗੇ। ਡਿਪਟੀ ਕਮਿਸ਼ਨਰ ਬਰਨਾਲਾ ਸ਼੍ਰੀ ਹਰਪ੍ਰੀਤ ਸਿੰਘ ਆਈ ਏ ਐੱਸ ਨੇ ਦੱਸਿਆ ਕਿ ਇਸ ਸਕੀਮ ਅਧੀਨ ਜ਼ਿਲ੍ਹਾ ਬਰਨਾਲਾ ਦੇ ਝਲੂਰ, ਮਹਿਲ ਕਲਾਂ, ਤਲਵੰਡੀ, ਜੰਗੀਆਣਾ, ਬਦਰਾ, ਗਿੱਲ ਕੋਠੇ, ਹੰਡਿਆਇਆ ਵਾਰਡ ਨੰਬਰ 6, ਦੀਵਾਨਾ, ਰਾਜੀਆ, ਟੱਲੇਵਾਲ, ਚੰਨਣਵਾਲ, ਬਰਨਾਲਾ ਵਾਰਡ ਨੰਬਰ 6, ਬਰਨਾਲਾ ਵਾਰਡ ਨੰਬਰ 11, ਬਰਨਾਲਾ ਵਾਰਡ ਨੰਬਰ 20, ਅਮਲਾ ਸਿੰਘ ਵਾਲਾ, ਚੀਮਾ, ਰੂੜੇਕੇ ਕਲਾਂ, ਨੈਣੇਵਾਲ, ਭੂਰੇ, ਤਾਜੋਕੇ, ਠੀਕਰੀਵਾਲ ਪਿੰਡਾਂ ਅਤੇ ਵਾਰਡਾਂ ਵਿੱਚ ਵਿਸ਼ੇਸ਼ ਕੈਂਪ ਜਾਰੀ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰੇਕ ਨਾਗਰਿਕ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਦਾ ਕਾਰਡ ਬਣਾ ਕੇ ਦਿੱਤਾ ਜਾਣਾ ਹੈ, ਜਿਸ ਨਾਲ ਹਰ ਪਰਿਵਾਰ ਦਾ 10 ਲੱਖ ਰੁਪਏ ਸਾਲਾਨਾ ਦਾ ਨਕਦੀ ਰਹਿਤ ਇਲਾਜ ਹੋਵੇਗਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਜ਼ਿਲ੍ਹਾ ਬਰਨਾਲਾ ਦੇ ਸਰਕਾਰੀ ਦੇ ਨਾਲ ਨਾਲ ਪ੍ਰਾਈਵੇਟ ਹਸਪਤਾਲ ਵੀ ਸੂਚੀਬੱਧ ਕੀਤੇ ਗਏ ਹਨ। ਰਜਿਸਟ੍ਰੇਸ਼ਨ ਲਈ ਆਪਣਾ ਆਧਾਰ ਕਾਰਡ, ਵੋਟਰ ਕਾਰਡ ਅਤੇ ਨਾਬਾਲਗ ਦੀ ਰਜਿਸਟ੍ਰੇਸ਼ਨ ਲਈ ਜਨਮ ਸਰਟੀਫਿਕੇਟ ਨਾਲ ਲਿਜਾਇਆ ਜਾਵੇ। ਉਨ੍ਹਾਂ ਬਰਨਾਲਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਕੈਂਪਾਂ ਵਿੱਚ ਜਾ ਕੇ ਰਜਿਸਟ੍ਰੇਸ਼ਨ ਜ਼ਰੂਰ ਕਰਾਉਣ।

# ਵਾਈ.ਐਸ. ਕਾਲਜ ਨੇ ਨੈਸ਼ਨਲ ਐਡਵੈਂਚਰ ਕੈਂਪ ਵਿੱਚ ਲੀਡਰਸ਼ਿਪ ਅਤੇ ਟੀਮਵਰਕ ਹੁਨਰ ਮਜ਼ਬੂਤ ਕੀਤੇ

ਬਰਨਾਲਾ, 11 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਵਾਈ.ਐਸ ਕਾਲਜ, ਜਿਸਨੂੰ ਸਾਲ ਦਾ ਸਭ ਤੋਂ ਉਭਰਦਾ ਅਤੇ ਉੱਚਤਮ ਸਥਾਨ ਪ੍ਰਾਪਤ ਕਰਨ ਵਾਲਾ ਸੰਸਥਾਨ ਵਜੋਂ ਮਾਨਤਾ ਦਿੱਤੀ ਗਈ ਹੈ, ਕੇਵਲ ਅਕਾਦਮਿਕਸ ਵਿੱਚ ਹੀ ਨਹੀਂ, ਸਗੋਂ ਵਿਦਿਆਰਥੀਆਂ ਦੇ ਸਮੱਗਰੀ ਵਿਕਾਸ ਵਿੱਚ ਵੀ ਨਵੀਆਂ ਉਚਾਈਆਂ ਛੂਹ ਰਿਹਾ ਹੈ। 11 ਫਰਵਰੀ ਨੂੰ, ਕਾਲਜ ਦੀ ਉਤਸ਼ਾਹਪੂਰਣ ਭਾਗੀਦਾਰੀ ਹਾਈਕਿੰਗ ਅਤੇ ਟ੍ਰੈਕਿੰਗ ਐਡਵੈਂਚਰ ਕੈਂਪ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਪ੍ਰੇਰਣਾਦਾਇਕ ਸਾਬਿਤ ਹੋ ਰਹੀ ਹੈ।

ਪੰਜਾਬ ਦੇ ਯੂਥ ਸਰਵਿਸਿਜ਼ ਵਿਭਾਗ ਵੱਲੋਂ ਆਯੋਜਿਤ ਇਹ ਕੈਂਪ 8 ਤੋਂ 12 ਫਰਵਰੀ 2026 ਤੱਕ ਚੱਲ ਰਿਹਾ ਹੈ, ਜਿਸ ਵਿੱਚ ਵਾਈਐਸ ਕਾਲਜ ਦੇ 20 ਉਤਸ਼ਾਹੀ ਵਿਦਿਆਰਥੀ ਭਾਗ ਲੈ ਰਹੇ ਹਨ। ਕੁੜੀਆਂ ਮਿਰਜ਼ਾਪੁਰ ਵਿੱਚ ਹੋ ਰਹੇ ਹਾਈਕਿੰਗ ਅਤੇ ਟ੍ਰੈਕਿੰਗ ਕੈਂਪ ਵਿੱਚ ਹਿੱਸਾ ਲੈ ਰਹੀਆਂ ਹਨ, ਜਦਕਿ ਮੁੰਡੇ ਪਲਾਨਪੁਰ, ਐਸ.ਏ.ਐਸ. ਨਗਰ, ਮੋਹਾਲੀ ਵਿੱਚ ਕੈਂਪ ਵਿੱਚ ਸ਼ਾਮਿਲ ਹਨ। ਪ੍ਰੋਗਰਾਮ ਵਿੱਚ ਮਾਹਿਰ ਲੈਕਚਰ ਸੈਸ਼ਨ, ਐਡਵੈਂਚਰ ਐਕਟਿਵਿਟੀਜ਼ ਅਤੇ ਮਨੋਰੰਜਨ ਭਰਪੂਰ ਗਤੀਵਿਧੀਆਂ ਸ਼ਾਮਿਲ ਹਨ, ਜੋ ਸਿੱਖਣ ਅਤੇ ਮਜ਼ੇਦਾਰ ਅਨੁਭਵਾਂ ਨੂੰ ਮਿਲਾਉਂਦੀਆਂ ਹਨ।ਕੈਂਪ ਦੇ ਚੌਥੇ ਦਿਨ, ਭਾਗੀਦਾਰਾਂ ਨੇ ਉੱਚ-ਉਰਜਾ ਵਾਲਾ ਸਵੇਰੇ ਦਾ ਨਾਸ਼ਤਾ ਕੀਤਾ।

ਮਿਰਜ਼ਾਪੁਰ ਸਮੂਹ ਨੇ ਫਿਰ ਇੱਕ ਰੋਮਾਂਚਕ ਟ੍ਰੈਕਿੰਗ ਯਾਤਰਾ ਸ਼ੁਰੂ ਕੀਤੀ, ਜਿੱਥੇ ਉਨ੍ਹਾਂ ਨੇ ਪਹਾੜੀ ਰਸਤੇ, ਹਰੀ-ਭਰੀ ਪਰਦਾਰ ਅਤੇ ਚੁਣੌਤੀਪੂਰਣ ਟੇਰੇਨ ਨੂੰ ਪਾਰ ਕੀਤਾ, ਜੋ ਸਬਰ ਅਤੇ ਟੀਮ ਵਰਕ ਦੀ ਜਾਂਚ



ਸੀ। ਤਾਜ਼ਾ ਪਹਾੜੀ ਹਵਾ ਅਤੇ ਮਨੋਹਰ ਨਜ਼ਾਰੇ ਸਫਲਤਾ ਦੇ ਅਹਿਸਾਸ ਨੂੰ ਵਧਾਉਂਦੇ ਹਨ, ਜਦ ਵਿਦਿਆਰਥੀਆਂ ਨੇ ਢਲਾਨਾਂ ਨੂੰ ਫਤਹ ਕੀਤਾ ਅਤੇ ਸਾਂਝੇ ਚੁਣੌਤੀਆਂ 'ਤੇ ਇਕੱਠੇ ਬੰਧਨ ਬਣਾਇਆ। ਟ੍ਰੈਕ ਦੇ ਬਾਅਦ, ਸਾਰੇ ਵਿਦਿਆਰਥੀਆਂ ਨੇ ਖਾਣ-ਪੀਣ ਅਤੇ ਆਰਾਮ ਲਈ ਦੋਪਹਿਰ ਦਾ ਖਾਣਾ ਖਾਧਾ। ਦੁਪਹਿਰ ਨੂੰ ਰੋਮਾਂਚਕਤਾ ਹੋਰ ਵੱਧੀ ਜਦੋਂ ਉਨ੍ਹਾਂ ਨੇ ਕੈਂਪ ਸਾਈਟ ਉੱਤੇ ਡੇਅਰਿੰਗ ਜ਼ਿਪ ਲਾਈਨ ਕੀਤੀ, ਜਿਸ 'ਚ ਕਈਆਂ ਨੇ ਹਵਾ ਵਿੱਚ ਉਡਦਿਆਂ ਖੁਸ਼ੀ ਅਤੇ ਐਡਰੇਨਲਿਨ ਨਾਲ ਚੀਖਾਂ ਮਾਰੀ। ਇਸਦੇ ਬਾਅਦ ਉੱਚ-ਉਰਜਾ ਵਾਲੇ ਖੇਡਾਂ: ਤੀਬਰ ਵਾਲੀ ਵੌਲੀਬਾਲ ਮੈਚ ਅਤੇ ਕਮਾਂਡੋ ਨੈੱਟ ਕ੍ਰਾਲ ਹੋਈ, ਜਿਸ ਨੇ ਮਨੋਰੰਜਨ-ਪੂਰਕ ਮਿਲਟਰੀ-ਸਟਾਈਲ ਅਬਸਟੇਕਲ ਕੋਰਸ ਵਿੱਚ ਸ਼ਰੀਰਕ ਸੀਮਾਵਾਂ ਨੂੰ ਚੁਣੌਤੀ ਦਿੱਤੀ। ਜਿਵੇਂ ਹੀ ਸੂਰਜ ਡੁੱਬਿਆ, ਤਾਜ਼ਾ ਚਾਹ ਅਤੇ ਨਾਸ਼ਤੇ ਨੇ ਸ਼ਾਨਦਾਰ ਠਹਿਰਾਉ ਦਿੱਤਾ, ਜਿੱਥੇ ਭਾਪ ਉਡਦੀ ਚਾਹ ਅਤੇ ਨਾਸ਼ਤੇ ਸ਼ਾਮ ਦੀ ਉਤਸ਼ਾਹ ਭਰਪੂਰ ਕੀਤਾ। ਰਾਤ ਨੂੰ ਡੀਜੇ ਸੈਸ਼ਨ, ਅੱਗ ਦੇ ਗੋਲਕ ਅਤੇ ਸ਼ਾਇਰੀ ਦੀ ਰੌਣਕ ਨੇ ਰਾਤ ਨੂੰ ਰੌਸ਼ਨ ਕੀਤਾ, ਜਿੱਥੇ ਵਿਦਿਆਰਥੀਆਂ ਨੇ ਸਿਤਾਰਿਆਂ ਹੇਠਾਂ ਕਵਿਤਾਵਾਂ ਸਾਂਝੀਆਂ ਕੀਤੀਆਂ। ਦਿਨ ਦਾ ਅੰਤ ਭੋਜਨ ਨਾਲ ਹੋਇਆ, ਜਿਸ ਵਿੱਚ ਪੰਜਾਬੀ ਖਾਣੇ, ਮਿੱਠਾਈਆਂ ਅਤੇ ਵਿਸ਼ਵ ਭੋਜਨ ਸ਼ਾਮਿਲ ਸਨ, ਜੋ ਯਾਦਗਾਰ ਅਨੁਭਵ ਛੱਡ ਗਏ।ਦੋ ਸਮਰਪਿਤ ਫੈਕਲਟੀ ਮੈਂਬਰ, ਭਾਰਤੀ ਕੰਵਰ ਅਤੇ ਰਾਕੇਸ਼ ਕੁਮਾਰ, ਸਾਰੇ ਦਿਨ ਦੌਰਾਨ ਵਿਦਿਆਰਥੀਆਂ ਦੇ ਸੁਰੱਖਿਆ ਅਤੇ ਮਾਰਗਦਰਸ਼ਨ ਨੂੰ ਯਕੀਨੀ ਬਣਾਉਂਦੇ ਰਹੇ।ਡਾਇਰੈਕਟਰ ਵਾਰੁਣ ਭਾਰਤੀ ਨੇ ਵਿਦਿਆਰਥੀਆਂ ਦੀ ਭਾਗੀਦਾਰੀ 'ਤੇ ਗਰਵ ਪ੍ਰਗਟ ਕੀਤਾ ਅਤੇ ਇਨ੍ਹਾਂ ਗਤੀਵਿਧੀਆਂ ਦੇ ਮਹੱਤਵ ਨੂੰ ਲੀਡਰਸ਼ਿਪ ਅਤੇ ਟੀਮ ਵਰਕ ਹੁਨਰਾਂ ਦੇ ਵਿਕਾਸ ਵਿੱਚ ਉਜਾਗਰ ਕੀਤਾ।ਸਾਡੇ ਵਿਦਿਆਰਥੀਆਂ ਨੂੰ ਐਸੇ ਐਡਵੈਂਚਰ ਕੈਂਪ ਵਿੱਚ ਖਿੜਦੇ ਦੇਖ ਕੇ ਖੁਸ਼ੀ ਹੁੰਦੀ ਹੈ। ਇਹ ਉਨ੍ਹਾਂ ਦੀ ਸਹਿਣਸ਼ੀਲਤਾ ਅਤੇ ਸਾਡੇ ਸੰਸਥਾਨ ਦੀ ਉਭਰਦੀ ਸਥਿਤੀ ਦਾ ਸਬੂਤ ਹੈ।

ਪ੍ਰਿੰਸੀਪਲ ਡਾ. ਗੁਰਪਾਲ ਸਿੰਘ ਰਾਣਾ ਨੇ ਜ਼ੋਰ ਦਿੱਤਾ ਕਿ ਐਸੇ ਅਨੁਭਵ ਵਿਦਿਆਰਥੀਆਂ ਵਿੱਚ ਸਹਿਣਸ਼ੀਲਤਾ, ਆਤਮ ਵਿਸ਼ਵਾਸ ਅਤੇ ਐਡਵੈਂਚਰ ਦੀ ਭਾਵਨਾ ਵਿਕਸਤ ਕਰਨ ਵਿੱਚ ਮਦਦ ਕਰਦੇ ਹਨ। ÷ਸਾਡੇ 20 ਪ੍ਰਤਿਨਿਧੀ ਕੇਵਲ ਭਾਗੀਦਾਰ ਨਹੀਂ, ਸਗੋਂ ਹੌਂਸਲੇ ਅਤੇ ਉਤਸ਼ਾਹ ਦੇ ਰਾਜਦੂਤ ਹਨ।ਵਾਈਸ ਪ੍ਰਿੰਸੀਪਲ ਵੀ.ਪੀ. ਸਿੰਘਲਾ ਨੇ ਵਿਦਿਆਰਥੀਆਂ ਅਤੇ ਫੈਕਲਟੀ ਦੀ ਉਤਸ਼ਾਹ ਦੀ ਪ੍ਰਸ਼ੰਸਾ ਕੀਤੀ, ਕਹਿੰਦੇ ਹੋਏ ਕਿ ਐਸੀਆਂ ਪਹਿਲਾਂ ਕਲਾਸਰੂਮ ਸਿੱਖਿਆ ਨੂੰ ਪੂਰੀ ਤਰ੍ਹਾਂ ਪੂਰਕ ਕਰਦੀਆਂ ਹਨ।ਇਹ ਕੈਂਪ ਪੰਜਾਬ ਦੇ ਯੂਥ ਸਰਵਿਸਿਜ਼ ਵੱਲੋਂ ਅਗਲੀ ਪੀੜ੍ਹੀ ਨੂੰ ਸਮਰੱਥ ਬਣਾਉਣ ਦਾ ਸਬੂਤ ਹੈ।

ਵਾਈ.ਐਸ ਕਾਲਜ ਸਾਰੇ ਪਾਸੇ ਵਿਦਿਆਰਥੀ ਵਿਕਾਸ ਵੱਲ ਆਪਣੀ ਕਮਿਟਮੈਂਟ ਜਾਰੀ ਰੱਖਦਾ ਹੈ, ਸਾਬਤ ਕਰਦਾ ਹੈ ਕਿ ਸਿੱਖਿਆ ਕੇਵਲ ਕਿਤਾਬਾਂ ਅਤੇ ਕਲਾਸਰੂਮ ਤੱਕ ਸੀਮਿਤ ਨਹੀਂ, ਸਗੋਂ ਮਨੋਰੰਜਨ, ਹੁਨਰ ਵਿਕਾਸ ਅਤੇ ਅਵਿਸ਼ਮਰਨੀ ਅਨੁਭਵਾਂ ਨਾਲ ਮਿਲਕੇ ਹੋਂਦੀ ਹੈ।

# ਜੈ ਵਾਟਿਕਾ ਪਬਲਿਕ ਸਕੂਲ ਵੱਲੋਂ ਇੱਕ ਪ੍ਰੇਰਨਾਦਾਇਕ 'ਪ੍ਰੀਖਿਆ ਪੇ ਚਰਚਾ' ਪ੍ਰੋਗਰਾਮ ਦੀ ਮੇਜ਼ਬਾਨੀ



ਬਰਨਾਲਾ 11 ਫਰਵਰੀ (ਇਸ਼ੇਨ ਕੰਗ) : ਜੈ ਵਾਟਿਕਾ ਪਬਲਿਕ ਸਕੂਲ ਨੇ ਕੇਂਦਰੀ ਸੈਕੰਡਰੀ ਸਿੱਖਿਆ ਬੋਰਡ ਦੁਆਰਾ ਪ੍ਰੀਖਿਆ ਪੇ ਚਰਚਾ 2026 ਦੇ ਨੌਵੇਂ ਐਡੀਸ਼ਨ ਦੇ ਐਲਾਨ ਦਾ ਜਸ਼ਨ ਮਨਾਉਣ ਲਈ ਇੱਕ ਇੰਟਰਐਕਟਿਵ ਪ੍ਰੋਗਰਾਮ ਦੀ ਮੇਜ਼ਬਾਨੀ ਕੀਤੀ। ਛੇਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।

ਵਿਦਿਆਰਥੀਆਂ ਨੇ ਪ੍ਰਧਾਨ ਮੰਤਰੀ ਦੇ ਲਾਈਵ ਸੈਸ਼ਨ ਨੂੰ ਧਿਆਨ ਨਾਲ ਸੁਣਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਦੌਰਾਨ ਤਣਾਅ ਮੁਕਤ ਅਤੇ ਆਤਮਵਿਸ਼ਵਾਸੀ ਰਹਿਣ ਲਈ ਪ੍ਰੇਰਿਤ ਕਰਨਾ ਹੈ। ਇਹ ਪ੍ਰੋਗਰਾਮ ਉਨ੍ਹਾਂ ਦੀ ਸਿੱਖਣ ਪ੍ਰਕਿਰਿਆ ਨੂੰ ਤੇਜ਼ ਕਰਨ ਵਿੱਚ ਮਦਦ ਕਰਦਾ ਹੈ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਡਾ. ਪਰਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਪ੍ਰੇਰਨਾਦਾਇਕ ਸ਼ਬਦਾਂ ਨਾਲ ਸੰਬੋਧਨ ਕੀਤਾ। ਉਨ੍ਹਾਂ ਕਿਹਾ, ਅਨੁਸ਼ਾਸਨ, ਸਖ਼ਤ ਮਿਹਨਤ ਅਤੇ ਸਕਾਰਾਤਮਕ ਰਵੱਈਆ ਵਿਦਿਆਰਥੀ ਜੀਵਨ ਵਿੱਚ ਸਫਲਤਾ ਦੀਆਂ ਕੁੰਜੀਆਂ ਹਨ। ਸਿੱਖਿਆ ਸਿਰਫ਼ ਕਿਤਾਬਾਂ ਤੱਕ ਸੀਮਿਤ ਨਹੀਂ ਹੈ; ਇਹ ਚੰਗੇ ਮੁੱਲ ਅਤੇ ਨੈਤਿਕਤਾ ਵੀ ਪੈਦਾ ਕਰਦੀ ਹੈ। ਜੇਕਰ ਬੱਚੇ ਆਪਣੇ ਟੀਚਿਆਂ ਪ੍ਰਤੀ ਵਚਨਬੱਧ ਰਹਿੰਦੇ ਹਨ, ਤਾਂ ਕੋਈ ਵੀ ਰੁਕਾਵਟ ਉਨ੍ਹਾਂ ਨੂੰ ਅੱਗੇ ਵਧਣ ਤੋਂ ਨਹੀਂ ਰੋਕ ਸਕਦੀ। ਡਾ. ਪਰਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਆਤਮ-ਵਿਸ਼ਵਾਸ ਪੈਦਾ ਕਰਨ, ਆਪਣੇ ਸਮੇਂ ਦੀ ਸਮਝਦਾਰੀ ਨਾਲ ਵਰਤੋਂ ਕਰਨ ਅਤੇ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਣ ਲਈ ਵੀ ਉਤਸ਼ਾਹਿਤ ਕੀਤਾ। ਉਨ੍ਹਾਂ ਦੇ ਪ੍ਰੇਰਨਾਦਾਇਕ ਸ਼ਬਦਾਂ ਨੇ ਵਿਦਿਆਰਥੀਆਂ ਵਿੱਚ ਨਵਾਂ ਉਤਸ਼ਾਹ ਅਤੇ ਊਰਜਾ ਭਰੀ।

# ਵਿਦਿਆਰਥੀਆਂ ਦਾ ਮਾਨਸਿਕ ਬੋਝ ਘਟਾਉਣ ਲਈ ਯੋਗਾ ਸੈਸ਼ਨ ਕਰਵਾਇਆ



ਧਨੌਲਾ 11 ਫਰਵਰੀ (ਚਮਕੌਰ ਸਿੰਘ ਗੱਗੀ) : ਗਰੀਨ ਫ਼ੀਲਡ ਕਾਨਵੈਂਟ ਸਕੂਲ ਦਾਨਗੜ੍ਹ ਵਿਖੇ ਬੱਚਿਆਂ ਦੇ ਅਗਾਮੀ ਹੋਣ ਵਾਲੇ ਸਾਲਾਨਾ ਇਮਤਿਹਾਨਾਂ ਦੇ ਚਲਦਿਆਂ ਵਿਦਿਆਰਥੀਆਂ ਦਾ ਮਾਨਸਿਕ ਤਣਾਅ ਕਰਨ ਲਈ ਯੋਗਾ ਅਭਿਆਸ ਸੈਸ਼ਨ ਕਰਵਾਇਆ ਗਿਆ ਤਾਂ ਕਿ ਬੱਚਿਆਂ ਨੂੰ ਤਣਾਅ ਮੁਕਤ ਰੱਖਿਆ ਜਾ ਸਕੇ।ਇਸ ਮੌਕੇ ਡੀ.ਪੀ.ਈ. ਸੁਖਵੀਰ ਸਿੰਘ ਨੇ ਯੋਗਾ ਨਾਲ ਸੰਬੰਧਿਤ ਸਾਰੇ ਆਸ਼ਨ ਕਰਵਾ ਕੇ ਵਿਦਿਆਰਥੀਆਂ ਨੂੰ ਚੰਗੀ ਸਿਹਤ ਬਣਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਇਸ ਮੌਕੇ ਮੈਡੀਟੇਸ਼ਨ ਯੋਗਾ ਕਰਕੇ ਦੱਸਿਆ ਕਿ ਇਸ ਤਰ੍ਹਾਂ ਅਸੀਂ ਆਪਣੇ ਦਿਮਾਗੀ ਤਣਾਅ ਤੋਂ ਮੁਕਤ ਰਹਿ ਸਕਦੇ ਹਾਂ। ਉਨ੍ਹਾਂ ਕਿਹਾ ਕਿ ਸਵੇਰੇ ਜਲਦੀ ਉੱਠ ਕੇ ਯੋਗਾ ਕਰਨ ਦੇ ਅਨੇਕਾਂ ਫ਼ਾਇਦੇ ਹਨ। ਇਸ ਤਰ੍ਹਾਂ ਕਰਨ ਨਾਲ ਤੁਸੀਂ ਸਾਰਾ ਦਿਨ ਤਾਜ਼ਗੀ ਮਹਿਸੂਸ ਕਰੋਂਗੇ। ਉਨ੍ਹਾਂ ਕਿਹਾ ਕਿ ਹੁਣ ਸਾਲਾਨਾ ਪ੍ਰੀਖਿਆਵਾਂ ਨੇੜੇ ਹੋਣ ਕਰਕੇ ਕਈ ਵਿਦਿਆਰਥੀ ਆਪਣੇ ਦਿਮਾਗੀ @ਤੇ ਪੜ੍ਹਾਈ ਦਾ ਬੋਝ ਮਹਿਸੂਸ ਕਰਨ ਲੱਗ ਜਾਂਦੇ ਹਨ, ਕਿਉਂਕਿ ਪੇਪਰਾਂ ਕਰਕੇ ਵਿਦਿਆਰਥੀਆਂ ਨੂੰ ਪੜ੍ਹਨ ਨੂੰ ਵਧੇਰੇ ਸਮਾਂ ਦੇਣਾ ਪੈਂਦਾ ਹੈ, ਇਸ ਤਰ੍ਹਾਂ ਦੇ ਮਾਹੌਲ ਵਿੱਚ ਅਸੀਂ ਯੋਗਾ ਕਰਕੇ ਆਪਣੇ ਆਪ ਨੂੰ ਤਣਾਅ ਤੋਂ ਦੂਰ ਰੱਖ ਕੇ ਤੰਦਰੁਸਤ ਜੀਵਨ ਜਿਊਂ ਸਕਦੇ ਹਾਂ। ਇਸ ਮੌਕੇ ਚੇਅਰਮੈਨ ਸ. ਸੁਖਮਿੰਦਰ ਸਿੰਘ ਗਿੱਲ ਨੇ ਆਖਿਆ ਕਿ ਅਕਸਰ ਦੇਖਦੇ ਹਾਂ ਕਿ ਵਿਦਿਆਰਥੀ ਆਪਣੇ ਇਮਤਿਹਾਨਾਂ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਲਈ ਮੌਜੂਦਾ ਸਮੇਂ ਵਿੱਚ ਵਧੇਰੇ ਪੜ੍ਹਦੇ ਹਨ। ਵਿਦਿਆਰਥੀ ਸਕੂਲ ਤੋਂ ਹੋਰਨਾਂ ਸਾਧਨਾਂ ਰਾਹੀਂ ਵੀ ਪੜ੍ਹਾਈ ਕਰਨ ਵਿੱਚ ਰੁੱਝੇ ਰਹਿੰਦੇ ਹਨ, ਜਿਸ ਕਰਕੇ ਉਹਨਾਂ ਦੇ ਸਰੀਰਕ ਵਿਕਾਸ @ਤੇ ਕੋਈ ਮਾੜਾ ਪ੍ਰਭਾਵ ਨਾ ਪਵੇ, ਉਸਦੇ ਚਲਦਿਆਂ ਸਕੂਲ ਵੱਲੋਂ ਅਜਿਹੇ ਅਭਿਆਸ ਸ਼ੈਸਨ ਕਰਵਾਏ ਜਾਂਦੇ ਹਨ। ਜਿਸਦਾ ਵਿਦਿਆਰਥੀਆਂ ਨੂੰ ਸਰੀਰਕ ਤੌਰ @ਤੇ ਵਧੇਰੇ ਲਾਭ ਹੁੰਦਾ ਹੈ। ਇਸ ਮੌਕੇ ਪ੍ਰਿੰਸੀਪਲ ਡਾ. ਮਨਪ੍ਰੀਤ ਕੌਰ, ਵਾਈਸ ਪ੍ਰਿੰਸੀਪਲ ਜਸਵੀਰ ਕੌਰ, ਇੰਚਾਰਜ ਅਜਿੰਦਰਪਾਲ ਟਿਵਾਣਾ ਤੇ ਮੀਡੀਆ ਇੰਚਾਰਜ ਸੁਖਰਾਜ ਚਹਿਲ ਆਦਿ ਹਾਜ਼ਰ ਸਨ।

# 'ਪੋਸ਼ਣ ਵੀ ਅਤੇ ਪੜ੍ਹਾਈ ਵੀ' ਅਭਿਆਨ ਤਹਿਤ ਬਲਾਕ ਬਰਨਾਲਾ ਵਿੱਚ ਆਂਗਣਵਾੜੀ ਵਰਕਰਾਂ ਦੀ ਵਿਸ਼ੇਸ਼ ਟ੍ਰੇਨਿੰਗ



ਬਰਨਾਲਾ 11 ਫਰਵਰੀ (ਬਘੇਲ ਸਿੰਘ ਧਾਲੀਵਾਲ) : ਜ਼ਿਲ੍ਹਾ ਬਰਨਾਲਾ ਵਿੱਚ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਪੋਸ਼ਣ ਵੀ ਅਤੇ ਪੜ੍ਹਾਈ ਵੀ ਅਭਿਆਨ ਤਹਿਤ ਆਂਗਣਵਾੜੀ ਵਰਕਰਾਂ ਦੀ ਸਮਰੱਥਾ ਵਧਾਉਣ ਲਈ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਇਸ ਅਭਿਆਨ ਦੇ ਤਹਿਤ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਰਤਿੰਦਰਪਾਲ ਕੌਰ ਧਾਰੀਵਾਲ ਨੇ ਦੱਸਿਆ ਕਿ 3 ਤੋਂ 6 ਸਾਲ ਦੇ ਬੱਚਿਆਂ ਦੇ ਸਮੁੱਚੇ ਵਿਕਾਸ ਲਈ ਮੁੱਖ ਚੀਜ਼ ਪੋਸ਼ਣ ਅਤੇ ਪੜ੍ਹਾਈ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਂਗਣਵਾੜੀ ਕੇਂਦਰ ਬੱਚਿਆਂ ਦੀ ਸਿਹਤ ਅਤੇ ਸ਼ੁਰੂਆਤੀ ਸਿੱਖਿਆ ਦੀ ਨੀਂਹ ਹਨ, ਇਸ ਲਈ ਵਰਕਰਾਂ ਨੂੰ ਵਿਗਿਆਨਕ ਅਤੇ ਬਾਲ-ਕੇਂਦਰਿਤ ਤਰੀਕਿਆਂ ਨਾਲ ਟ੍ਰੇਨਿੰਗ ਦੇਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਟ੍ਰੇਨਿੰਗ ਦੌਰਾਨ ਪ੍ਰਥਮ ਟੀਮ ਵੱਲੋਂ ਆਂਗਣਵਾੜੀ ਕੇਂਦਰਾਂ ਦੀ ਵਰਕਿੰਗ, ਬੱਚਿਆਂ ਦੀ ਪੋਸ਼ਣ ਸਥਿਤੀ ਦੀ ਨਿਗਰਾਨੀ, ਸ਼ੁਰੂਆਤੀ ਬਾਲ ਸਿੱਖਿਆ, ਖੇਡ ਦਾ ਅਰਥ, ਖੇਡ ਆਧਾਰਿਤ ਸਿੱਖਣ ਦੀਆਂ ਵਿਧੀਆਂ ਅਤੇ ਬੱਚਾ ਕੇਂਦਰਿਤ ਗਤੀਵਿਧੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਜਾ ਰਹੀ ਹੈ, ਤਾਂ ਜੋ ਬੱਚਿਆਂ ਨੂੰ ਸਿਹਤਮੰਦ ਅਤੇ ਸਿੱਖਿਆ ਪ੍ਰਾਪਤ ਬਣਾਇਆ ਜਾ ਸਕੇ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨੇ ਅੱਗੇ ਦੱਸਿਆ ਕਿ ਇਸ ਟ੍ਰੇਨਿੰਗ ਪ੍ਰੋਗਰਾਮ ਤਹਿਤ ਜ਼ਿਲ੍ਹਾ ਬਰਨਾਲਾ ਵਿੱਚ ਕੁੱਲ 294 ਆਂਗਣਵਾੜੀ ਵਰਕਰਾਂ ਨੂੰ ਨਿਰਧਾਰਤ ਸਥਾਨ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ ਵਿਖੇ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਇਨ੍ਹਾਂ ਟ੍ਰੇਨਿੰਗ ਪ੍ਰੋਗਰਾਮਾਂ ਦੀ ਨਿਗਰਾਨੀ ਸਬੰਧਤ ਬਲਾਕ ਦੇ ਸੀਡੀਪੀਓ ਸ਼੍ਰੀ ਅਰਵਿੰਦ ਸਿੰਘ ਭੱਟੀ ਵੱਲੋਂ ਕਰਦੇ ਹੋਏ ਆਂਗਣਵਾੜੀ ਕਰਮਚਾਰੀਆਂ ਨੂੰ ਪੂਰੀ ਰੁਚੀ ਨਾਲ ਟ੍ਰੇਨਿੰਗ ਲੈਣ ਅਤੇ ਇਸ ਗਿਆਨ ਨੂੰ ਮੈਦਾਨੀ ਪੱਧਰ 'ਤੇ ਅਮਲ ਵਿੱਚ ਲਿਆਉਣ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਦੀਆਂ ਟ੍ਰੇਨਿੰਗਾਂ ਨਾਲ ਆਂਗਣਵਾੜੀ ਕੇਂਦਰਾਂ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਆਵੇਗਾ ਅਤੇ ਬੱਚਿਆਂ ਦੇ ਪੋਸ਼ਣ, ਸਿਹਤ ਅਤੇ ਸ਼ੁਰੂਆਤੀ ਸਿੱਖਿਆ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇਗਾ, ਜਿਸ ਨਾਲ ਪੋਸ਼ਣ ਅਤੇ ਪੜ੍ਹਾਈ ਅਭਿਆਨ ਦੇ ਟੀਚਿਆਂ ਨੂੰ ਸਫਲਤਾਪੂਰਕ ਹਾਸਲ ਕੀਤਾ ਜਾ ਸਕੇਗਾ। ਇਸ ਮੌਕੇ ਭੁਪਿੰਦਰ ਕੌਰ (ਜ਼ਿਲ੍ਹਾ ਕੋਆਡੀਨੇਟਰ), ਕਰਮਜੀਤ ਕੌਰ (ਬਲਾਕ ਕੋਆਡੀਨੇਟਰ),ਜਗਤਾਰ ਸਿੰਘ ਪ੍ਰਥਮ ਸਿੱਖਿਆ(ਜ਼ਿਲ੍ਹਾ ਕੋਆਡੀਨੇਟਰ), ਗੁਰਵਿੰਦਰ ਸਿੰਘ( ਸਹਾਇਕ ਕੋਆਡੀਨੇਟਰ), ਗਿਆਨ ਕੌਰ, ਬਬਲੀ ਤੇ ਰਾਜਿੰਦਰ ਕੌਰ (ਸੁਪਰਵਾਈਜ਼ਰ) ਸ਼ਾਮਲ ਸਨ।

# ਡੀਐੱਮਆਈ ਭੋਪਾਲ ਦੀ ਟੀਮ ਵਲੋਂ ਜ਼ਿਲ੍ਹੇ ਵਿਚ ਸਨਅਤੀ ਇਕਾਈਆਂ ਦਾ ਦੌਰਾ



ਬਰਨਾਲਾ, 11 ਫਰਵਰੀ (ਬਘੇਲ ਸਿੰਘ ਧਾਲੀਵਾਲ) : ਜ਼ਿਲ੍ਹਾ ਬਰਨਾਲਾ ਵਿੱਚ ਵੱਡੀਆਂ ਉਦਯੋਗਿਕ ਇਕਾਈਆਂ ਸਮੇਤ ਵੱਡੀ ਗਿਣਤੀ ਸਨਅਤਾਂ ਹੋਣ ਦੇ ਮੱਦੇਨਜ਼ਰ ਰਸਾਇਣਿਕ ਰਸਾਅ ਜਿਹੀਆਂ ਸੰਭਾਵੀ ਘਟਨਾਵਾਂ/ ਐਮਰਜੈਂਸੀ ਆਫ਼ਤਾਂ ਨਾਲ ਨਜਿੱਠਣ ਦੀਆਂ ਤਿਆਰੀਆਂ ਦੇ ਜ਼ਾਇਜ਼ੇ ਅਤੇ ਮਾਰਗਦਰਸ਼ਨ ਲਈ ਅੱਜ ਦੂਸਰੇ ਦਿਨ ਆਫ਼ਤ ਪ੍ਰਬੰਧਨ ਸੰਸਥਾ (ਡਿਜ਼ਾਸਟਰ ਮੈਨੇਜਮੈਂਟ) ਭੋਪਾਲ ਦੀ ਤਿੰਨ ਮੈਂਬਰੀ ਟੀਮ ਵਲੋਂ ਜ਼ਿਲ੍ਹਾ ਬਰਨਾਲਾ ਦਾ ਦੌਰਾ ਕੀਤਾ ਗਿਆ।ਡਿਪਟੀ ਡਾਇਰੈਕਟਰ ਫੈਕਟਰੀਜ਼ ਬਰਨਾਲਾ ਸ੍ਰੀ ਸਾਹਿਲ ਗੋਇਲ ਨੇ ਦੱਸਿਆ ਕਿ ਅੱਜ ਡੀਐੱਮਆਈ ਭੋਪਾਲ ਦੀ ਟੀਮ ਦੇ ਮੈਂਬਰ ਡਾ. ਸੁਧੀਰ ਦੀਵੇਦੀ (ਜੁਆਇੰਟ ਡਾਇਰੈਕਟਰ, ਕੰਸਲਟੈਂਸੀ ਐਂਡ ਅਵੇਅਰਨੈਸ ਡਿਵੀਜ਼ਨ) ਨੇ ਜ਼ਿਲ੍ਹੇ ਵਿਚ ਕਨ੍ਹਈਆ ਸੋਲਵੈਕਸ ਪ੍ਰਾਈਵੇਟ ਲਿਮ. ਹੰਡਿਆਇਆ, ਦੀਪ ਸੋਲਵੈਂਟ ਪ੍ਰਾਈਵੇਟ ਲਿਮ. ਧੌਲਾ, ਸਿੰਗਲਾ ਸੋਲਵੈਂਟ ਮੌੜ ਨਾਭਾ ਦਾ ਦੌਰਾ ਕੀਤਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ ਆਫ ਸਾਈਟ ਡਿਜ਼ਾਸਟਰ ਮੈਨੇਜਮੈਂਟ ਪਲਾਨ ਤਿਆਰ ਕੀਤਾ ਜਾ ਰਿਹਾ ਹੈ ਜਿਸ ਸਬੰਧੀ ਟੀਮ ਵਲੋਂ ਸਾਰੇ ਵਿਭਾਗਾਂ ਅਤੇ ਸਨਅਤੀ ਅਦਾਰਿਆਂ ਨੂੰ ਅਹਿਮ ਪੱਖਾਂ ਬਾਰੇ ਜਾਣਕਾਰੀ ਦਿੱਤੀ ਗਈ।ਇਸ ਟੀਮ ਵਿੱਚ ਪ੍ਰਿਯੰਕਾ ਸਕਸੈਨਾ ਅਸਿਸਟੈਂਟ ਡਾਇਰੈਕਟਰ (ਡੀਐਮਆਈ, ਭੋਪਾਲ) ਅਤੇ ਕੁਮਾਰ ਦੀਪਾਂਕਰ ਟੈਕਨੀਕਲ ਐਕਸਪਰਟ (ਡੀ ਐਮ ਆਈ ਭੋਪਾਲ) ਵੀ ਸ਼ਾਮਲ ਸਨ।

# ਵੇਦਾਂਤਾ ਪਾਵਰ ਨੇ ਪਿੰਡ ਰਾਏਪੁਰ ਵਿੱਚ ਮੈਗਾ ਸਿਹਤ ਕੈਂਪ ਲਗਾਇਆ




ਸਰਦੂਲਗੜ੍ਹ 11 ਫਰਵਰੀ ( ਲਛਮਣ ਸਿੱਧੂ ) : ਪੰਜਾਬ ਅਤੇ ਉੱਤਰੀ ਭਾਰਤ ਦੇ ਸਭ ਤੋਂ ਵੱਡੇ ਨਿੱਜੀ ਥਰਮਲ ਬਿਜਲੀ ਘਰ ਤਲਵੰਡੀ ਸਾਬੋ ਪਾਵਰ ਲਿਮਿਟਡ ਨੇ ਆਪਣੀ ਪ੍ਰਮੁੱਖ ਸਿਹਤ ਸੰਬੰਧੀ ਪਹਲ 'ਪ੍ਰੋਜੈਕਟ ਸਿਹਤ' ਤਹਿਤ ਮਾਨਸਾ ਦੇ ਰਾਏਪੁਰ ਪਿੰਡ ਵਿੱਚ ਇੱਕ ਮੇਗਾ ਸਿਹਤ ਕੈਂਪ ਦਾ ਆਯੋਜਨ ਕੀਤਾ। ਇਸ ਕੈਂਪ ਰਾਹੀਂ ਸਮੁਦਾਇਕ ਭਲਾਈ ਅਤੇ ਰੋਕਥਾਮੀ ਸਿਹਤ ਸਹੂਲਤਾਂ ਪ੍ਰਤੀ ਕੰਪਨੀ ਦੀ ਵਚਨਬੱਧਤਾ ਦਰਸਾਈ ਗਈ।

ਇਸ ਪਹਲ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਭਾਗ ਲਿਆ। ਇਸ ਦੌਰਾਨ 340 ਮਰੀਜ਼ਾਂ ਨੇ ਮੁਫ਼ਤ ਚਿਕਿਤਸਕ ਸਲਾਹ ਅਤੇ ਸਿਹਤ ਸੇਵਾਵਾਂ ਪ੍ਰਾਪਤ ਕੀਤੀਆਂ। ਸਧਾਰਣ ਰੋਗਾਂ ਦੇ ਮਾਹਿਰ, ਇਸਤਰੀ ਰੋਗਾਂ ਦੇ ਮਾਹਿਰ, ਚਮੜੀ ਦੇ ਰੋਗਾਂ ਦੇ ਮਾਹਿਰ ਅਤੇ ਦੰਦਾਂ ਦੇ ਰੋਗਾਂ ਦੇ ਮਾਹਿਰ ਸਮੇਤ ਕਈ ਯੋਗ ਡਾਕਟਰਾਂ ਦੀ ਟੀਮ ਨੇ ਕੈਂਪ ਵਿੱਚ ਮਾਹਰ ਸਲਾਹਾਂ ਅਤੇ ਇਲਾਜ ਬਾਰੇ ਜਾਣਕਾਰੀ ਦਿੱਤੀ ਗਈ ।

ਇਸ ਸਿਹਤ ਕੈਂਪ ਵਿੱਚ ਲਾਭ ਲੈਣ ਵਾਲਿਆਂ ਨੂੰ ਖੂਨ ਦਾ ਦਬਾਅ (ਬੀਪੀ), ਹੀਮੋਗਲੋਬਿਨ (ਐਚਬੀ), ਖੂਨ ਵਿੱਚ ਸ਼ੱਕਰ ਦੀ ਮਾਤਰਾ, ਮਲੇਰੀਆ, ਡੇਂਗੂ ਅਤੇ ਖੂਨ ਦੇ ਸਮੂਹ ਦੀ ਜਾਂਚ ਵਰਗੀਆਂ ਮੁਫ਼ਤ ਪੜਤਾਲਾਂ ਦੇ ਨਾਲ ਨਾਲ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ। ਇਸ ਨਾਲ ਇਹ ਪੱਕਾ ਕੀਤਾ ਗਿਆ ਕਿ ਕੈਂਪ ਵਿੱਚ ਸ਼ਾਮਲ ਹੋਣ ਵਾਲੇ ਹਰ ਵਿਅਕਤੀ ਨੂੰ ਵੇਲੇ ਸਿਰ ਅਤੇ ਸੁਖਾਲੇ ਤਰੀਕੇ ਨਾਲ ਸਿਹਤ ਸਹੂਲਤਾਂ ਮਿਲ ਸਕਣ।

ਇਸ ਹੈਲਥ ਕੈਂਪ ਦਾ ਉਦਘਾਟਨ ਰਾਇਪੁਰ ਪਿੰਡ ਦੇ ਸਰਪੰਚ ਸੁਖਰਾਜ ਸਿੰਘ ਵੱਲੋਂ ਰਿਬਨ ਕੱਟ ਕੇ ਕੀਤਾ ਗਿਆ। ਉਨ੍ਹਾਂ ਦੇ ਨਾਲ ਹੋਰ ਪੰਚਾਇਤ ਮੈਂਬਰ ਜਿਵੇਂ ਕਿ ਮੱਖਣ ਸਿੰਘ, ਰਾਮ ਸਿੰਘ, ਜਗਜੀਤ ਸਿੰਘ, ਸੁਖਵਿੰਦਰ ਸਿੰਘ, ਦਵਿੰਦਰ ਸਿੰਘ, ਅਮਰਦੀਪ ਸਿੰਘ ਅਤੇ ਹਰਪ੍ਰੀਤ ਸਿੰਘ ਵੀ ਮੌਜੂਦ ਰਹੇ। ਇਹ ਸਥਾਨਕ ਲੋਕਾਂ ਲਈ ਇੱਕ ਵੱਡੇ ਹੈਲਥਕੇਅਰ ਆਉਟਰੀਚ ਪ੍ਰੋਗਰਾਮ ਦੀ ਸ਼ੁਰੂਆਤ ਹੈ, ਜਿਸ ਵਿੱਚ ਲੋਕਾਂ ਵੱਲੋਂ ਵੱਡੀ ਗਿਣਤੀ ਵਿੱਚ ਭਾਗੀਦਾਰੀ ਦੇਖਣ ਨੂੰ ਮਿਲੀ। ਟੀਐਸਪੀਐਲ ਟੀਮ ਵੱਲੋਂ ਸੀਐਸਆਰ ਟੀਮ ਦੀ ਯਸ਼ਮੀਨ ਮਿੱਤਲ ਵੀ ਹਾਜ਼ਰ ਸਨ।

ਕੈਂਪ ਵਿੱਚ ਸ਼ਾਮਲ ਸਿਹਤ ਵਿਭਾਗ ਦੇ ਅਧਿਕਾਰੀਆਂ ਵਿੱਚ ਨਿਰਮਲ ਸਿੰਘ (ਸਿਹਤ ਨਿਰੀਖਕ), ਅਜੈਬ ਸਿੰਘ (ਐਮਪੀਐਚਡਬਲਯੂ — ਮਲਟੀ ਪਰਪਜ਼ ਹੈਲਥ ਵਰਕਰ) ਅਤੇ ਕਿਰਣ ਪਾਲ ਕੌਰ (ਆਸ਼ਾ ਫੈਸਿਲੀਟੇਟਰ) ਸ਼ਾਮਲ ਰਹੇ। ਇਨ੍ਹਾਂ ਅਧਿਕਾਰੀਆਂ ਦੀ ਭਾਗੀਦਾਰੀ ਨਾਲ ਟੀਐਸਪੀਐਲ ਅਤੇ ਸਰਕਾਰੀ ਸਿਹਤ ਸੇਵਾਵਾਂ ਸੰਸਥਾਵਾਂ ਵਿਚਕਾਰ ਆਪਸੀ ਤਾਲਮੇਲ ਹੋਰ ਮਜ਼ਬੂਤ ਹੋਇਆ।

ਟੀਐਸਪੀਐਲ ਦੇ ਸੀਈਓ ਪੰਕਜ ਸ਼ਰਮਾ ਨੇ ਕਿਹਾ ਕਿ ਪ੍ਰੋਜੈਕਟ ਸਿਹਤ ਤਹਿਤ ਕਮਿਊਨਿਟੀ ਹੈਲਥ 'ਤੇ ਕੰਪਨੀ ਦਾ ਧਿਆਨ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਚੰਗੀ ਸਿਹਤ ਨਾਲ ਹੀ ਮਜ਼ਬੂਤ ਕਮਿਊਨਿਟੀਆਂ ਬਣਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਇਹ ਪਹਿਲ ਸਮੇਂ ਸਿਰ ਮੈਡੀਕਲ ਮਦਦ, ਡਾਇਗਨੋਸਟਿਕਸ ਅਤੇ ਜਾਗਰੂਕਤਾ ਰਾਹੀਂ ਜਮੀਨੀ ਪੱਧਰ 'ਤੇ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਂਦੀ ਹੈ। ਰਾਇਪੁਰ ਵਿੱਚ ਆਯੋਜਿਤ ਮੇਗਾ ਹੈਲਥ ਕੈਂਪ ਵਰਗੇ ਪ੍ਰੋਗਰਾਮ ਲੰਬੇ ਸਮੇਂ ਦੇ ਸਮਾਜਿਕ ਪ੍ਰਭਾਵ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਵਾਲੇ ਪਿੰਡ ਪੱਧਰੀ ਵਿਕਾਸ ਵਿੱਚ ਯੋਗਦਾਨ ਪਾਉਂਦੇ ਹਨ।

# ਡਿਪਟੀ ਕਮਿਸ਼ਨਰ ਵਲੋਂ ਹਫ਼ਤਾਵਰੀ ਜੈਵਿਕ ਮੰਡੀ ਦਾ ਦੌਰਾ



ਬਰਨਾਲਾ 11 ਫਰਵਰੀ (ਬਘੇਲ ਸਿੰਘ ਧਾਲੀਵਾਲ) : ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਵਲੋਂ ਕਿਸਾਨਾਂ ਅਤੇ ਆਮ ਜਨਤਾ ਦੀ ਮੰਗ ਦੇ ਮੱਦੇਨਜ਼ਰ ਆਤਮਾ ਸਕੀਮ ਤਹਿਤ ਬਰਨਾਲਾ ਸ਼ਹਿਰ ਵਿੱਚ ਲਾਈ ਜਾਂਦੀ ਜੈਵਿਕ ਮੰਡੀ (ਔਰਗੈਨਿਕ ਮੰਡੀ) ਦਾ ਅੱਜ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਆਈ ਏ ਐੱਸ ਵਲੋਂ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਸਾਨਾਂ ਨਾਲ ਮੁਲਾਕਾਤ ਕੀਤੀ ਜਿਨ੍ਹਾਂ ਵਲੋਂ ਅੱਜ ਮੰਡੀ ਵਿੱਚ ਜੈਵਿਕ ਸਬਜ਼ੀਆਂ, ਚੌਲ, ਮੋਟੇ ਅਨਾਜ, ਦਾਲਾਂ, ਪਿੰਨੀਆਂ, ਗੁੜ, ਸ਼ਹਿਦ, ਡੇਅਰੀ ਉਤਪਾਦ ਆਦਿ ਉਤਪਾਦ ਲਿਆਂਦੇ ਗਏ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਸਾਨਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਕਿਹਾ ਕਿ ਜੈਵਿਕ ਮੰਡੀ ਦਾ ਦਾਇਰਾ ਵਧਾਉਣ ਅਤੇ ਹੋਰ ਬਿਹਤਰ ਕਰਨ ਦੀ ਵਿਉਂਤਬੰਦੀ ਕੀਤੀ ਜਾਵੇਗੀ। ਉਨ੍ਹਾਂ ਖੇਤੀਬਾੜੀ ਵਿਭਾਗ ਨੂੰ ਕਿਸਾਨ ਹੱਟ ਬਾਰੇ ਵੀ ਤਜਵੀਜ਼ ਤਿਆਰ ਕਰਨ ਲਈ ਕਿਹਾ। ਇਸ ਮੌਕੇ ਮੰਡੀ ਵਿੱਚ ਜੈਵਿਕ ਸਬਜ਼ੀਆਂ ਲੈ ਕੇ ਆਏ ਕਿਸਾਨ ਅਜੀਤ ਸਿੰਘ ਵਾਸੀ ਟੱਲੇਵਾਲ ਨੇ ਦੱਸਿਆ ਕਿ ਉਹ ਸੇਵਾਮੁਕਤ ਮੁਲਾਜ਼ਮ ਹੈ ਅਤੇ ਆਪਣੇ ਪਰਿਵਾਰ ਲਈ ਜੈਵਿਕ ਸਬਜ਼ੀਆਂ ਉਗਾਉਣ ਦੀ ਸ਼ੁਰੂਆਤ ਕੀਤੀ ਅਤੇ ਹੌਲੀ ਹੌਲੀ ਰਕਬਾ ਵਧਾਇਆ। ਹੁਣ ਉਹ ਹਰ ਹਫ਼ਤੇ ਮੰਡੀ ਵਿੱਚ ਜੈਵਿਕ ਸਬਜ਼ੀਆਂ ਲੈ ਕੇ ਆਉਂਦਾ ਹੈ। ਇਹ ਜਿੱਥੇ ਪਰਿਵਾਰ ਅਤੇ ਗਾਹਕਾਂ ਦੀ ਸਿਹਤਯਾਬੀ ਲਈ ਚੰਗਾ ਹੈ ਓਥੇ ਉਸਨੂੰ ਆਮਦਨ ਵੀ ਵਧੀਆ ਹੁੰਦੀ ਹੈ ਅਤੇ ਉਸਦਾ ਸਮਾਂ ਵੀ ਵਧੀਆ ਗੁਜ਼ਰਦਾ ਹੈ। ਇਸ ਮੌਕੇ ਅਮਨਦੀਪ ਸਿੰਘ ਵੜਿੰਗ ਵਾਸੀ ਧਨੌਲਾ ਨੇ ਦੱਸਿਆ ਕਿ ਉਸਨੇ ਆਪਣੇ ਖੇਤ ਵਿੱਚ ਜੈਵਿਕ ਅਨਾਜ, ਸਬਜ਼ੀਆਂ, ਫਲ ਲਗਾਏ ਹੋਏ ਹਨ ਅਤੇ ਘਰ ਦੇ ਡੇਅਰੀ ਉਤਪਾਦ, ਆਚਾਰ, ਪਿੰਨੀਆਂ ਆਦਿ ਤਿਆਰ ਕਰਕੇ ਮੰਡੀ ਵਿੱਚ ਲੈ ਕੇ ਆਉਂਦਾ ਹੈ। ਉਸਨੇ ਜ਼ਿਲ੍ਹਾ ਪ੍ਰਸ਼ਾਸਨ ਦੀ ਇਹ ਮਾਰਕੀਟਿੰਗ ਮੰਚ ਮੁਹੱਈਆ ਕਰਾਉਣ ਲਈ ਸ਼ਲਾਘਾ ਕੀਤੀ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਜੈਵਿਕ ਮੰਡੀ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ ਕੀਤੀ ਤਾਂ ਜੋ ਕਿਸਾਨਾਂ ਨੂੰ ਉਤਸ਼ਾਹ ਮਿਲੇ ਅਤੇ ਬਰਨਾਲਾ ਵਾਸੀਆਂ ਨੂੰ ਸ਼ੁੱਧ, ਜੈਵਿਕ, ਘਰੇਲੂ ਉਤਪਾਦ ਮਿਲ ਸਕਣ। ਜ਼ਿਕਰਯੋਗ ਹੈ ਕਿ ਇਹ ਮੰਡੀ ਹਰ ਬੁੱਧਵਾਰ ਨੂੰ ਦਫ਼ਤਰ ਬਲਾਕ ਖੇਤੀਬਾੜੀ ਅਫ਼ਸਰ, ਚਿੰਟੂ ਪਾਰਕ ਵਾਲੀ ਗਲੀ ਵਿੱਚ ਸ਼ਾਮ 3 ਵਜੇ ਤੋਂ 7 ਵਜੇ ਤੱਕ ਲਗਾਈ ਜਾਂਦੀ ਹੈ।

ਇਸ ਮੌਕੇ ਮੁੱਖ ਖੇਤੀਬਾੜੀ ਅਫ਼ਸਰ ਡਾ. ਅੰਮ੍ਰਿਤਪਾਲ ਸਿੰਘ, ਖੇਤੀਬਾੜੀ ਅਫ਼ਸਰ ਧਰਮਵੀਰ ਸਿੰਘ, ਮੈਡਮ ਸੁਨੀਤਾ ਸ਼ਰਮਾ, ਕਿਸਾਨ ਈਸਰ ਸਿੰਘ ਹਰੀਗੜ੍ਹ, ਬਚਿੱਤਰ ਸਿੰਘ ਪਿੰਡ ਪੱਤੀ ਸੇਖਵਾਂ, ਸੁਰਿੰਦਰਪਾਲ ਸਿੰਘ, ਅੰਮ੍ਰਿਤਪਾਲ ਸਿੰਘ ਪਿੰਡ ਵਾਹਿਗੁਰੂਪੁਰਾ, ਸੌਦਾਗਰ ਸਿੰਘ ਪਿੰਡ ਠੁੱਲੀਵਾਲ ਮੌਜੂਦ ਸਨ।

# ਗੁਰਦੁਆਰਾ ਸ੍ਰੀ ਧਮਤਾਨ ਸਾਹਿਬ ਵਿਖੇ ਗੁਰਮਤਿ ਸਮਾਗਮ ਹੋਇਆ




ਖਨੌਰੀ, 11 ਫਰਵਰੀ (ਓਮਪ੍ਰਕਾਸ਼ ਮੁਆਲ) : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਲੋਂ ਥਾਪੇ ਗਏ ਮਾਲਵੇ ਦੇ ਪ੍ਰਮੁੱਖ ਗੁਰਮਤਿ ਪ੍ਰਚਾਰ ਕੇਂਦਰ ਗੁਰਦੁਆਰਾ ਪਾਤਸ਼ਾਹੀ ਨੌਵੀਂ ਧਮਤਾਨ ਸਾਹਿਬ ਵਿਖੇ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਅਤੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਗੁਰਮਤਿ ਸਮਾਗਮ ਦੌਰਾਨ ਭਾਈ ਜਬਰਤੋੜ ਸਿੰਘ ਹਜੂਰੀ ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਮਨਜਿੰਦਰ ਸਿੰਘ ਰਬਾਬੀ ਹਜੂਰੀ ਰਾਗੀ ਗੁਰਦੁਆਰਾ ਨਾਢਾ ਸਾਹਿਬ, ਭਾਈ ਪ੍ਰਿਤਪਾਲ ਸਿੰਘ ਹਜੂਰੀ ਕਥਾਵਾਚਕ ਗੁਰਦੁਆਰਾ ਦੁਖਨਿਵਾਰਨ ਸਾਹਿਬ ਪਟਿਆਲਾ, ਭਾਈ ਗੁਰਮੀਤ ਸਿੰਘ ਕਵੀਸ਼ਰ ਧਰਮ ਪ੍ਰਚਾਰ ਹਰਿਆਣਾ, ਭਾਈ ਚਰਣਜੀਤ ਸਿੰਘ ਕਥਾਵਾਚਕ ਗੁਰਦੁਆਰਾ ਧਮਤਾਨ ਸਾਹਿਬ, ਭਾਈ ਜੋਗਿੰਦਰ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਧਮਤਾਨ ਸਾਹਿਬ, ਭਾਈ ਅਮਨਦੀਪ ਸਿੰਘ ਹਜੂਰੀ ਰਾਗੀ ਗੁਰਦੁਆਰਾ ਧਮਤਾਨ ਸਾਹਿਬ, ਭਾਈ ਇੰਦਰਪਾਲ ਸਿੰਘ ਪ੍ਰਚਾਰਕ ਧਰਮ ਪ੍ਰਚਾਰ ਹਰਿਆਣਾ ਆਦਿ ਨੇ ਹਾਜ਼ਰੀ ਭਰਦਿਆਂ ਸੰਗਤਾਂ ਨੂੰ ਕਥਾ, ਕੀਰਤਨ, ਸ਼ਬਦ, ਵਿਚਾਰਾਂ ਨਾਲ ਨਿਹਾਲ ਕੀਤਾ। ਸੰਗਤਾਂ ਨੂੰ ਗੁਰੂਆਂ ਦੇ ਦਰਸਾਏ ਮਾਰਗ ਤੇ ਚੱਲਣ ਲਈ ਪ੍ਰੇਰਿਤ ਕਰਦਿਆਂ ਦੱਸਿਆ ਕਿ ਕਿਵੇਂ ਗੁਰੂ ਰਵਿਦਾਸ ਜੀ ਨੇ ਦੱਸਾਂ ਨੌਹਾਂ ਦੀ ਕਿਰਤ ਕਮਾਈ ਕਰਦਿਆਂ ਵਾਹਿਗੁਰੂ ਜੀ ਦੀ ਭਜਨ ਬੰਦਗੀ ਕੀਤੀ ਤੇ ਲੋਕਾਂ ਨੂੰ ਕਰਮਕਾਂਡ ਅਤੇ ਪਾਖੰਡਵਾਦ ਦੇ ਅੰਧ ਵਿਸ਼ਵਾਸ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਪੰਜਾਬ ਤੇ ਹਰਿਆਣਾ ਦੇ ਪਿੰਡਾਂ ਵਿਚੋਂ ਭਾਰੀ ਗਿਣਤੀ ਵਿੱਚ ਪਹੁੰਚ ਕੇ ਸੰਗਤਾਂ ਨੇ ਸ਼ਰਬਤ ਦੇ ਭੱਲੇ ਲਈ ਹੋਈ ਅਰਦਾਸ ਵਿੱਚ ਹਿੱਸਾ ਲਿਆ। ਇਸ ਮੌਕੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨਾਲ ਸਮੂਹ ਕਮੇਟੀ ਮੈਂਬਰ ਹਾਜ਼ਰ ਸਨ। ਇਸ ਮੌਕੇ ਆਈਆਂ ਸੰਗਤਾਂ ਦਾ ਸ੍ਰ. ਬਲਵਿੰਦਰ ਸਿੰਘ ਖਾਲਸਾ ਮੈਂਬਰ ਹਰਿਆਣਾ ਕਮੇਟੀ, ਕਥਾਵਾਚਕ ਚਰਨਜੀਤ ਸਿੰਘ, ਕਲਰਕ ਜਗਬੀਰ ਸਿੰਘ ਨਵਾਂ ਗਾਂਓ ਨੇ ਕਮੇਟੀ ਮੈਂਬਰਾਂ ਨਾਲ ਧੰਨਵਾਦ ਪ੍ਰਗਟ ਕੀਤਾ। ? ਗੁਰੂ ਘਰ ਦੇ ਸੇਵਾਦਾਰ ਭਾਈ ਗੁਰਚਰਨ ਸਿੰਘ ਰਸੀਦਾਂ ਨੇ ਦੱਸਿਆ ਕਿ ਸੇਵਾਦਾਰਾਂ ਵੱਲੋਂ ਗਰਮ ਦੁੱਧ , ਪਕੌੜੇ, ਚਾਟ ਫਰੂਟ ਦੇ ਲੰਗਰ ਲਗਾਏ ਗਏ । ਇਸ ਸਮੇਂ ਗੁਰੂ ਕਾ ਲੰਗਰ ਵੀ ਅਤੁੱਟ ਵਰਤਿਆ ਗਿਆ।

# ਮੱਖੀ ਪਾਲਣ ਨਾਲ ਬਣਾਈ ਮਿਸਾਲ, ਕਿਸਾਨ ਬੀਬੀਆਂ ਨੇ ਕਿੱਤੇ ਨੂੰ ਦਿੱਤਾ ਨਵਾਂ ਰੂਪ, ਡਿਪਟੀ ਕਮਿਸ਼ਨਰ ਵੱਲੋਂ ਗਰੁੱਪ ਦੀ ਸ਼ਲਾਘਾ



ਦਿਆਲਪੁਰਾ ਭਾਈਕਾ (ਬਠਿੰਡਾ), 11 ਫਰਵਰੀ (ਸਵਰਨ ਸਿੰਘ ਭਗਤਾ) ਮੱਖੀ ਪਾਲਣ ਦੇ ਕਿੱਤੇ ਨੂੰ ਨਵਾਂ ਰੂਪ ਦਿੰਦਿਆਂ ਕਿਸਾਨ ਬੀਬੀਆਂ ਨੇ ਮਿਸਾਲ ਬਣਾਈ ਹੈ। ਏਕ ਉਂਕਾਰ ਸੈਲਫ਼ ਹੈਲਪ ਗਰੁੱਪ, ਪਿੰਡ ਦਿਆਲਪੁਰਾ ਭਾਈਕਾ ਅਤੇ ਭਗਤਾ ਬਲਾਕ ਦੇ ਹੋਰਨਾਂ ਪਿੰਡਾਂ ਤੋਂ ਸ਼ਾਮਲ ਹੋਈਆਂ ਕਿਸਾਨ ਬੀਬੀਆਂ ਵੱਲੋ ਵੀ ਅਜੀਵਿਕਾ ਹਨੀ, ਕੌਰ ਹਨੀ ਅਤੇ ਕੁਦਰਤ ਹਨੀ ਬ੍ਰਾਂਡ ਹੇਠਾਂ ਅਨੇਕਾਂ ਪ੍ਰਕਾਰ ਦੇ ਸ਼ਹਿਦ ਅਤੇ ਉਸ ਤੋਂ ਬਣੇ ਉਤਪਾਦ ਵੇਚੇ ਜਾਂਦੇ ਹਨ। ਉਨ੍ਹਾਂ ਵੱਲੋਂ ਬੇਰੀ, ਸਰ੍ਹੋਂ, ਸਫੇਦਾ, ਟਾਹਲੀ, ਲੀਚੀ, ਕਿੱਕਰ, ਅਜਵੈਨ, ਧਨੀਆ, ਬਰਸੀਮ ਆਦਿ ਤੋਂ ਤਿਆਰ ਸ਼ਹਿਦ ਦਾ ਉਤਪਾਦਨ ਕੀਤਾ ਜਾਂਦਾ ਹੈ।

ਗਰੁੱਪ ਦੀ ਮੈਂਬਰ ਜਸਵੀਰ ਕੌਰ ਨੇ ਦੱਸਿਆ ਕਿ ਸਾਰਾ ਸਾਲ ਵੱਖ-ਵੱਖ ਤਰ੍ਹਾਂ ਦੇ ਸ਼ਹਿਦ ਦੇ ਉਤਪਾਦਨ ਲਈ ਗਰੁੱਪ ਵੱਲੋਂ ਮੱਖੀਆਂ ਨੂੰ ਹਰਿਆਣਾ, ਰਾਜਸਥਾਨ ਅਤੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਪ੍ਰਵਾਸ ਲਈ ਲਿਜਾਇਆ ਜਾਂਦਾ ਹੈ। ਜਸਵੀਰ ਨੇ ਦੱਸਿਆ ਕਿ ਉਨ੍ਹਾਂ ਦੇ ਗਰੁੱਪ ਨੇ 2020 ਤੋਂ ਮੱਖੀ ਪਾਲਣ ਦੇ ਕਿੱਤੇ ਨੂੰ ਰੁਜ਼ਗਾਰ ਦੇ ਤੌਰ @ਤੇ ਅਪਣਾਇਆ।

ਇਨ੍ਹਾਂ ਕਿਸਾਨ ਬੀਬੀਆਂ ਨੇ ਮਾਨ ਮੱਖੀ ਫਾਰਮ, ਪਿੰਡ ਤੁੰਗਵਾਲੀ, ਜ਼ਿਲ੍ਹਾ ਬਠਿੰਡਾ ਵਿਖੇ ਲੱਗੇ ਜਾਗਰੂਕਤਾ ਕੈਂਪ ਤੋਂ ਪ੍ਰੇਰਨਾ ਲੈਕੇ ਪੰਜ ਮੈਂਬਰਾਂ ਦੀ ਟੀਮ ਬਣਾਈ ਅਤੇ ਮੱਖੀ ਪਾਲਣ ਦਾ ਕੰਮ 50 ਬਕਸਿਆਂ ਨਾਲ ਸ਼ੁਰੂ ਕੀਤਾ। ਇਸ ਕਿੱਤੇ ਨੂੰ ਹੋਰ ਅੱਗੇ ਵਧਾਉਣ ਲਈ ਬਾਗਬਾਨੀ ਵਿਭਾਗ ਪੰਜਾਬ ਅਤੇ ਪੰਜਾਬ ਰਾਜ ਦਿਹਾਤੀ ਮਿਸ਼ਨ ਤੋਂ ਵਿੱਤੀ ਸਹਾਇਤਾ ਦੇ ਤੌਰ @ਤੇ ਮਿਲੇ ਸਹਿਯੋਗ ਸਦਕਾ ਅੱਜ ਉਨ੍ਹਾਂ ਕੋਲ ਮਧੂ ਮੱਖੀਆਂ ਦੇ 2500 ਬਕਸੇ ਹਨ।

ਉਨ੍ਹਾਂ ਦੱਸਿਆ ਕਿ ਅੱਜ ਇਸ ਗਰੁੱਪ ਵਿੱਚ 200 ਮੈਂਬਰਾਂ ਨੂੰ ਇਸ ਕਿੱਤੇ ਰਾਹੀਂ ਹੋ ਰਹੀ ਆਮਦਨ ਦੇ ਨਾਲ-ਨਾਲ ਸਾਰਾ ਸਾਲ 5 ਜਾਂ 6 ਕਾਮਿਆਂ ਨੂੰ ਰੁਜ਼ਗਾਰ ਵੀ ਮਿਲਦਾ ਰਹਿੰਦਾ ਹੈ। ਗਰੁੱਪ ਨੂੰ ਪੰਜਾਬ ਐਗਰੋ ਵੱਲੋਂ ਸਬਸਿਡੀ ਉੱਤੇ 10 ਲੱਖ ਰੁਪਏ ਦਾ ਪ੍ਰੋਜੈਕਟ ਦਿੱਤਾ ਗਿਆ ਹੈ, ਜਿਸ ਨਾਲ ਉਹ ਸ਼ਹਿਦ ਨੂੰ ਦੀ ਪ੍ਰੋਸੈਸਿੰਗ ਕਰਕੇ ਉਸ ਦਾ ਮੰਡੀਕਰਨ ਕੀਤਾ ਜਾਂਦਾ ਹੈ ।

ਸ਼ਹਿਦ ਦੇ ਮੰਡੀਕਰਨ ਲਈ ਗਰੁੱਪ ਵੱਲੋਂ ਆਜੀਵਿਕਾ, ਕੁਦਰਤ ਅਤੇ ਕੌਰ ਹਨੀ ਦੇ ਮਾਰਕੇ ਹੇਠ ਖੁਦ ਪ੍ਰੋਸੈਸਿੰਗ ਅਤੇ ਪੈਕਿੰਗ ਕਰਕੇ ਵਿਕਰੀ ਕੀਤੀ ਜਾਂਦੀ ਹੈ।

ਇਸ ਤੋਂ ਇਲਾਵਾ ਗਰੁੱਪ ਵੱਲੋਂ ਵੱਖ-ਵੱਖ ਵਿਭਾਗਾਂ ਦੇ ਸਹਿਯੋਗ ਨਾਲ ਪ੍ਰਦਰਸ਼ਨੀਆਂ, ਮੇਲਿਆਂ ਵਿੱਚ ਜਾਕੇ ਅਤੇ ਭਗਤਾ-ਬਰਨਾਲਾ ਰੋਡ, ਪਿੰਡ ਦਿਆਲਪੁਰਾ ਭਾਈਕਾ ਵਿਖੇ ਗਰੁੱਪ ਦੇ ਬਣੇ ਹੋਏ ਵਿਕਰੀ ਕੇਂਦਰ @ਤੇ ਸ਼ਹਿਦ ਵੇਚਿਆ ਜਾਂਦਾ ਹੈ।

ਸ਼ਹਿਦ ਦੇ ਮੰਡੀਕਰਨ ਵਿੱਚ ਆ ਰਹੀਆਂ ਸਮੱਸਿਆਵਾਂ ਬਾਰੇ ਗੱਲ ਕਰਦੇ ਹੋਏ ਜਸਵੀਰ ਕੌਰ ਨੇ ਦੱਸਿਆ ਕਿ ਲੋਕਾਂ ਵਿੱਚ ਜਾਗਰੂਕਤਾ ਦੀ ਘਾਟ ਹੋਣ ਕਰਕੇ ਸਰ੍ਹੋਂ ਦੀ ਫ਼ਸਲ ਤੋਂ ਤਿਆਰ ਹੋਇਆ ਸ਼ਹਿਦ ਜੋ ਕਿ ਕੁਦਰਤੀ ਤੌਰ @ਤੇ ਘੱਟ ਤਾਪਮਾਨ ਤੇ ਜੰਮ ਜਾਂਦਾ ਹੈ, ਉਸ ਨੂੰ ਮਿਲਾਵਟੀ ਸਮਝ ਲਿਆ ਜਾਂਦਾ ਹੈ। ਇਸ ਤੋਂ ਇਲਾਵਾ ਗਰੁੱਪ ਵੱਲੋਂ ਸ਼ਹਿਦ ਦੇ ਧੰਦੇ ਤੋਂ ਚੰਗਾ ਮੁਨਾਫਾ ਕਮਾਉਣ ਲਈ ਮੰਡੀਕਰਨ ਦੀਆਂ ਨਵੀਆਂ ਤਕਨੀਕਾਂ ਸਬੰਧੀ ਸੇਧਾਂ ਲੈਣ ਲਈ ਮੰਡੀਕਰਨ ਵਿੰਗ, ਖੇਤੀਬਾੜੀ ਵਿਭਾਗ ਦੇ ਨਾਲ ਰਾਬਤਾ ਕੀਤਾ ਜਾ ਰਿਹਾ ਹੈ।

ਇਸ ਤਰ੍ਹਾਂ ਸਮਾਜਿਕ, ਆਰਥਿਕ ਔਕੜਾਂ ਹੋਣ ਦੇ ਬਾਵਜੂਦ ਇਸ ਕਿੱਤੇ ਨੂੰ ਅਪਣਾ ਕੇ ਆਪਣੀ ਆਮਦਨ ਵਿੱਚ ਵਾਧਾ ਕਰਨ ਵਾਲੀਆਂ ਕਿਸਾਨ ਬੀਬੀਆਂ ਦਾ ਇਹ ਸਮੂਹ ਆਪਸ ਵਿੱਚ ਜੁੜਕੇ ਸਾਂਝੇ ਤੌਰ @ਤੇ ਕੰਮ ਕਰਨ ਦੀ ਚੰਗੀ ਮਿਸਾਲ ਬਣ ਰਿਹਾ ਹੈ। ਅੱਜ ਦੇ ਇਸ ਵੱਧ ਰਹੇ ਖਰਚਿਆਂ ਦੇ ਸਮੇਂ ਵਿੱਚ ਪਿੰਡਾਂ/ਸ਼ਹਿਰਾਂ ਵਿੱਚ ਖੇਤੀਬਾੜੀ ਦੇ ਧੰਦੇ ਨਾਲ ਜੁੜੀਆਂ ਕਿਸਾਨ ਬੀਬੀਆਂ ਨੂੰ ਇਸ ਗਰੁੱਪ ਤੋਂ ਸੇਧ ਲੈ ਕੇ ਇਸ ਤਰ੍ਹਾਂ ਸਵੈ ਸਹਾਇਤਾ ਗਰੁੱਪ ਜਾਂ ਕਿਸਾਨ ਉਤਪਾਦਕ ਸੰਗਠਨ ਬਣਾਕੇ ਖੇਤੀਬਾੜੀ ਨਾਲ ਜੁੜੇ ਅਜਿਹੇ ਧੰਦੇ ਅਪਨਾਉਣ ਦੀ ਲੋੜ ਹੈ।

# ਭਾਰਤ ਮੋਦੀ ਦੇ ਅਕਾਲ ਚਲਾਣੇ ਨਾਲ ਬਰਨਾਲਾ ਵਿਚ ਸ਼ੋਕ ਦੀ ਲਹਿਰ

## ਐਲ.ਬੀ.ਐਸ. ਕਾਲਜ ਵੱਲੋਂ ਸੰਵੇਦਨਾ ਪ੍ਰਗਟ



ਬਰਨਾਲਾ 11 ਫਰਵਰੀ (ਇਸ਼ੇਨ ਕੰਗ) : ਡਾ. ਸੁਸ਼ੀਲ ਬਾਲਾ ਪ੍ਰਿੰਸੀਪਲ ਸ਼੍ਰੀ ਲਾਲ ਬਹਾਦੁਰ ਸਾਸ਼ਤਰੀ ਆਰੀਆ ਮਹਿਲਾ ਕਾਲਜ, ਬਰਨਾਲਾ ਵੱਲੋਂ ਬੜੇ ਦੁਖੀ ਹਿਰਦੇ ਨਾਲ ਇਹ ਦੱਸਿਆ ਕਿ ਪ੍ਰਧਾਨ ਕਾਲਜ ਮੈਨੇਜਿੰਗ ਕਮੇਟੀ ਸ਼੍ਰੀ ਭਾਰਤ ਮੋਦੀ ਜੀ ਅਚਾਨਕ ਹੀ ਅਕਾਲ ਚਲਾਣਾ ਕਰ ਗਏ ਹਨ। ਸ਼੍ਰੀ ਭਾਰਤ ਮੋਦੀ ਜੀ ਰਾਮ ਬਾਗ ਕਮੇਟੀ ਬਰਨਾਲਾ, ਭਗਤ ਮੋਹਨ ਲਾਲ ਸੇਵਾ ਸੰਮਤੀ, ਗਊਸ਼ਾਲਾ ਬਰਨਾਲਾ ਦੇ ਨਾਲ-ਨਾਲ ਹੋਰ ਕਈ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਦੇ ਪ੍ਰਧਾਨ ਰਹੇ ਹਨ। ਇਸ ਦੁੱਖ ਦੀ ਘੜੀ ਵਿੱਚ ਸਾਰੇ ਹੀ LBS ਕਾਲਜ ਅਤੇ ਕਾਲਜੀਏਟ ਸਕੂਲ ਨੇ ਸੰਵੇਦਨਾ ਪ੍ਰਗਟ ਕੀਤੀ। ਇਸ ਤੋਂ ਬਾਅਦ ਕਾਲਜ ਅਤੇ ਸਕੂਲ ਵਿੱਚ ਛੁੱਟੀ ਕਰ ਦਿੱਤੀ ਗਈ। ਇਸ ਦੁੱਖ ਦੀ ਘੜੀ ਵਿੱਚ ਸਮੂਹ ਮੈਨੇਜਮੈਂਟ ਕਮੇਟੀ, ਪ੍ਰਿੰਸੀਪਲ, ਸਟਾਫ ਅਤੇ ਵਿਦਿਆਰਥੀ ਉਹਨਾਂ ਦੇ ਪਰਿਵਾਰ ਨਾਲ ਆਪਣੀ ਦਿਲੋਂ ਸੰਵੇਦਨਾ ਪ੍ਰਗਟ ਕਰਦਾ ਹੈ ਅਤੇ ਪ੍ਰਾਥਨਾ ਕਰਦਾ ਹੈ ਕਿ ਈਸ਼ਵਰ ਉਹਨਾਂ ਦੀ ਦਿਵੰਗਤ ਆਤਮਾ ਨੂੰ ਆਪਣੇ ਚਰਨਾ ਵਿੱਚ ਸਥਾਨ ਦੇਵੇ ਅਤੇ ਪਰਿਵਾਰ ਨੂੰ ਇਹ ਭਾਣਾ ਮੰਨਣ ਦਾ ਬਲ ਬਖਸ਼ਣ।



# ਪਟਿਆਲਾ-ਆਸ/ਪਾਸ



# ਪੰਜਾਬੀ ਯੂਨੀਵਰਸਿਟੀ ਵਿਖੇ '15ਵਾਂ ਬੀਬੀ ਜਸਬੀਰ ਕੌਰ ਖ਼ਾਲਸਾ ਸਿਮ੍ਰਤੀ ਸਮਾਰੋਹ' ਕਰਵਾਇਆ

## ਗੁਰਮਤਿ ਸੰਗੀਤ ਸਾਡੀ ਅਮੀਰ ਵਿਰਾਸਤ ਦਾ ਅਨਮੋਲ ਅੰਗ: ਡਾ. ਜਗਦੀਪ ਸਿੰਘ

ਪਟਿਆਲਾ, 11 ਫਰਵਰੀ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੀ ਗੁਰਮਤਿ ਸੰਗੀਤ ਚੇਅਰ ਵੱਲੋਂ '15ਵਾਂ ਬੀਬੀ ਜਸਬੀਰ ਕੌਰ ਖ਼ਾਲਸਾ ਸਿਮ੍ਰਤੀ ਸਮਾਰੋਹ' ਕਰਵਾਇਆ ਗਿਆ। ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਭਵਨ ਵਿੱਚ ਭਾਈ ਜਵਾਲਾ ਸਿੰਘ ਰਾਗੀ ਆਡੀਟੋਰੀਅਮ ਵਿਖੇ ਹੋਏ ਇਸ ਸਮਾਗਮ ਦੌਰਾਨ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਵਿਸ਼ੇਸ਼ ਤੌਰ ਉੱਤੇ ਸ਼ਿਰਕਤ ਕੀਤੀ। ਸਮਾਗਮ ਵਿੱਚ ਜਲੰਧਰ ਤੋਂ ਵਿਸ਼ੇਸ਼ ਰੂਪ ਵਿਚ ਪੁੱਜੇ ਭਾਈ ਹਰਜੋਤ ਸਿੰਘ ਜ਼ਖ਼ਮੀ ਦੁਆਰਾ ਗੁਰਮਤਿ ਸੰਗੀਤ ਦੀ ਪੁਰਾਤਨ ਸ਼ੈਲੀ ਅਨੁਸਾਰ ਰਸ-ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਨ੍ਹਾਂ ਬੀਬੀ ਜਸਬੀਰ ਕੌਰ ਖ਼ਾਲਸਾ ਸਬੰਧੀ ਆਪਣੀਆਂ ਸਿਮ੍ਰਤੀਆਂ ਵੀ ਸੰਗਤਾਂ ਨਾਲ ਸਾਂਝੀਆਂ ਕੀਤੀਆਂ। ਉਨ੍ਹਾਂ ਤੋਂ ਪਹਿਲਾਂ ਬੀਬੀ ਰਵਿੰਦਰ ਕੌਰ ਪਟਿਆਲਾ ਦੇ ਜਥੇ ਵੱਲੋਂ ਕੀਰਤਨ ਕੀਤਾ ਗਿਆ। ਸਮਾਗਮ ਦੇ ਆਰੰਭ ਵਿੱਚ ਸ੍ਰੀ ਸਹਿਜ ਪਾਠ ਦੇ ਭੋਗ ਉਪਰੰਤ ਗੁਰਮਤਿ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਕੀਤਾ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਗੁਰਮਤਿ ਸੰਗੀਤ ਸਾਡੀ ਅਮੀਰ ਵਿਰਾਸਤ ਦਾ ਅਨਮੋਲ ਅੰਗ ਹੈ ਅਤੇ ਬੀਬੀ ਜਸਬੀਰ ਕੌਰ ਖ਼ਾਲਸਾ ਵਰਗੀਆਂ ਸ਼ਖ਼ਸੀਅਤਾਂ ਨੇ ਇਸ ਵਿਰਾਸਤ ਨੂੰ ਸੰਭਾਲਣ ਅਤੇ ਪ੍ਰਫੁੱਲਤ ਕਰਨ ਲਈ ਜੋ ਨਿਸ਼ਕਾਮ ਯੋਗਦਾਨ ਪਾਇਆ ਹੈ, ਉਹ ਹਮੇਸ਼ਾ ਯਾਦ ਰੱਖਿਆ ਜਾਵੇਗਾ। ਚੇਅਰ ਇੰਚਾਰਜ ਡਾ. ਅਲੰਕਾਰ ਸਿੰਘ ਨੇ ਆਪਣੇ ਸਵਾਗਤੀ ਭਾਸ਼ਣ ਦੌਰਾਨ ਦੱਸਿਆ ਕਿ ਬੀਬੀ ਜਸਬੀਰ ਕੌਰ ਜੀ ਦੇ ਵਿੱਤੀ ਸਹਿਯੋਗ ਨਾਲ 2003 ਦੌਰਾਨ ਪੰਜਾਬੀ ਯੂਨੀਵਰਸਿਟੀ ਵਿਖੇ ਗੁਰਮਤਿ ਸੰਗੀਤ ਚੇਅਰ ਦੀ ਸਥਾਪਨਾ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਵਿਸ਼ਵ ਵਿਚ ਪਹਿਲੀ ਵਾਰ ਗੁਰਮਤਿ ਸੰਗੀਤ ਚੇਅਰ ਦੀ ਸਥਾਪਨਾ ਹੋਈ ਸੀ।



ਇਸ ਮੌਕੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਸੰਗੀਤ ਅਧਿਆਪਕ ਸ. ਜਸਪਾਲ ਸਿੰਘ ਦੀ ਪੁਸਤਕ 'ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ : ਸ਼ਬਦ ਸੁਰ ਰਚਨਾਵਲੀ' ਵੀ ਰਿਲੀਜ਼ ਕੀਤੀ ਗਈ। ਸਮਾਗਮ ਦੌਰਾਨ ਸਾਬਕਾ ਲੈਫ਼. ਜਨਰਲ ਸ. ਜਤਿੰਦਰ ਸਿੰਘ ਸਾਹਨੀ, ਡਾ. ਜਯੋਤੀ ਸ਼ਰਮਾ, ਡਾ. ਨਿਵੇਦਿਤਾ ਸਿੰਘ, ਡਾ. ਪਰਮਜੀਤ ਸਿੰਘ ਅਤੇ ਸਮਾਰੋਹ ਦੇ ਕੋਆਰਡੀਨੇਟਰ ਸ. ਜਸਬੀਰ ਸਿੰਘ ਜਵੱਦੀ ਵੱਲੋਂ ਰਾਗੀ ਜਥਿਆਂ ਅਤੇ ਹੋਰ ਸ਼ਖ਼ਸੀਅਤਾਂ ਨੂੰ ਸਿਰੋਪਾਓ ਭੇਟ ਕੀਤੇ ਗਏ।ਸਿਮ੍ਰਤੀ ਸਮਾਰੋਹ ਦੌਰਾਨ ਵੱਡੀ ਗਿਣਤੀ ਵਿਚ ਵਿਦਿਆਰਥੀਆਂ, ਖੋਜਾਰਥੀਆਂ, ਫ਼ੈਕਲਟੀ ਮੈਂਬਰਾਂ ਅਤੇ ਬੀਬੀ ਜੀ ਦੇ ਪਰਿਵਾਰਿਕ ਮੈਂਬਰ ਤੇ ਵਿਸ਼ੇਸ਼ ਰੂਪ ਵਿਚ ਸੰਗੀਤ ਵਿਭਾਗ ਅਤੇ ਗੁਰਮਤਿ ਸੰਗੀਤ ਵਿਭਾਗ ਦੇ ਵਿਦਿਆਰਥੀ ਸ਼ਾਮਲ ਹੋਏ।

# ਜੇਲ੍ਹ ਅਮਲੇ ਨੂੰ ਦਰਪੇਸ਼ ਚੁਣੌਤੀਆਂ ਨਾਲ ਨਜਿੱਠਣ ਦੇ ਕੰਮ ਆਵੇਗੀ ਅਤਿਆਧੁਨਿਕ ਸਿਖਲਾਈ : ਲਾਲਜੀਤ ਸਿੰਘ ਭੁੱਲਰ

### ➢ਪੰਜਾਬ ਜੇਲ੍ਹ ਟ੍ਰੇਨਿੰਗ ਸਕੂਲ ਪਟਿਆਲਾ ਵਿਖੇ ਪੰਜਾਬ ਜੇਲ ਵਿਭਾਗ ਦੇ ਵਾਰਡਰਾਂ ਤੇ ਮੈਟਰਨਜ਼ ਦੀ ਪਾਸਿੰਗ ਆਊਟ ਪਰੇਡ 'ਚ ਸ਼ਾਮਲ ਹੋਏ ਜੇਲ੍ਹ ਮੰਤਰੀ

ਪਟਿਆਲਾ, 11 ਫਰਵਰੀ (ਰੁਪਾਣਾ/ਵਿਨੋਦ ਸ਼ਰਮਾ) : ਪੰਜਾਬ ਦੇ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਹੈ ਕਿ ਸੂਬੇ ਵਿੱਚ ਗੈਂਗਸਟਰ ਤੇ ਸਮੱਗਲਰ ਪਿਛਲੇ ਸਮੇਂ ਰਾਜ ਕਰਦੀਆਂ ਰਹੀਆਂ ਪਾਰਟੀਆਂ ਦੀ ਦੇਣ ਹੈ, ਜਦਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਦੀ ਮੌਜੂਦਾ ਸਰਕਾਰ ਨੇ ਇਨ੍ਹਾਂ ਦਾ ਸਫ਼ਾਇਆ ਸ਼ੁਰੂ ਕਰ ਦਿੱਤਾ ਹੈ। ਜੇਲ੍ਹ ਮੰਤਰੀ ਅੱਜ ਪੰਜਾਬ ਜੇਲ੍ਹ ਟ੍ਰੇਨਿੰਗ ਸਕੂਲ, ਪਟਿਆਲਾ ਵਿਖੇ ਪੰਜਾਬ ਜੇਲ ਵਿਭਾਗ ਦੇ ਵਾਰਡਰਾਂ ਤੇ ਮੈਟਰਨਜ਼ ਦੀ ਮੁਢਲੀ ਸਿਖਲਾਈ ਮੁਕੰਮਲ ਹੋਣ ਬਾਅਦ ਪਾਸਿੰਗ ਆਊਟ ਪਰੇਡ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਦੇ ਨਾਲ ਏ.ਡੀ.ਜੀ.ਪੀ. ਅਰੁਨਪਾਲ ਸਿੰਘ ਅਤੇ ਪ੍ਰਮੁੱਖ ਸਕੱਤਰ ਤੇ ਆਈ.ਜੀ. ਜੇਲਾਂ ਮੁਹੰਮਦ ਤਈਅਬ ਵੀ ਮੌਜੂਦ ਸਨ।

ਆਪਣੇ ਸੰਬੋਧਨ ਮੌਕੇ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਇਸ ਸਿਖਲਾਈ ਦੌਰਾਨ ਹਥਿਆਰਾਂ ਦੀ ਸਿਖਲਾਈ ਸਮੇਤ ਜੇਲ੍ਹਾਂ ਵਿੱਚ ਹਾਈ ਰਿਸਕ ਬੰਦੀਆਂ ਤੇ ਇਨ੍ਹਾਂ ਦੇ ਆਪਸ 'ਚ ਝਗੜਿਆਂ, ਸਮਰੱਥਾ ਤੋਂ ਜ਼ਿਆਦਾਂ ਕੈਦੀਆਂ ਸਮੇਤ ਜੇਲ ਵਿਭਾਗ ਦੇ ਮੰਤਵ ਬੰਦੀ, ਸੰਭਾਲ ਅਤੇ ਸੁਧਾਰ (ਕਸਟਡੀ, ਕੇਅਰ ਐਂਡ ਕੁਰੈਕਸ਼ਨ) ਦੀ ਪੂਰਤੀ ਕਰਨ ਤੋਂ ਇਲਾਵਾ ਅਦਾਲਤਾਂ, ਕਮਿਸ਼ਨਾਂ ਅਤੇ ਜੇਲ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਕਰਨੀ ਸਿਖਾਈ ਜਾਂਦੀ ਹੈ। ਜੇਲ੍ਹ ਮੰਤਰੀ ਨੇ ਕਿਹਾ ਕਿ ਇਹ ਅਤਿ-ਆਧੁਨਿਕ ਸਿਖਲਾਈ ਜੇਲ੍ਹ ਅਮਲੇ ਨੂੰ ਮੌਜੂਦਾ ਸਮੇਂ ਦਰਪੇਸ਼ ਨਿੱਤ ਨਵੀਆਂ ਚੁਣੌਤੀਆਂ ਨਾਲ ਨਜਿੱਠਣ ਦੇ ਕੰਮ ਆਵੇਗੀ। ਉਨ੍ਹਾਂ ਨੇ ਸਫ਼ਲ ਸਿਖਲਾਈ ਲਈ ਮੁਬਾਰਕਬਾਦ ਦਿੰਦਿਆਂ ਪਾਸਿੰਗ ਆਊਟ ਪਰੇਡ ਦੌਰਾਨ ਟ੍ਰੇਨੀਆਂ ਵੱਲੋਂ ਦਿਖਾਈ ਗਈ ਦ੍ਰਿੜ੍ਹਤਾ ਤੇ ਹੌਸਲੇ ਦੀ ਸ਼ਲਾਘਾ ਕੀਤੀ। ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਇਸ ਮਗਰੋਂ ਮੀਡੀਆ ਨਾਲ ਗ਼ੈਰਰਸਮੀ ਗੱਲਬਾਤ ਕਰਦਿਆਂ ਕਿਹਾ ਕਿ ਲੋਕਾਂ ਦੇ ਧੀਆਂ ਪੁੱਤਾਂ ਨੂੰ ਨਸ਼ਿਆਂ 'ਤੇ ਲਗਾ ਕੇ ਅਤੇ ਬੇਕਸੂਰਾਂ ਨੂੰ ਗੋਲੀਆਂ ਮਾਰ ਕੇ ਫ਼ਿਰੌਤੀਆਂ ਮੰਗਣ ਵਾਲੇ ਲੋਕਾਂ ਦੇ ਦੁਸ਼ਮਣ ਸਰਕਾਰ ਤੋਂ ਰਹਿਮ ਤੇ ਤਰਸ ਦੀ ਕੋਈ ਉਮੀਦ ਨਾ ਕਰਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਪੰਜਾਬ ਨੂੰ ਨਸ਼ਾ ਤੇ ਗੈਂਗਸਟਰਵਾਦ ਮੁਕਤ, ਉਨਤ ਤੇ ਰੰਗਲਾ ਪੰਜਾਬ ਬਣਾਉਣ ਵੱਲ ਵਧ ਰਹੀ ਹੈ। ਪਾਸਿੰਗ ਆਊਟ ਪਰੇਡ ਮੌਕੇ ਪੰਜਾਬ ਜੇਲ੍ਹ ਟ੍ਰੇਨਿੰਗ ਸਕੂਲ ਦੇ ਪ੍ਰਿੰਸੀਪਲ ਮੁਕੇਸ਼ ਸ਼ਰਮਾ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਰਿਪੋਰਟ ਪੇਸ਼ ਕੀਤੀ ਅਤੇ ਦੱਸਿਆ ਕਿ ਵਾਰਡਰਜ਼ ਤੇ ਮੈਟਰਨਜ਼ ਦੇ ਬੈਚ ਨੰਬਰ 100 ਦੀ ਪਾਸਿੰਗ ਆਊਟ ਪ੍ਰੇਡ ਕਰਵਾਈ ਗਈ ਹੈ। ਟ੍ਰੇਨਿੰਗ ਦੌਰਾਨ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਟ੍ਰੇਨੀਜ਼ ਨੂੰ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਸਨਮਾਨਤ ਵੀ ਕੀਤਾ ਗਿਆ। ਇਸ ਦੌਰਾਨ ਜੇਲ੍ਹ ਵਿਭਾਗ 'ਚ ਤਰਸ ਦੇ ਅਧਾਰ 'ਤੇ ਦਿੱਤੀਆਂ ਨੌਕਰੀਆਂ ਦੇ 9 ਲਾਭਪਾਤਰੀਆਂ ਨੂੰ ਨਿਯੁਕਤੀ ਪੱਤਰ ਵੀ ਸੌਂਪੇ ਗਏ। ਸਮਾਗਮ ਮੌਕੇ ਟ੍ਰੇਨੀਆਂ ਨੇ ਅਸਲਾ ਚਲਾਉਣ ਸਮੇਤ ਅਤੇ ਭੰਗੜੇ ਦੀ ਵੀ ਪੇਸ਼ਕਾਰੀ ਕੀਤੀ। ਸਮਾਰੋਹ ਮੌਕੇ ਡੀ.ਆਈ.ਜੀ ਜੇਲ੍ਹਾਂ ਐਸ.ਐਸ. ਮੰਡ ਤੇ ਐਮ.ਕੇ ਸ਼ਰਮਾ ਸਮੇਤ ਵੱਖ-ਵੱਖ ਜੇਲ੍ਹਾਂ ਦੇ ਸੁਪਰਡੈਂਟ ਵੀ ਮੌਜੂਦ ਸਨ।



## ਨਿਰਮਲ ਸਿੰਘ ਭੱਟੀਆਂ ਵੱਲੋਂ ਪੰਜਾਬ ਦੀ ਲੀਡਰਸ਼ਿਪ ਨਾਲ ਮੁਲਾਕਾਤ



ਦੇਵੀਗੜ੍ਹ, 11 ਫਰਵਰੀ (ਗੁਰਜੀਤ ਸਿੰਘ ਢੋਟ) : 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਬਹੁਮਤ ਨਾਲ ਸਰਕਾਰ ਬਣਾਏਗੀ । ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਚੇਅਰਮੈਨ ਬੈਂਕ ਫਿਨਕੋ ਪੰਜਾਬ ਨਿਰਮਲ ਸਿੰਘ ਭੱਟੀਆਂ ਨੇ ਕਾਂਗਰਸ ਪਾਰਟੀ ਦੀ ਸੂਬਾਈ ਲੀਡਰਸ਼ਿਪ ਨਾਲ ਮੁਲਾਕਾਤ ਕਰਦਿਆਂ ਪੰਜਾਬ ਦੀ ਮੌਜੂਦਾ ਸਿਆਸੀ ਸਥਿਤੀ ਬਾਰੇ ਵਿਚਾਰ-ਵਟਾਂਦਰਾ ਕਰਨ ਦੌਰਾਨ ਕੀਤਾ। ਇਸ ਮੁਲਾਕਾਤ ਦੌਰਾਨ ਉਨ੍ਹਾਂ ਨੇ ਭੂਪੇਸ਼ ਬਘੇਲ, ਇੰਚਾਰਜ ਪੰਜਾਬ ਕਾਂਗਰਸ, ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਨਾਲ ਭੇਟ ਕੀਤੀ। ਇਹ ਮੁਲਾਕਾਤ ਸਧਾਰਣ ਅਤੇ ਗੰਭੀਰ ਸਿਆਸੀ ਮਾਹੌਲ ਵਿੱਚ ਹੋਈ, ਜਿਸ ਵਿੱਚ ਪੰਜਾਬ ਦੀ ਸਿਆਸਤ ਨਾਲ ਜੁੜੇ ਵੱਖ-ਵੱਖ ਪਹਿਲੂਆਂ 'ਤੇ ਚਰਚਾ ਕੀਤੀ ਗਈ। ਨਿਰਮਲ ਸਿੰਘ ਭੱਟੀਆਂ ਵਲੋਂ ਕੀਤੀ ਗਈ ਇਸ ਮੁਲਾਕਾਤ ਨੂੰ ਪੰਜਾਬ ਦੀ ਸਿਆਸਤ ਦੇ ਸੰਦਰਭ ਵਿੱਚ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਭੱਟੀਆਂ ਬੈਂਕਿੰਗ ਅਤੇ ਸਹਿਕਾਰੀ ਖੇਤਰ ਵਿੱਚ ਲੰਮੇ ਸਮੇਂ ਤੋਂ ਸਰਗਰਮ ਰਹੇ ਹਨ ਅਤੇ ਸਿਆਸੀ ਮਸਲਿਆਂ 'ਤੇ ਵੀ ਉਨ੍ਹਾਂ ਦੀ ਪਕੜ ਮੰਨੀ ਜਾਂਦੀ ਹੈ। ਇਸ ਕਰਕੇ ਕਾਂਗਰਸ ਦੀ ਉੱਚ ਲੀਡਰਸ਼ਿਪ ਨਾਲ ਉਨ੍ਹਾਂ ਦੀ ਮੁਲਾਕਾਤ ਨੂੰ ਸਿਆਸੀ ਹਲਕਿਆਂ ਵਿੱਚ ਧਿਆਨ ਨਾਲ ਦੇਖਿਆ ਜਾ ਰਿਹਾ ਹੈ। ਇਸ ਮੌਕੇ ਉਹਨਾਂ ਨਾਲ ਪੀ, ਏ, ਗੁਰਮੀਤ ਸਿੰਘ ਬਾਵਾ ਤੋਂ ਇਲਾਵਾ ਹੋਰ ਵੀ ਕਾਂਗਰਸੀ ਵਰਕਰ ਹਾਜ਼ਰ ਸਨ।

## ਮਹਿੰਦਰਾ ਕਾਲਜ ਵਿਖੇ ਵਿਰਾਸਤੀ ਕਵੀ ਦਰਬਾਰ ਭਲਕੇ ਚੋਟੀ ਦੇ ਕਵੀ ਕਰਨਗੇ ਸ਼ਮੂਲੀਅਤ : ਐਸ.ਡੀ.ਐਮ. ਮਾਵੀ

ਪਟਿਆਲਾ, 11 ਫਰਵਰੀ (ਚ.ਨ.ਸ.) : ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਵੱਲੋਂ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਅਗਵਾਈ ਵਿੱਚ ਕਰਵਾਏ ਜਾਣ ਵਾਲੇ ਪਟਿਆਲਾ ਹੈਰੀਟੇਜ ਮੇਲੇ-2026 ਦੌਰਾਨ 13 ਫਰਵਰੀ ਨੂੰ ਕਵੀ ਸਰਕਾਰੀ ਮਹਿੰਦਰਾ ਕਾਲਜ ਵਿਖੇ ਦਰਬਾਰ ਕਰਵਾਇਆ ਜਾਵੇਗਾ। ਇਸ ਸਬੰਧੀ ਐਸ.ਡੀ.ਐਮ. ਪਟਿਆਲਾ ਹਰਜੋਤ ਕੌਰ ਮਾਵੀ ਨੇ ਦੱਸਿਆ ਕਿ ਵਿਰਾਸਤੀ ਕਵੀ ਦਰਬਾਰ ਸਰਕਾਰੀ ਮਹਿੰਦਰਾ ਕਾਲਜ ਵਿਖੇ ਸਵੇਰੇ 10 ਵਜੇ ਸ਼ੁਰੂ ਹੋਵੇਗਾ।ਉਨ੍ਹਾਂ ਨੇ ਇਸ ਕਵੀ ਦਰਬਾਰ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਮਹਿੰਦਰਾ ਕਾਲਜ ਦੇ ਪ੍ਰਿੰਸੀਪਲ ਨਿਸ਼ਠਾ ਤ੍ਰਿਪਾਠੀ ਅਤੇ ਹੋਰ ਅਧਿਆਪਨ ਅਮਲੇ ਨਾਲ ਬੈਠਕ ਵੀ ਕੀਤੀ।ਐਸ.ਡੀ.ਐਮ. ਹਰਜੋਤ ਕੌਰ ਮਾਵੀ ਨੇ ਦੱਸਿਆ ਕਿ ਇਸ ਵਿਰਾਸਤੀ ਕਵੀ ਦਰਬਾਰ ਵਿੱਚ ਪੰਜਾਬੀ, ਉਰਦੂ ਤੇ ਪੁਆਧੀ ਦੇ ਨਾਮਵਰ ਕਵੀ ਆਪਣੇ ਕਲਾਮ ਪੇਸ਼ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਕਵੀ ਦਰਬਾਰ 'ਚ ਭਾਸ਼ਾ ਵਿਭਾਗ ਦੇ ਡਾਇਰੈਕਟਰ ਤੇ ਉਘੇ ਕਵੀ ਜਸਵੰਤ ਸਿੰਘ ਜ਼ਫ਼ਰ ਸਮੇਤ ਸੁਰਜੀਤ ਜੱਜ ਫਗਵਾੜਾ, ਤ੍ਰੈਲੋਚਨ ਲੋਚੀ ਲੁਧਿਆਣਾ, ਬਲਵਿੰਦਰ ਸੰਧੂ ਪਟਿਆਲਾ, ਡਾ. ਗੁਰਸੇਵਕ ਲੰਬੀ ਪੰਜਾਬੀ ਯੂਨੀਵਰਸਿਟੀ, ਅਵਤਾਰਜੀਤ ਸਿੰਘ ਪਟਿਆਲਾ, ਸੰਤ ਸਿੰਘ ਸੋਹਲ ਫਤਹਿਗੜ੍ਹ ਸਾਹਿਬ, ਡਾ. ਰੂਬੀਨਾ ਸ਼ਬਨਮ ਮਾਲੇਰਕੋਟਲਾ, ਡਾ. ਆਸ਼ਾ ਕਿਰਨ ਪਟਿਆਲਾ, ਗੁਰਪ੍ਰੀਤ ਢਿੱਲੋਂ ਪਟਿਆਲਾ, ਨਵਦੀਪ ਮੁੰਡੀ ਪਟਿਆਲਾ, ਅੰਮ੍ਰਿਤਪਾਲ ਸ਼ੈਦਾ ਪਟਿਆਲਾ, ਜਸਵਿੰਦਰ ਚਾਹਲ ਮਾਨਸਾ, ਸ਼ਤੀਸ਼ ਵਿਦਰੋਹੀ ਪੰਜੋਲਾ, ਚਰਨ ਪੁਆਧੀ ਕੈਥਲ (ਹਰਿਆਣਾ), ਗੁਰਵਿੰਦਰ ਅਮਨ ਰਾਜਪੁਰਾ ਤੇ ਕਿਰਪਾਲ ਮੂਣਕ ਸ਼ਮੂਲੀਅਤ ਕਰਨਗੇ।ਭਾਸ਼ਾ ਵਿਭਾਗ ਦੇ ਖੋਜ ਅਫ਼ਸਰ ਡਾ. ਸੁਖਦਰਸ਼ਨ ਚਾਹਲ ਕਵੀ ਦਰਬਾਰ ਦਾ ਸੰਚਾਲਨ ਕਰਨਗੇ। ਇਸ ਕਵੀ ਦਰਬਾਰ ਦੌਰਾਨ ਕਵੀਆਂ ਵੱਲੋਂ ਪੰਜਾਬ ਦੀ ਵਿਰਾਸਤ, ਸੱਭਿਆਚਾਰ ਤੇ ਸੰਸਕ੍ਰਿਤੀ ਬਾਰੇ ਕਲਾਮ ਪੇਸ਼ ਕਰਨਗੇ।

## ਅਣਪਛਾਤੇ ਵਾਹਨ ਦੀ ਟੱਕਰ ਨਾਲ ਜ਼ਖ਼ਮੀ

ਨਾਭਾ, 11 ਫਰਵਰੀ (ਚੌਧਰੀਮਾਜਰਾ) : ਥਾਣਾ ਸਦਰ ਨਾਭਾ ਪੁਲਿਸ ਕੋਲ ਹਰੀਪਾਲ ਸਿੰਘ ਪੁੱਤਰ ਕਾਕਾ ਸਿੰਘ ਵਾਸੀ ਪਿੰਡ ਭੌੜੇ ਨੇ ਅਣਪਛਾਤੇ ਵਹੀਕਲ ਡਰਾਇਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ।ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਲੜਕਾ ਸੁਰਿੰਦਰ ਸਿੰਘ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਗਲਵੱਟੀ ਪਾਸ ਜਾ ਰਿਹਾ ਸੀ ਤਾਂ ਕਿਸੇ ਅਣਪਛਾਤੇ ਵਹੀਕਲ ਡਰਾਇਵਰ ਨੇ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਫੇਟ ਮਾਰ ਦਿੱਤੀ, ਜਿਸ ਕਾਰਨ ਉਸ ਦੇ ਕਾਫੀ ਸੱਟਾਂ ਲੱਗੀਆਂ।ਪੁਲਿਸ ਨੇ ਧਾਰਾ 281,125 ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਅੱਖਾਂ ਦਾ ਚੈਕਅੱਪ ਕੈਂਪ 15 ਨੂੰ

ਪਟਿਆਲਾ, 11 ਫਰਵਰੀ (ਚ.ਨ.ਸ.): ਮਿੱਤਰ ਵੈਲਫੇਅਰ ਕਲੱਬ ਵੱਲੋਂ ਅੱਖਾਂ ਦਾ ਮੁਫ਼ਤ ਚੈਕਅੱਪ ਅਤੇ ਚਿੱਟੇ ਮੋਤੀਏ ਦਾ ਆਪ੍ਰੇਸ਼ਨ ਕੈਂਪ 15 ਫਰਵਰੀ ਦਿਨ ਐਤਵਾਰ ਨੂੰ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਤ੍ਰਿਪੜੀ (ਸਾਂਝਾ ਸਕੂਲ) ਪਟਿਆਲਾ ਵਿਖੇ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਲਗਾਇਆ ਜਾ ਰਿਹਾ ਹੈ। ਇਸ ਮੌਕ ਅੱਖਾਂ ਦੇ ਮਾਹਿਰ ਡਾ.ਬ੍ਰਹਮਜੋਤ ਸਿੰਘ ਵਾਲੀਆ ਅਤੇ ਹੋਰ ਡਾਕਟਰਾਂ ਦੀ ਟੀਮ ਅੱਖਾਂ ਦਾ ਚੈਕਅੱਪ ਕਰਨਗੇ। ਇਸ ਮੌਕੇ ਦਵਾਈਆਂ ਮੁਫਤ ਦਿੱਤੀਆਂ ਜਾਣਗੀਆਂ।ਕਲੱਬ ਵੱਲੋਂ ਪਹਿਲੇ 31 ਆਪ੍ਰੇਸ਼ਨ ਮੁਫਤ ਕਰਵਾਏ ਜਾਣਗੇ।

## ਪੁਰਾਣੇ ਸਕੇਲ, ਪੈਨਸ਼ਨ ਤੇ ਭੱਤਾ ਬਹਾਲੀ ਮੋਰਚੇ ਵੱਲੋਂ 15 ਨੂੰ ਸੰਗਰੂਰ ਵਿਖੇ ਰੈਲੀ



ਘਨੌਰ, 11 ਫਰਵਰੀ (ਮਦਨ ਲਾਲ) : ਪੰਜਾਬ ਦੇ ਮੁਲਾਜ਼ਮਾਂ ਦੀਆਂ ਮੁੱਖ ਵਿੱਤੀ ਮੰਗਾਂ ਸਬੰਧੀ ਵੱਖ-ਵੱਖ ਜਥੇਬੰਦੀਆਂ ਦੁਆਰਾ ਜ਼ਿਲ੍ਹਾ ਪੱਧਰੀ ਮੀਟਿੰਗ ਕਰਨ ਤੋਂ ਬਾਅਦ ਅੱਜ ਬਲਾਕ ਘਨੌਰ ਦੀ ਮੀਟਿੰਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕੀਤੀ ਗਈ। ਇਸ ਮੌਕੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਗੁਰਜੀਤ ਘੱਗਾ ਅਤੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਬਲਾਕ ਪ੍ਰਧਾਨ ਕ੍ਰਿਸ਼ਨ ਚੌਹਾਨਕੇ ਨੇ ਦੱਸਿਆ ਕਿ 17-7-20 ਤੋਂ ਬਾਅਦ ਭਰਤੀਆਂ ਤੇ ਨਵੇਂ ਸਕੇਲ ਰੱਦ ਕਰਕੇ ਪੁਰਾਣੇ ਸਕੇਲ (ਛੇਵੇਂ ਤਨਖਾਹ ਕਮਿਸ਼ਨ ਤਹਿਤ) ਬਹਾਲ ਕਰਵਾਉਣ ਪੁਰਾਣੀ ਪੈਨਸ਼ਨ ਦੀ ਮੰਗ ਅਤੇ ਭੱਤਿਆਂ ਦੀ ਪ੍ਰਾਪਤੀ ਲਈ ਸੰਗਰੂਰ ਵਿਖੇ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ।ਇਸ ਮੌਕੇ ਬਲਾਕ ਸਕੱਤਰ ਪ੍ਰਿਤਪਾਲ ਚਹਿਲ, ਜਸਵਿੰਦਰ ਸਿੰਘ ਚਪੜ- ਸਟੇਟ ਐਵਾਰਡੀ, ਹਰਗੋਪਾਲ ਸਿੰਘ, ਚਮਕੌਰ ਬਰਾਸ, ਬਿੰਦਰਾ ਬਿੰਦੂ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਜ਼ਿਲ੍ਹਾ ਸਕੱਤਰ ਹਰਿੰਦਰ ਪਟਿਆਲਾ, ਗੁਰਸੰਗਤ ਸਿੰਘ, ਬਲਵਿੰਦਰ ਸਿੰਘ, ਗੁਰਸਾਬ ਸਿੰਘ, ਕੁਲਵਿੰਦਰ ਸਿੰਘ, ਸੰਦੀਪ ਸਿੰਘ, ਵਰਜਿੰਦਰ ਪਰੋਚਾ, ਜਸਮੀਤ ਕੌਰ, ਸਿਮਰਜੋਤ ਕੌਰ, ਬਲਜਿੰਦਰ ਕੌਰ, ਸੁਖਵਿੰਦਰ ਕੌਰ, ਬਲਵਿੰਦਰ ਕੌਰ, ਦਲਜੀਤ ਕੌਰ, ਸੀਮਾ ਰਾਣੀ,ਗੁਰਦਾਸ ਸਿੰਘ, ਗੁਰਦੀਪ ਸਿੰਘ, ਰਾਹੁਲ ਕੁਮਾਰ, ਗੁਰਪ੍ਰੀਤ ਸਿੰਘ, ਗੁਰਸ਼ਿੰਦਰ ਸਿੰਘ ਆਦਿ ਹਾਜ਼ਰ ਸਨ।

## 'ਸਾਡੇ ਬਜ਼ੁਰਗ, ਸਾਡਾ ਮਾਣ' : ਡਾ.ਬਲਬੀਰ ਸਿੰਘ

### ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਜ਼ਿਲ੍ਹਾ ਪੱਧਰੀ ਕੈਂਪ ਲਗਾਇਆ

ਪਟਿਆਲਾ, 11 ਫਰਵਰੀ (ਚ.ਨ.ਸ.) : ਪੰਜਾਬ ਸਰਕਾਰ ਦੀ ਮਹੱਤਵਪੂਰਨ ਪਹਿਲ 'ਸਾਡੇ ਬਜ਼ੁਰਗ, ਸਾਡਾ ਮਾਣ' ਤਹਿਤ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਜ਼ਿਲ੍ਹਾ ਪੱਧਰੀ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਅਤੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੀ ਅਗਵਾਈ ਹੇਠ ਇਹ ਪਹਿਲ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਲਾਗੂ ਕੀਤੀ ਜਾ ਰਹੀ ਹੈ, ਜਿਸਦਾ ਮੁੱਖ ਉਦੇਸ਼ ਸੀਨੀਅਰ ਸਿਟੀਜ਼ਨਾਂ ਨੂੰ ਸਿਹਤ ਸਹੂਲਤਾਂ, ਸਮਾਜਿਕ ਸੁਰੱਖਿਆ ਅਤੇ ਸਨਮਾਨ ਪ੍ਰਦਾਨ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਸ ਕੈਂਪ ਦਾ ਮੰਤਵ ਵੱਡੀ ਉਮਰ ਦੇ ਨਾਗਰਿਕਾਂ ਲਈ ਆਸਾਨ, ਸੁਗਮ ਅਤੇ ਇੱਕ ਹੀ ਥਾਂ 'ਤੇ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣਾ ਹੈ। ਕੈਂਪ ਦੌਰਾਨ ਸਿਹਤ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਸੀਨੀਅਰ ਸਿਟੀਜ਼ਨਾਂ ਦੀ ਮੁਫ਼ਤ ਸਿਹਤ ਜਾਂਚ ਕੀਤੀ ਗਈ, ਜਿਸ ਵਿੱਚ ਈ.ਐਨ.ਟੀ. ਅਤੇ ਅੱਖਾਂ ਦੀ ਜਾਂਚ ਸ਼ਾਮਲ ਸੀ। ਇਸਦੇ ਨਾਲ ਹੀ ਮਰੀਜ਼ਾਂ ਨੂੰ ਲੋੜ ਅਨੁਸਾਰ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ। ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਜੋਬਨਦੀਪ ਕੌਰ ਨੇ ਦੱਸਿਆ ਕਿ ਕੈਂਪ ਵਿੱਚ ਵੱਖ-ਵੱਖ ਵਿਭਾਗਾਂ ਵੱਲੋਂ ਵਿਸ਼ੇਸ਼ ਸਟਾਲ ਲਗਾਏ ਗਏ, ਜਿੱਥੇ ਸੀਨੀਅਰ ਸਿਟੀਜ਼ਨ ਕਾਰਡ, ਬੁਢਾਪਾ ਪੈਨਸ਼ਨ, ਅਤੇ ਹੋਰ ਸਮਾਜਿਕ ਸੁਰੱਖਿਆ ਯੋਜਨਾਵਾਂ ਨਾਲ ਸੰਬੰਧਿਤ ਸੇਵਾਵਾਂ ਇੱਕ ਹੀ ਥਾਂ ਉਪਲੱਬਧ ਕਰਵਾਈਆਂ ਗਈਆਂ। ਇਸ ਮੌਕੇ ਐਸ ਡੀ ਐਮ ਪਟਿਆਲਾ ਹਰਜੋਤ ਕੌਰ , ਸਿਵਿਲ ਸਰਜਨ ਡਾ.ਜਸਵਿੰਦਰ ਸਿੰਘ, ਡਾ. ਪਰਨੀਤ ਕੌਰ, ਡੀ ਪੀ ਓ ਪਰਦੀਪ ਗਿੱਲ ਤੋਂ ਇਲਾਵਾ ਸਮਾਜਿਕ ਸੁਰੱਖਿਆ ਵਿਭਾਗ ਦੇ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।



## ਮੰਗਾਂ ਸਬੰਧੀ ਨੰਬਰਦਾਰਾਂ ਨੇ ਤਹਿਸੀਲਦਾਰ ਨੂੰ ਮੰਗ ਪੱਤਰ ਦਿੱਤਾ

ਨਾਭਾ, 11 ਫਰਵਰੀ (ਬਲਜਿੰਦਰ ਮਾਨ) : ਪੰਜਾਬ ਨੰਬਰਦਾਰ ਯੂਨੀਅਨ ਸਮਰਾ ਦੀ ਮੀਟਿੰਗ ਮੀਤ ਪ੍ਰਧਾਨ ਜਗਮੋਹਨ ਸਿੰਘ ਦੀ ਪ੍ਰਧਾਨਗੀ ਹੇਠ ਤਹਿਸੀਲ ਦਫ਼ਤਰ ਨਾਭਾ ਵਿਖੇ ਕੀਤੀ ਗਈ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆ ਸੈਕਟਰੀ ਗੁਰਬਖਸ਼ੀਸ਼ ਸਿੰਘ ਗੋਪੀ ਕੌਲ ਨੇ ਕਿਹਾ ਕਿ ਨੰਬਦਾਰਾਂ ਨਾਲ ਜੋ ਪੰਜਾਬ ਸਰਕਾਰ ਨੇ ਵਾਦਾ ਕੀਤਾ ਸੀ ਕਿ ਜੋ ਵੀ ਨੰਬਰਦਾਰਾਂ ਨੂੰ ਮਾਣਭੱਤਾ ਵਿੱਚ ਵਾਧਾ ਕਰਨਾ 1500 ਰੁਪਏ ਤੋਂ ਵਧਾਕੇ 5000 ਹਜ਼ਾਰ ਰੁਪਏ ਕਰਨ ਦਾ ਉਹ ਅਜੇ ਤੱਕ ਪੂਰਾ ਨਹੀ ਕੀਤਾ ਗਿਆ, ਉਹਨਾਂ ਕਿਹਾ ਪੰਜਾਬ ਸਰਕਾਰ ਆਪਣਾ ਵਾਅਦਾ ਪੂਰਾ ਕਰੇ। ਉਹਨਾਂ ਕਿਹਾ ਕਿ ਪਟਵਾਰੀਆਂ ਲਈ ਇਕ ਥਾਂ ਤੇ ਦਫ਼ਤਰ ਬਣੇ ਏ ਜਾਣ ਤਾ ਜੋ ਆਮ ਲੋਕਾਂ ਨੂੰ ਤੇ ਨੰਬਰਦਾਰਾਂ ਨੂੰ ਕਿਸੇ ਵੀ ਕੰਮਕਾਜ ਲਈ ਥਾਂ-ਥਾਂ 'ਤੇ ਖੱਜਲ ਖੁਆਰ ਨਾ ਹੋਣਾ ਪਾਏ ਅਤੇ ਨੰਬਰਦਾਰਾਂ ਨੂੰ ਸਮਾਜਿਕ ਕੰਮ ਕਾਜ ਲਈ ਜੋ ਕਿ ਲੋਕਾਂ ਦੇ ਹੁੰਦੇ ਹਨ। ਵੱਖ ਵੱਖ ਤਹਿਸੀਲਾਂ, ਜ਼ਿਲ੍ਹਿਆਂ ਤੇ ਸਟੇਟਾਂ ਵਿੱਚ ਜਾਣਾ ਪੈਂਦਾ ਹੈ।ਇਸ ਲਈ ਬੱਸ ਤੇ ਟੋਲਪਲਾਜ਼ਾ 'ਤੇ ਆਉਣ ਜਾਣ ਲਈ ਫਰੀ ਸਹੂਲਤ ਦਿੱਤੀ ਜਾਵੇ । ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਮੀਤ ਪ੍ਰਧਾਨ ਜਗਮੋਹਨ ਸਿੰਘ ਨੇ ਕਿਹਾ ਕਿ ਨੰਬਰਦਾਰੀ ਜੋ ਕ ਪਹਿਲਾਂ ਜੱਦੀਪੁਸ਼ਤੀ ਚੱਲ ਦੀ ਸੀ ਓਸ ਨੂੰ ਲਾਗੂ ਕੀਤਾ ਜਾਵੇ । ਆਨਲਾਈਨ ਕੰਮਕਾਰ ਲਈ ਨੈੱਟ ਪੈਕ ਲਈ ਆਰਥਿਕ ਮੱਦਦ ਦਿੱਤੀ ਜਾਵੇ। ਨੰਬਦਾਰ ਯੂਨੀਅਨ ਵੱਲੋਂ ਇਸ ਬਾਬਤ ਇਕ ਮੰਗ ਪੱਤਰ ਤਹਿਸੀਲਦਾਰ ਨਾਭਾ ਨੂੰ ਦਿੱਤਾ ਗਿਆ। ਇਸ ਮੀਟਿੰਗ ਵਿਚ ਸਤਨਾਮ ਸਿੰਘ ਧਨੌਰੀ, ਜਸਵਿੰਦਰ ਸਿੰਘ ਅੱਚਲ, ਹਰਦੀਪ ਸਿੰਘ ਘਣੀਵਾਲ, ਜਰਨੈਲ ਸਿੰਘ ਕਕਰਾਲਾ, ਰਾਜਿੰਦਰ ਸਿੰਘ ਖਰੌੜ, ਜਸਬੀਰ ਸਿੰਘ ਰੋਹਟੀ ਖਾਸ ,ਬੇਅੰਤ ਸਿੰਘ ਕਨਸੂਹਾ ਕਲਾ ,ਦੀਪ ਸਿੰਘ ਅਜਨੌਦਾ ਰਣਜੀਤ ਸਿੰਘ ਚੌਧਰੀ ਮਾਜਰਾ , ਨਰਿੰਦਰ ਸਿੰਘ ਰੋਹਟੀ ਛੰਨਾ ਜਸਵਿੰਦਰ ਸਿੰਘ ਆਦਿ ਮੌਜੂਦ ਸਨ ।



## ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸੀਨੀਅਰ ਸੈਕੰਡਰੀ ਸਕੂਲ ਬਾਰਨ ਵਿਖੇ ਬਾਲ ਵਿਆਹ ਵਿਰੋਧੀ ਜਾਗਰੂਕਤਾ ਸੈਮੀਨਾਰ

ਭੁਨਰਹੇੜੀ, 11 ਫਰਵਰੀ, (ਗੁਰਜੀਤ ਸਿੰਘ ਢੋਟ) : ਨੈਸ਼ਨਲ ਕਾਨੂੰਨੀ ਸੇਵਾਵਾਂ ਅਥਾਰਟੀ,ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਮਾਨਯੋਗ ਅਵਤਾਰ ਸਿੰਘ ਜ਼ਿਲ੍ਹਾ ਤੇ ਸ਼ੈਸ਼ਨ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਦੀ ਸਰਪ੍ਰਸਤੀ ਅਤੇ ਮਾਣਯੋਗ ਅਮਨਦੀਪ ਕੰਬੋਜ ਚੀਫ਼ ਜੁਡੀਸ਼ਲ ਮੈਜਿਸਟਰੇਟ ਕਮ ਸੈਕਟਰੀ ਵੱਲੋਂ ਮਿਲੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜ਼ਿਲ੍ਹਾ ਸਾਂਝ ਕੇਂਦਰ, ਮਨਮੋਹਨ ਸਿੰਘ ਪ੍ਰਿੰਸੀਪਲ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਬਾਲ ਵਿਆਹ ਮੁਕਤ ਭਾਰਤ ਅਭਿਆਨ ਦੇ ਤਹਿਤ ਕਾਨੂੰਨੀ ਸੇਵਾਵਾਂ ਅਤੇ ਬਾਲ ਵਿਆਹ ਵਿਰੋਧੀ ਜਾਗਰੂਕਤਾ ਸੈਮੀਨਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਰਨ ਵਿਖੇ ਆਯੋਜਿਤ ਕੀਤਾ ਗਿਆ। ਸੈਮੀਨਾਰ ਵਿੱਚ ਉੱਘੇ ਸਮਾਜਸੇਵੀ ਤੇ ਮੋਟੀਵੇਸ਼ਨਲ ਸਪੀਕਰ ਭਗਵਾਨ ਦਾਸ ਗੁਪਤਾ, ਪੈਰਾ ਲੀਗਲ ਵਲੰਟੀਅਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵੱਲੋਂ ਮੁਫ਼ਤ ਕਾਨੂੰਨੀ ਸੇਵਾਵਾਂ, ਤਿੰਨ ਨਵੇਂ ਕਨੂੰਨਾਂ, ਪੰਜਾਬ ਪੀੜਤ ਮੁਆਵਜ਼ਾ ਯੋਜਨਾ,ਜਿਨਸੀ ਹਮਲਾ ਪੀੜਤ ਮੁਆਵਜ਼ਾ, ਲੇਬਰ ਕਾਰਡ, ਪੈਨਸ਼ਨਾਂ ਆਦਿ, ਬਾਲ ਵਿਆਹ, ਪੋਕਸੋ ਐਕਟ,ਟੋਲ ਫ੍ਰੀ ਨੰਬਰ 15100, ਨੈਸ਼ਨਲ ਲੋਕ ਅਦਾਲਤ ਅਤੇ ਸਥਾਈ ਲੋਕ ਅਦਾਲਤ ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਲੋਕਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਦਾ ਲਾਭ ਲੈਣ ਅਤੇ ਬਾਲ ਵਿਆਹ ਮੁਕਤ ਭਾਰਤ ਅਭਿਆਨ ਦੇ ਨਾਲ ਜੁੜਣ ਦੀ ਅਪੀਲ ਕੀਤੀ ਅਤੇ 14 ਮਾਰਚ 2026 ਨੂੰ ਲੱਗਣ ਜਾ ਰਹੀ ਨੈਸ਼ਨਲ ਲੋਕ ਅਦਾਲਤ ਬਾਰੇ ਜਾਣਕਾਰੀ ਦਿੱਤੀ। ਲੈਕਚਰਾਰ ਸ਼ਰਨਜੀਤ ਕੌਰ ਨੇ ਧੰਨਵਾਦੀ ਸ਼ਬਦ ਕਹੇ। ਇਸ ਮੌਕੇ 'ਤੇ ਲੈਕਚਰਾਰ ਹਰਜੀਤ ਰਾਣੀ,ਬਬੀਤਾ ਬਾਂਸਲ,ਤਲਵਿੰਦਰ ਸਿੰਘ ਸਮੂਹ ਸਕੂਲ ਸਟਾਫ, ਮਿਡ ਡੇ ਮੀਲ ਵਰਕਰ ਅਤੇ ਵਿਦਿਆਰਥੀ ਹਾਜ਼ਰ ਸਨ।



## ਸਨੌਰ ਰੋਡ 'ਤੇ ਸੁਰੱਖਿਆ ਵਧਾਉਣ ਲਈ ਡੀ.ਐਸ.ਪੀ. ਹਰਸਿਮਰਨ ਸਿੰਘ ਗੋਦਾਰਾ ਦੀ ਅਗਵਾਈ ਹੇਠ 'ਆਪ੍ਰੇਸ਼ਨ ਪ੍ਰਹਾਰ' ਸ਼ੁਰੂ

ਸਨੌਰ, 11 ਫਰਵਰੀ (ਪ੍ਰਥਮ ਕੁਮਾਰ) : ਸਨੌਰ ਰੋਡ (ਪਟਿਆਲਾ) ਸਬਜ਼ੀ ਮੰਡੀ, ਪ੍ਰਜਾਪਤ ਕਲੋਨੀ ਅਤੇ ਹੋਰ ਕਈ ਥਾਵਾਂ 'ਤੇ ਸ਼ਹਿਰ ਦੀ ਸੁਰੱਖਿਆ ਵਧਾਉਣ ਲਈ ਡੀ.ਐਸ.ਪੀ. ਹਰਸਿਮਰਨ ਸਿੰਘ ਗੋਦਾਰਾ ਦੀ ਅਗਵਾਈ ਹੇਠ 'ਆਪ੍ਰੇਸ਼ਨ ਪ੍ਰਹਾਰ' ਨੂੰ ਲੈ ਕੇ ਚੈਕਿੰਗ ਕੀਤੀ ਗਈ। ਇਸ ਮੁਹਿੰਮ ਦਾ ਮਕਸਦ ਸਥਾਨਕ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਕਾਨੂੰਨ ਦੀ ਪਾਲਣਾ ਨੂੰ ਸੁਨਿਸ਼ਚਿਤ ਕਰਨਾ ਸੀ। ਪੁਲਿਸ ਟੀਮਾਂ ਨੇ ਵੱਖ-ਵੱਖ ਥਾਵਾਂ 'ਤੇ ਜਾ ਕੇ ਜਾਂਚ ਕੀਤੀ, ਇਸ ਪ੍ਰਚਾਰ ਦਾ ਮੁੱਖ ਉਦੇਸ਼ ਕ੍ਰਾਈਮ ਨੂੰ ਰੋਕਣਾ ਅਤੇ ਸ਼ਹਿਰ ਦੇ ਨਿਵਾਸੀਆਂ ਨੂੰ ਸੁਰੱਖਿਅਤ ਮਹਿਸੂਸ ਕਰਵਾਉਣਾ ਸੀ। ਡੀ.ਐਸ.ਪੀ ਸਾਹਿਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਕਾਰਵਾਈ ਡੀ.ਜੀ.ਪੀ. ਅਤੇ ਐਸ.ਐਸ.ਪੀ. ਦੇ ਹੁਕਮਾਂ ਅਨੁਸਾਰ ਕੀਤੀ ਜਾ ਰਹੀ ਹੈ। ਇਹ ਦਰਸਾਉਂਦਾ ਹੈ ਕਿ ਉਨ੍ਹਾਂ ਨੇ ਉੱਚੇ ਅਧਿਕਾਰੀਆਂ ਦੇ ਆਦੇਸ਼ਾਂ ਦੀ ਪਾਲਨਾ ਕਰਦਿਆਂ ਇਸ ਮੁਹਿੰਮ ਨੂੰ ਅੱਗੇ ਵਧਾਇਆ ਹੈ। ਇਹ ਵਿਵਸਥਾ ਕਾਨੂੰਨੀ ਕਾਰਵਾਈ ਅਤੇ ਆਦੇਸ਼ਾਂ ਦੀ ਲੜੀ ਨੂੰ ਸਹੀ ਢੰਗ ਨਾਲ ਪੂਰਾ ਕਰਨ ਦੀ ਪ੍ਰਕਿਰਿਆ ਦਾ ਹਿੱਸਾ ਹੈ। ਇਸ ਕਾਰਵਾਈ ਦੇ ਨਤੀਜੇ ਵਜੋਂ, 100 ਤੋਂ ਵੱਧ ਗੈਂਗਸਟਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਹ ਗ੍ਰਿਫਤਾਰੀਆਂ ਸ਼ਹਿਰ ਵਿੱਚ ਅਪਰਾਧਕ ਸਰਗਰਮੀਆਂ ਨੂੰ ਕਾਬੂ ਕਰਨ ਅਤੇ ਲੋਕਾਂ ਵਿੱਚ ਸੁਰੱਖਿਆ ਦਾ ਭਰੋਸਾ ਪੈਦਾ ਕਰਨ ਲਈ ਕੀਤੀਆਂ ਗਈਆਂ ਹਨ। ਪੁਲਿਸ ਪ੍ਰਸ਼ਾਸ਼ਨ ਵੱਲੋਂ ਇਹ ਕਾਰਵਾਈ ਸੂਬੇ ਵਿੱਚ ਅਪਰਾਧ ਪ੍ਰਤੀ ਨਰਮੀ ਨਜ਼ਰ ਨਾ ਆਉਣ ਦੇ ਸੰਦੇਸ਼ ਨੂੰ ਮਜ਼ਬੂਤੀ ਦੇਣ ਵਾਲੀ ਹੈ। ਇਸ ਮੁਹਿੰਮ ਦੇ ਸਫ਼ਲ ਹੋਣ ਨਾਲ ਪਟਿਆਲਾ ਦੇ ਨਿਵਾਸੀਆਂ ਵਿੱਚ ਸ਼ਾਂਤੀ ਅਤੇ ਸੁਰੱਖਿਆ ਦੀ ਭਾਵਨਾ ਵਧੇਗੀ।



## ਆਕਾਸ਼ਵਾਣੀ ਪਟਿਆਲਾ ਰੇਡੀਓ ਕਿਸਾਨ ਦਿਵਸ ਅੱਜ ਮਨਾਏਗਾ

ਪਟਿਆਲਾ, 11 ਫਰਵਰੀ (ਰੁਪਾਣਾ) : ਰੇਡੀਓ ਕਿਸਾਨ ਦਿਵਸ ਮਨਾਉਣ ਲਈ, ਆਕਾਸ਼ਵਾਣੀ: ਪਟਿਆਲਾ ਕੱਲ੍ਹ ਇੱਥੇ ਆਕਾਸ਼ਵਾਣੀ ਪਰਿਸਰ ਵਿੱਚ ਸਥਿਤ ਦੂਰਦਰਸ਼ਨ ਸਟੂਡੀਓ ਵਿੱਚ ਇੱਕ ਸੱਭਿਆਚਾਰਕ ਸਮਾਗਮ ਦਾ ਆਯੋਜਨ ਕਰਨ ਜਾ ਰਿਹਾ ਹੈ। ਇਹ ਸਮਾਗਮ ਭਾਰਤ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਦੁਆਰਾ ਸਪਾਂਸਰ ਕੀਤਾ ਜਾਣਾ ਹੈ । ਪੰਜਾਬ ਦੇ ਪੇਂਡੂ ਜੀਵਨ ਨੂੰ ਦਰਸਾਉਂਦਾ ਪੰਜਾਬੀ ਵਿੱਚ ਇੱਕ ਨਾਟਕ, 'ਪਰਤ ਆਉਣ ਤੱਕ', ਜੋ ਕਿ ਪ੍ਰਸਿੱਧ ਨਾਟਕ ਕਾਰਡਾ. ਸਤੀਸ਼ ਕੁਮਾਰ ਵਰਮਾ ਦੁਆਰਾ ਲਿਖਿਆ ਗਿਆ ਹੈ, ਮੋਹਨ ਕੰਬੋਜ ਅਤੇ ਹੋਰ ਨਾਟਕ ਕਲਾਕਾਰਾਂ ਦੁਆਰਾ ਖੇਡਿਆ ਜਾਵੇਗਾ। ਆਕਾਸ਼ਵਾਣੀ ਵੱਲੋਂ ਏ-ਗ੍ਰੇਡ ਕਲਾਕਾਰ ਸਵਰਨ ਯਮਲਾ ਦੀ ਪਾਰਟੀ ਪੰਜਾਬ ਦਾ ਲੋਕ ਸੰਗੀਤ ਪੇਸ਼ ਕਰੇਗੀ। ਪ੍ਰੋਗਰਾਮ ਦੀ ਰਿਕਾਰਡਿੰਗ ਆਕਾਸ਼ਵਾਣੀ: ਪਟਿਆਲਾ ਦੀ ਐਫ ਐਮ ਫ੍ਰੀਕੁਐਂਸੀ 100.2 ਮੈਗਾ ਹਰਟਜ਼ ਅਤੇ ਮੋਬਾਈਲ ਐਪ 'News On Air (ਨਿਊਜ਼ ਆਨ ਏਅਰ)''ਤੇ 15 ਫਰਵਰੀ, 2026 ਨੂੰ'ਕਿਸਾਨਵਾਣੀ' ਪ੍ਰੋਗਰਾਮ ਦੌਰਾਨ ਪ੍ਰਸਾਰਿਤ ਕੀਤੀ ਜਾਵੇਗੀ। ਇਸ ਸਮਾਗਮ ਵਿੱਚ ਲਗਭਗ ਸੱਤਰ ਪ੍ਰਗਤੀਸ਼ੀਲ ਕਿਸਾਨ, ਖੇਤੀਬਾੜੀ ਅਧਿਕਾਰੀ ਅਤੇ ਕ੍ਰਿਸ਼ੀਵਿਗਿਆਨ ਕੇਂਦਰਾਂ, ਖੇਤੀਬਾੜੀ ਅਤੇ ਪਸ਼ੂ ਪਾਲਣ ਵਿਭਾਗਾਂ ਦੇ ਮਾਹਿਰਾਂ ਦੇ ਸ਼ਾਮਲ ਹੋਣ ਦੀ ਉਮੀਦ ਹੈ। ਰੇਡੀਓ ਕਿਸਾਨ ਦਿਵਸ ਹਰ ਸਾਲ 15 ਫਰਵਰੀ ਨੂੰ ਜਾਂ ਇਸਦੇ ਆਸ-ਪਾਸ ਪੂਰੇ ਭਾਰਤ ਵਿੱਚ ਮਨਾਇਆ ਜਾਂਦਾ ਹੈ, ਤਾਂ ਜੋ ਆਕਾਸ਼ਵਾਣੀ ਅਤੇ ਕਿਸਾਨ ਭਾਈਚਾਰੇ ਵਿਚਕਾਰ ਸਬੰਧ ਬਣਾਇਆ ਜਾ ਸਕੇ।

## ਬੱਚਾ ਗੋਦ ਲੈਣ ਦੇ ਚਾਹਵਾਨ ਮਾਪੇ ਕਿਸੇ ਵਿਚੋਲੇ ਰਾਹੀਂ ਜਾਂ ਸਿੱਧੇ ਤੌਰ 'ਤੇ ਕੋਈ ਬੱਚਾ ਖਰੀਦਣ ਦੀ ਕੋਸ਼ਿਸ਼ ਕਰਨ ਦੀ ਬਜਾਏ ਕਾਨੂੰਨ ਮੁਤਾਬਕ ਹੀ ਗੋਦ ਲੈਣ : ਵਰਜੀਤ ਵਾਲੀਆ

### ➢ਬੱਚਾ ਗੋਦ ਲੈਣ ਲਈ ਸਰਕਾਰੀ ਵੈਬਸਾਈਟ ਉੱਪਰ ਆਨਲਾਈਨ ਦਿੱਤੀ ਜਾ ਸਕਦੀ ਹੈ ਅਰਜ਼ੀ : ਡੀ.ਸੀ.

ਪਟਿਆਲਾ, 11 ਫਰਵਰੀ (ਰੁਪਾਣਾ) : ਪਟਿਆਲਾ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਕਿਹਾ ਹੈ ਕਿ ਭਾਰਤ ਵਿੱਚ ਰਹਿੰਦੇ ਅਜਿਹੇ ਮਾਪੇ ਜੋ ਬੱਚਾ ਗੋਦ ਲੈਣ ਦੇ ਇੱਛੁਕ ਹਨ, ਉਹ ਕਿਸੇ ਵੀ ਹਸਪਤਾਲ ਜਾਂ ਕਿਸੇ ਵੀ ਵਿਚੋਲੇ ਤੋਂ ਸਿੱਧੇ ਤੌਰ ਉਤੇ ਕੋਈ ਬੱਚਾ ਖਰੀਦਣ ਦੀ ਕੋਸ਼ਿਸ਼ ਨਾ ਕਰਨ, ਕਿਉਂਕਿ ਅਜਿਹਾ ਕਰਨਾ ਪੂਰੀ ਤਰਾਂ ਗੈਰ ਕਾਨੂੰਨੀ ਅਤੇ ਅਪਰਾਧ ਹੈ। ਇੱਕ ਨਵਜਨਮੇ ਬੱਚੇ ਨੂੰ ਅੱਜ ਇੱਥੇ ਆਪਣੇ ਦਫ਼ਤਰ ਵਿਖੇ ਇੱਕ ਜੋੜੇ ਵਲੋਂ ਗੋਦ ਲੈਣ ਦੀ ਪ੍ਰਕ੍ਰਿਆ ਪੂਰੀ ਕਰਨ ਬਾਅਦ, ਸਪੁਰਦ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਭਾਰਤ ਵਿੱਚ ਬੱਚਾ ਗੋਦ ਲੈਣ ਲਈ ਸਿਰਫ ਇੱਕ ਹੀ ਸਹੀ ਤੇ ਸੁਰੱਖਿਅਤ ਪ੍ਰਕਿਰਿਆ ਹੈ ਜਿਸ ਨੂੰ ਸੀਏਆਰਏ (ਸੈਂਟਰਲ ਅਡਾਪਸ਼ਨ ਰਿਸੋਰਸ ਅਥਾਰਟੀ) ਦੇ ਰਾਹੀ ਪੂਰਾ ਕੀਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਕੋਈ ਵੀ ਬੱਚਾ ਗੋਦ ਲੈਣ ਦੇ ਚਾਹਵਾਨ ਜੋੜੇ ਜਾਂ ਮਾਤਾ-ਪਿਤਾ ਸਰਕਾਰੀ ਵੈਬਸਾਈਟ ਉਪਰ ਹੀ ਆਨਲਾਈਨ ਅਰਜ਼ੀ ਦੇ ਸਕਦੇ ਹਨ।ਵਰਜੀਤ ਵਾਲੀਆ ਨੇ ਦੱਸਿਆ ਕਿ ਲੋਕਾਂ ਨੂੰ ਕਾਨੂੰਨ ਬਾਰੇ ਜਾਗਰੂਕ ਹੋਣਾ ਬਹੁਤ ਜਰੂਰੀ ਹੈ, ਕਿਉਂਕਿ ਜੁਵੇਨਾਇਲ ਜਸਟਿਸ ਐਕਟ 2025 ਤਹਿਤ ਹਸਪਤਾਲ ਜਾਂ ਕਿਸੀ ਵਿਅਕਤੀ ਤੋਂ ਬੱਚਾ ਖਰੀਦਣਾ ਮਾਨਵ ਤਸਕਰੀ ਦੀ ਸ੍ਰੇਣੀ ਵਿੱਚ ਆਉਣ ਕਰਕੇ ਕਾਨੂੰਨੀ ਅਪਰਾਧ ਹੈ, ਇਸ ਲਈ ਫੜੇ ਜਾਣ ਉਤੇ ਭਾਰੀ ਜੁਰਮਾਨਾ ਤੇ ਕਈ ਸਾਲਾਂ ਦੀ ਸਜ਼ਾ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਕਦੇ ਵੀ ਕਿਸੇ ਵਿਅਕਤੀ ਵੱਲੋਂ ਜਲਦੀ ਬੱਚਾ ਦਿਵਾਉਣ ਦੇ ਝਾਂਸੇ ਵਿੱਚ ਨਾ ਆਇਆ ਜਾਵੇ, ਅਤੇ ਕਿਸੇ ਵੀ ਅਜਿਹੀ ਸ਼ੱਕੀ ਗਤੀਵਿਧੀ ਬਾਰੇ ਸੂਚਨਾ ਮਿਲਣ ਉਤੇ ਚਾਈਲਡ ਹੈਲਪਲਾਈਨ 1098 ਜਾਂ ਫਿਰ ਪੁਲਿਸ ਨੂੰ ਇਸ ਬਾਰੇ ਸੂਚਨਾ ਦਿੱਤੀ ਜਾ ਸਕਦੀ ਹੈ। ਭਾਰਤ ਵਿੱਚ ਬੱਚਾ ਗੋਦ ਲੈਣ ਦੀ ਪ੍ਰਕਿਰਿਆ ਬਾਰੇ ਦੱਸਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਲਈ ਚਾਹਵਾਨ ਮਾਪਿਆਂ ਨੂੰ ਸੈਂਟਰਲ ਅਡਾਪਸ਼ਨ ਰਿਸੋਰਸ ਅਥਾਰਟੀ ਕੋਲ ਰਜਿਸਟ੍ਰੇਸ਼ਨ ਕਰਵਾਉਣੀ ਪੈਂਦੀ ਹੈ। ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਕਾਨੂੰਨੀ ਪ੍ਰਕਿਰਿਆ ਪੂਰੀ ਕਰਨ ਦੌਰਾਨ ਐਸ.ਏ.ਏ ਦੁਆਰਾ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਦੇ ਰਾਹੀਂ ਡਿਪਟੀ ਕਮਿਸ਼ਨਰ ਦੇ ਸਾਹਮਣੇ ਅਪੀਲ ਦਰਜ ਕਰਵਾਈ ਜਾਂਦੀ ਹੈ ਅਤੇ ਬਾਲ ਸੁਰੱਖਿਆ ਅਫ਼ਸਰ ਦੁਆਰਾ ਸੰਪੂਰਣ ਕਾਰਵਾਈ ਦੀ ਜਾਂਚ ਕਰਨ ਉਪਰੰਤ ਡਿਪਟੀ ਕਮਿਸ਼ਨਰ ਰਾਹੀਂ ਗੋਦ ਲੈਣ ਦੇ ਆਦੇਸ਼ ਜਾਰੀ ਕਰਵਾਏ ਜਾਂਦੇ ਹਨ। ਗੋਦ ਲੈਣ ਤੋਂ ਬਾਅਦ ਬੱਚੇ ਦਾ ਜਨਮ ਸਰਟੀਫਿਕੇਟ ਮਾਤਾ-ਪਿਤਾ ਦੇ ਨਾਮ ਉਪਰ ਜਾਰੀ ਕੀਤਾ ਜਾਂਦਾ ਹੈ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਸ਼ਾਇਨਾ ਕਪੂਰ ਨੇ ਦੱਸਿਆ ਕਿ ਜੇਕਰ ਕੋਈ ਮਾਤਾ-ਪਿਤਾ ਆਪਣੇ ਬੱਚੇ ਨੂੰ ਨਹੀਂ ਰੱਖ ਸਕਦੇ ਹਨ, ਤਾਂ ਉਹ ਬੱਚੇ ਨੂੰ ਗ਼ੈਰ ਕਾਨੂੰਨੀ ਢੰਗ ਨਾਲ ਕਿਸੇ ਨੂੰ ਨਾ ਦੇਣ ਅਤੇ ਨਾ ਹੀ ਬੱਚੇ ਨੂੰ ਕੋਈ ਨੁਕਸਾਨ ਪਹੁੰਚਾਉਣ। ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਵੱਲੋਂ ਬਾਲ ਨਿਕੇਤਨ, ਲਾਹੌਰੀ ਗੇਟ, ਪਟਿਆਲਾ ਵਿਖੇ ਭੰਗੂੜਾ ਲਗਾਇਆ ਹੋਇਆ ਹੈ । ਮਾਤਾ-ਪਿਤਾ ਉਸ ਬੱਚੇ ਨੂੰ ਭੰਗੂੜੇ ਵਿੱਚ ਪਾ ਕੇ ਜਾ ਸਕਦੇ ਹਨ ਜਾ ਫਿਰ ਹੈਲਪ ਲਾਈਨ ਨੰਬਰ 1098 'ਤੇ ਫੋਨ ਕਰਕੇ ਵੀ ਬੱਚੇ ਨੂੰ ਸਰੰਡਰ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਦੋਵੇਂ ਹੀ ਸੂਰਤ ਵਿੱਚ ਮਾਤਾ-ਪਿਤਾ ਜਾਂ ਫਿਰ ਸੂਚਨਾ ਦੇਣ ਵਾਲੇ ਦੀ ਪਛਾਣ ਜਨਤਕ ਨਹੀਂ ਕੀਤੀ ਜਾਂਦੀ।



## ਦਯਾਨੰਦ ਮਾਡਲ ਹਾਈ ਸਕੂਲ ਨੇ 'ਨੰਨ੍ਹੀ ਉਡਾਨ' ਐਥਲੈਟਿਕ ਮੀਟ ਕਰਵਾਈ

ਸਮਾਣਾ, 11 ਫਰਵਰੀ (ਵਿਜੇ ਕੁਮਾਰ): ਦਯਾਨੰਦ ਮਾਡਲ ਹਾਈ ਸਕੂਲ ਦੇ ਨੰਨ੍ਹੇ-ਮੁੰਨ੍ਹੇ ਬੱਚਿਆਂ ਵੱਲੋਂ ਸਕੂਲ ਦੇ ਪ੍ਰਧਾਨ ਯਸ਼ਪਾਲ ਸਿੰਗਲਾ ਅਤੇ ਪ੍ਰਿੰਸੀਪਲ ਅੰਜੂ ਡੈਂਬਲਾ ਦੀ ਅਗਵਾਈ ਹੇਠ ਮਾਤਾ ਨੈਨਾ ਆਰੀਆ ਧਰਮਸ਼ਾਲਾ ਵਿਖੇ ਨਰਸਰੀ ਤੋਂ ਦੂਜੀ ਜਮਾਤ ਦੇ ਬੱਚਿਆਂ ਲਈ ਸਵਾਮੀ ਦਯਾਨੰਦ ਸਰਸਵਤੀ ਜੀ ਦੀ 200ਵੀਂ ਜਨਮ ਸ਼ਤਾਬਦੀ ਨੂੰ ਸਮਰਪਿਤ 'ਨੰਨ੍ਹੀ ਉਡਾਨ' ਐਥਲੈਟਿਕ ਮੀਟ ਕਰਵਾਈ ਗਈ। ਸਕੂਲ ਪ੍ਰਬੰਧਕਾਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਨਰਸਰੀ ਤੋਂ ਦੂਜੀ ਜਮਾਤ ਤੱਕ ਦੇ ਸਾਰੇ ਬੱਚਿਆਂ ਨੇ ਇਸ ਖੇਡ ਮੇਲੇ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਮਲਿਕਾ ਬਾਂਸਲ (ਪ੍ਰਧਾਨ ਰੋਟਰੀ ਕਲੱਬ), ਸਕੱਤਰ ਵਨਿਕਾ ਗੋਇਲ, ਕੈਸ਼ੀਅਰ ਸਾਚੀ ਸਿੰਗਲਾ ਅਤੇ ਵਿਸ਼ੇਸ਼ ਮਹਿਮਾਨ ਵਜੋਂ ਗੋਲਡ ਮੈਡਲਿਸਟ ਭੈਣਾਂ ਆਰੀਆ ਸਿੰਗਲਾ ਤੇ ਵੈਸ਼ਨਵੀ ਸਿੰਗਲਾ ਨੇ ਸ਼ਿਰਕਤ ਕੀਤੀ। ਸਟੇਜ ਦੀ ਭੂਮਿਕਾ ਕੰਚਨ ਵੋਹਰਾ ਨੇ ਬਾਖੂਬੀ ਨਿਭਾਈ।ਬੱਚਿਆਂ ਨੇ ਰਿੰਗ ਰੇਸ, ਗਲਾਸ ਪਿਰਾਮਿਡ, ਲੈਮਨ ਰੇਸ, ਬਨਾਨਾ ਰੇਸ, ਪੇਸਟਰੀ ਰੇਸ ਅਤੇ ਰੋਪ ਪੁਲਿੰਗ ਵਰਗੀਆਂ ਖੇਡਾਂ ਵਿੱਚ ਆਪਣੀ ਪ੍ਰਤਿਭਾ ਦਿਖਾਈ. ਜਿਸ ਵਿੱਚ ਰਿੰਗ ਰੇਸ ਜਯੋਤੀ (ਪਹਿਲਾ), ਤਨਵੀ (ਦੂਜਾ) ਅਤੇ ਕਾਵਿਆ (ਤੀਜਾ ਸਥਾਨ), ਬਨਾਨਾ ਰੇਸ: ਲਕਸ਼ੈ (ਪਹਿਲਾ), ਹਮਰਾਹ (ਦੂਜਾ) ਅਤੇ ਵਿਸ਼ਾਲ (ਤੀਜਾ ਸਥਾਨ), ਲੈਮਨ ਰੇਸ: ਹਰਗੁਣ (ਪਹਿਲਾ), ਸਮ੍ਰਿਧੀ (ਦੂਜਾ) ਅਤੇ ਹਰਜੋਤ (ਤੀਜਾ ਸਥਾਨ), ਪੇਸਟਰੀ ਗੇਮ: ਮਾਹਿਰਾ (ਪਹਿਲਾ), ਰੌਲੀ (ਦੂਜਾ) ਜਦਕਿ ਤਾਨਿਆ ਅਤੇ ਸ਼ਾਲਿਨੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪ੍ਰਧਾਨ ਯਸ਼ਪਾਲ ਸਿੰਗਲਾ ਅਤੇ ਪ੍ਰਿੰਸੀਪਲ ਅੰਜੂ ਡੈਂਬਲਾ ਨੇ ਆਏ ਹੋਏ ਮਹਿਮਾਨਾਂ ਅਤੇ ਮਾਪਿਆਂ ਦਾ ਸਵਾਗਤ ਕੀਤਾ। ਸਮਾਗਮ ਚ ਸ਼ਾਮਲ ਸੰਸਥਾ ਦੇ ਮੰਤਰੀ ਨਰਾਇਣ ਦਾਸ, ਅਸ਼ੋਕ ਗਰਗ, ਸੁਭਾਸ਼ ਸਿੰਗਲਾ, ਸਤੀਸ਼ ਗੋਇਲ, ਗੋਬਿੰਦ ਬੱਬਰ, ਧਰਮਪਾਲ ਆਰੀਆ, ਰਮਨ ਮਹਿੰਦਰਾ, ਜਗਦੀਸ਼ ਵਰਮਾ, ਸਰਲਾ ਬੱਬਰ, ਆਸ਼ਾ ਬੱਬਰ, ਸੁਦੇਸ਼ ਸਿੰਗਲਾ, ਮੋਨਿਕਾ ਅਤੇ ਸਰੋਜ ਗੁਪਤਾ ਮੌਜੂਦ ਸਨ।





# ਪਟਿਆਲਾ-ਆਸ/ਪਾਸ



## ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੂੰ ਪੰਜਾਬ ਅਕੈਡਮੀ ਆਫ਼ ਸਾਇੰਸਜ਼ ਨੇ ਚੁਣਿਆ ਫ਼ੈਲੋ

### ➢ਲਾਈਫ਼ ਸਾਇੰਸਜ਼ ਦੇ ਖੇਤਰ 'ਚ ਪਾਏ ਯੋਗਦਾਨ ਬਦਲੇ ਹਾਸਲ ਹੋਇਆ ਇਹ ਮਾਣ

ਪਟਿਆਲਾ, 11 ਫਰਵਰੀ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੂੰ ਪੰਜਾਬ ਅਕੈਡਮੀ ਆਫ਼ ਸਾਇੰਸਜ਼ ਵੱਲੋਂ ਆਪਣਾ ਫ਼ੈਲੋ ਚੁਣਿਆ ਗਿਆ ਹੈ। ਜ਼ਿਕਰਯੋਗ ਹੈ ਕਿ ਵਿਗਿਆਨ ਵਿਸ਼ੇ ਦੀ ਖੋਜ ਦੇ ਖੇਤਰ ਵਿੱਚ ਯੋਗਦਾਨ ਪਾਉਣ ਵਾਲ਼ੀਆਂ ਭਾਰਤੀ ਅਤੇ ਵਿਦੇਸ਼ੀ ਚੁਣਿੰਦਾ ਸ਼ਖ਼ਸੀਅਤਾਂ ਨੂੰ ਹਰ ਸਾਲ ਇਹ ਫ਼ੈਲੋਸ਼ਿਪ ਪ੍ਰਦਾਨ ਕੀਤੀ ਜਾਂਦੀ ਹੈ। ਇਸੇ ਲੜੀ ਵਿੱਚ ਡਾ. ਜਗਦੀਪ ਸਿੰਘ ਨੂੰ ਲਾਈਫ਼ ਸਾਇੰਸਜ਼ ਦੇ ਖੇਤਰ ਵਿੱਚ ਪਾਏ ਗਏ ਯੋਗਦਾਨ ਬਦਲੇ ਇਹ ਮਾਣ ਹਾਸਿਲ ਹੋਇਆ ਹੈ।ਵਰਨਣਯੋਗ ਹੈ ਕਿ ਵਿਸ਼ੇ ਪੱਖੋਂ ਜੀਵ ਵਿਗਿਆਨ ਵਿੱਚ ਪੀ-ਐੱਚ.ਡੀ. ਕਰਨ ਵਾਲ਼ੇ ਡਾ. ਜਗਦੀਪ ਸਿੰਘ ਨੇ ਮੌਲੀਕਿਊਲਰ ਬਾਇਓਲੌਜੀ ਦੇ ਖੇਤਰ ਵਿੱਚ ਪੋਸਟ-ਡੌਕਟਰਲ ਪੱਧਰ ਦੀ ਸਿਖਲਾਈ ਪ੍ਰਾਪਤ ਕੀਤੀ ਹੈ। ਉਨ੍ਹਾਂ ਦੀ ਖੋਜ ਰੁਚੀ ਕੈਂਸਰ ਵਿੱਚ ਡੀ.ਐੱਨ.ਏ. ਮਿਥਾਈਲੇਸ਼ਨ ਜਿਹੇ ਖੇਤਰਾਂ ਵਿੱਚ ਹੈ। ਉਹ ਕੈਂਸਰ ਦੇ ਸਿਸਟਮੈਟਿਕਸ ਅਤੇ ਐਪੀਜੇਨੇਟਿਕਸ ਸਬੰਧੀ ਖੇਤਰ ਵਿੱਚ ਬਹੁਤ ਸਾਰੇ ਖੋਜ-ਪੱਤਰ ਪ੍ਰਕਾਸ਼ਿਤ ਕਰਵਾ ਚੁੱਕੇ ਹਨ। ਹਾਲ ਹੀ ਵਿੱਚ ਉਨ੍ਹਾਂ ਦੀ ਇੱਕ ਪੁਸਤਕ 'ਸਾਇੰਸ ਐਂਡ ਸਪਿਰਚੂਲਿਟੀ: ਦ ਜਰਨੀ ਵਿਦਿਨ' ਵੀ ਪ੍ਰਕਾਸ਼ਿਤ ਹੋਈ ਹੈ। ਉੱਘੇ ਵਿਗਿਆਨੀ ਅਤੇ ਅਕਾਦਮੀਸ਼ਨ ਡਾ. ਜਗਦੀਪ ਸਿੰਘ ਵੱਖ-ਵੱਖ ਵੱਕਾਰੀ ਅਹੁਦਿਆਂ ਉੱਤੇ ਵੀ ਆਪਣੀਆਂ ਸੇਵਾਵਾਂ ਨਿਭਾ ਚੁੱਕੇ ਹਨ। ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਨਿਯੁਕਤ ਹੋਣ ਤੋਂ ਪਹਿਲਾਂ ਉਹ



ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਐਜੂਕੇਸ਼ਨ ਐਂਡ ਰਿਸਰਚ (ਆਇਜ਼ਰ) ਮੋਹਾਲੀ ਵਿਖੇ ਰਜਿਸਟਰਾਰ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਉਹ ਪੰਜਾਬ ਸਰਕਾਰ ਦੇ ਉੱਚ ਸਿੱਖਿਆ ਵਿਭਾਗ ਵਿੱਚ ਡਾਇਰੈਕਟਰ, ਵਧੀਕ ਡਾਇਰੈਕਟਰ, ਡਿਪਟੀ ਡਾਇਰੈਕਟਰ ਅਤੇ ਚੀਫ਼ ਵਿਜੀਲੈਂਸ ਅਧਿਕਾਰੀ ਵਜੋਂ ਵੀ ਵੱਖ-ਵੱਖ ਅਹੁਦਿਆਂ 'ਤੇ ਸੇਵਾ ਨਿਭਾ ਚੁੱਕੇ ਹਨ। ਉਹ ਚਾਰ ਸਾਲ ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਵੀ ਰਜਿਸਟਰਾਰ ਰਹੇ, ਜਿੱਥੇ ਉਨ੍ਹਾਂ ਕੰਟਰੋਲਰ ਪ੍ਰੀਖਿਆਵਾਂ ਅਤੇ ਵਿੱਤ ਅਧਿਕਾਰੀ ਵਜੋਂ ਵੀ ਸੇਵਾ ਨਿਭਾਈ। ਭਾਰਤ ਸਰਕਾਰ ਵੱਲੋਂ ਪੰਜਾਬ ਦੇ ਮੋਹਾਲੀ ਵਿਖੇ ਆਇਜ਼ਰ ਪ੍ਰੋਜੈਕਟ ਦਾ ਐਲਾਨ ਕੀਤਾ ਗਿਆ ਸੀ, ਤਾਂ ਪੰਜਾਬ ਸਰਕਾਰ ਵੱਲੋਂ ਡਾ. ਜਗਦੀਪ ਸਿੰਘ ਨੂੰ ਇਸ ਅਹਿਮ ਪ੍ਰੋਜੈਕਟ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਸੀ। ਇਸ ਤੋਂ ਬਾਅਦ ਉਹ ਆਇਜ਼ਰ ਮੋਹਾਲੀ ਵਿਖੇ ਕੋਆਰਡੀਨੇਟਰ ਅਤੇ ਫੈਕਲਟੀ (2007-2012) ਵਜੋਂ ਜੁੜੇ ਰਹੇ। ਡਾ. ਜਗਦੀਪ ਸਿੰਘ ਨੇ ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ ਵਿੱਚ ਬਾਇਓਟੈਕਨਾਲੋਜੀ ਦੇ ਸਲਾਹਕਾਰ ਵਜੋਂ ਵੀ ਸੇਵਾਵਾਂ ਦਿੱਤੀਆਂ ਹਨ ਜਿੱਥੇ ਉਨ੍ਹਾਂ ਬਾਇਓਟੈਕ ਗੈਲਰੀ, ਐਵੋਲੂਸ਼ਨ ਗੈਲਰੀ, ਡਾਇਨਾਸੌਰ ਪਾਰਕ, ਏਡਜ਼ ਗੈਲਰੀ ਅਤੇ ਰੈੱਡ ਰਿਬਨ ਪ੍ਰੋਜੈਕਟ ਸਥਾਪਤ ਕਰਨ ਦੇ ਪ੍ਰੋਜੈਕਟਸ ਵਿੱਚ ਮੋਹਰੀ ਭੂਮਿਕਾ ਨਿਭਾਈ।

## ਪੁਰਾਣਾ ਬੱਸ ਸਟੈਂਡ ਸੰਘਰਸ਼ ਕਮੇਟੀ ਵੱਲੋਂ ਪੀ.ਆਰ.ਟੀ.ਸੀ. ਦੇ ਨਵ-ਨਿਯੁਕਤ ਚੇਅਰਮੈਨ ਹਰਪਾਲ ਜੁਨੇਜਾ ਨਾਲ ਮੁਲਾਕਾਤ

### ➢ਬੱਸ ਸਟੈਂਡ ਦੇ ਚੱਲਣ ਨਾਲ ਨੇੜਲੀਆਂ ਮਾਰਕੀਟਾਂ ਨੂੰ ਮਿਲੇਗਾ ਲਾਭ

ਪਟਿਆਲਾ, 11 ਫਰਵਰੀ (ਰੁਪਾਣਾ/ਅਮਰਜੀਤ) : ਪੁਰਾਣਾ ਬੱਸ ਸਟੈਂਡ ਸੰਘਰਸ਼ ਕਮੇਟੀ ਵੱਲੋਂ ਪੀਆਰਟੀਸੀ ਦੇ ਨਵ-ਨਿਯੁਕਤ ਚੇਅਰਮੈਨ ਸ੍ਰੀ ਹਰਪਾਲ ਜੁਨੇਜਾ ਨਾਲ ਮੁਲਾਕਾਤ ਕਰਕੇ ਦੁਕਾਨਦਾਰਾਂ ਅਤੇ ਇਲਾਕੇ ਦੇ ਲਗਭਗ 10 ਹਜ਼ਾਰ ਨਿਵਾਸੀਆਂ ਨੂੰ ਬੱਸਾਂ ਦੀ ਯਥੋਚਿਤ ਸੇਵਾ ਸ਼ੁਰੂ ਨਾ ਹੋਣ ਕਾਰਨ ਆ ਰਹੀਆਂ ਮੁਸ਼ਕਲਾਂ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਸੰਘਰਸ਼ ਕਮੇਟੀ ਵੱਲੋਂ ਚੇਅਰਮੈਨ ਹਰਪਾਲ ਜੁਨੇਜਾ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਸੰਘਰਸ਼ ਕਮੇਟੀ ਦੇ ਆਗੂ ਨੇਤਾ ਗੁਰਪਾਲ ਸਿੰਘ ਉਰਫ਼ ਕਾਕਾ ਨੇ ਕਿਹਾ ਕਿ ਪੁਰਾਣਾ ਬੱਸ ਸਟੈਂਡ 'ਚ ਬੱਸਾਂ ਦੀ ਗਿਣਤੀ ਵਧਾਉਣ ਦੀ ਮੰਗ ਉਹ ਲੰਮੇ ਸਮੇਂ ਤੋਂ ਕਰਦੇ ਆ ਰਹੇ ਹਨ। ਹਾਲਾਂਕਿ ਸ਼ਹਿਰੀ ਵਿਧਾਇਕ ਵੱਲੋਂ ਇਹ ਮਸਲਾ ਵਿਧਾਨ ਸਭਾ ਵਿੱਚ ਵੀ ਉਠਾਇਆ ਗਿਆ, ਪਰ ਇਸ ਦੇ



ਬਾਵਜੂਦ ਮੰਤਰੀਆਂ ਵੱਲੋਂ ਕੋਈ ਸੁਣਵਾਈ ਨਹੀਂ ਹੋਈ, ਜਿਸਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੁਰਾਣਾ ਬੱਸ ਸਟੈਂਡ ਦੇ ਨਜ਼ਦੀਕ ਸਾਰੀਆਂ ਮੁੱਖ ਮਾਰਕੀਟਾਂ ਸਥਿਤ ਹਨ ਅਤੇ ਨਾਲ ਹੀ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਸ੍ਰੀ ਕਾਲੀ ਦੇਵੀ ਮੰਦਰ, ਮਾਤਾ ਕੌਸ਼ਲਿਆ ਹਸਪਤਾਲ, ਸਰਕਾਰੀ ਰਾਜਿੰਦਰਾ ਹਸਪਤਾਲ ਅਤੇ ਟੀਬੀ ਹਸਪਤਾਲ ਵੀ ਬਿਲਕੁਲ ਨੇੜੇ ਹੀ ਸਥਿਤ ਹਨ। ਜੇਕਰ ਇਸ ਬੱਸ ਸਟੈਂਡ ਤੋਂ ਪਿੰਡਾਂ ਵੱਲ ਜਾਣ ਵਾਲੀਆਂ ਬੱਸਾਂ ਦੀ ਗਿਣਤੀ ਵਧਾ ਦਿੱਤੀ ਜਾਵੇ ਤਾਂ ਲੋਕਾਂ ਦਾ ਸਮਾਂ ਬਚੇਗਾ ਅਤੇ ਵਾਧੂ ਖਰਚੇ ਤੋਂ ਵੀ ਰਾਹਤ ਮਿਲੇਗੀ। ਇਨ੍ਹਾਂ ਸਾਰੇ ਮਸਲਿਆਂ ਨੂੰ ਲੈ ਕੇ ਪੀਆਰਟੀਸੀ ਚੇਅਰਮੈਨ ਨਾਲ ਵਿਸਥਾਰ ਨਾਲ ਵਿਚਾਰ-ਵਟਾਂਦਰਾ ਹੋਇਆ, ਜਿਨ੍ਹਾਂ ਨੇ ਜਲਦ ਹੀ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਦਾ ਭਰੋਸਾ ਦਿੱਤਾ। ਸੰਘਰਸ਼ ਕਮੇਟੀ ਨੇ ਦੱਸਿਆ ਕਿ ਚੇਅਰਮੈਨ ਹਰਪਾਲ ਜੁਨੇਜਾ ਦਾ ਸਨਮਾਨ ਸ਼ਹਿਰ ਵਾਸੀਆਂ ਵੱਲੋਂ ਇੱਕ ਵਿਧਾਇਕ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ। ਲੋਕਾਂ ਨੂੰ ਉਮੀਦ ਹੈ ਕਿ ਉਹ ਜਨਤਕ ਮੁੱਦਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਗੇ। ਕਮੇਟੀ ਨੇ ਮੰਗ ਕੀਤੀ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਬਣ ਰਹੇ ਈ-ਬੱਸ ਚਾਰਜਿੰਗ ਸਟੈਂਡ ਪੁਰਾਣੇ ਬੱਸ ਸਟੈਂਡ ਵਿੱਚ ਹੀ ਸਥਾਪਤ ਕੀਤੇ ਜਾਣ, ਤਾਂ ਜੋ ਇਹ ਕੇਂਦਰੀ ਆਵਾਜਾਈ ਹੱਬ ਵਜੋਂ ਵਿਕਸਤ ਹੋ ਸਕੇ। ਪੁਰਾਣਾ ਬੱਸ ਸਟੈਂਡ ਮਾਰਕੀਟ, ਲਾਹੌਰੀ ਗੇਟ, ਸ਼ੇਰੇ ਪੰਜਾਬ ਮਾਰਕੀਟ, ਆਰੀਆ ਸਮਾਜ, ਟੀਬੀ ਹਸਪਤਾਲ ਮਾਰਕੀਟ, ਅਦਾਲਤ ਬਾਜ਼ਾਰ, ਕਿਲ੍ਹਾ ਚੌਂਕ, ਸਰਹੰਦੀ ਬਾਜ਼ਾਰ, ਗੁੜ ਮੰਡੀ, ਬਰਤਨ ਬਾਜ਼ਾਰ, ਚੂੜੀ ਬਾਜ਼ਾਰ, ਸ਼ਰਾਫਾ ਬਾਜ਼ਾਰ, ਰਾਜਪੁਰਾ ਕਾਲੋਨੀ ਮਾਰਕੀਟ, ਗੁਰਬਖ਼ਸ਼ ਕਾਲੋਨੀ ਮਾਰਕੀਟ, ਗੁਰੂ ਨਾਨਕ ਨਗਰ ਮਾਰਕੀਟ ਸਥਿਤ ਹਨ।

## 'ਮਨਰੇਗਾ ਬਚਾਓ ਸੰਗਰਾਮ' ਤਹਿਤ ਭਾਦਸੋਂ 'ਚ ਕਾਂਗਰਸ ਵੱਲੋਂ ਵਿਸ਼ਾਲ ਰੈਲੀ



ਭਾਦਸੋਂ, 11 ਫਰਵਰੀ (ਭਰਪੂਰ ਸਿੰਘ ਮੱਟਰਾਂ): ਕਾਂਗਰਸ ਪਾਰਟੀ ਵੱਲੋਂ ਰਾਹੁਲ ਗਾਂਧੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਨਾਜ ਮੰਡੀ ਭਾਦਸੋਂ ਵਿਖੇ ਮਨਰੇਗਾ ਬਚਾਓ ਸੰਗਰਾਮ ਤਹਿਤ ਰੈਲੀ ਦਾ ਆਯੋਜਨ ਕੀਤਾ ਗਿਆ।ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਦੀ ਦੇਖ ਰੇਖ ਹੇਠ ਕਰਵਾਈ ਰੈਲੀ ਦੌਰਾਨ ਕਾਂਗਰਸ ਦੇ ਸੂਬਾ ਇੰਚਾਰਜ ਭੁਪੇਸ਼ ਬਘੇਲ,ਸੂਬਾ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ,ਲੋਕ ਸਭਾ ਪਟਿਆਲਾ ਤੋਂ ਐਮ.ਪੀ ਡਾ. ਧਰਮਵੀਰ ਗਾਂਧੀ, ਹਿਮਾ ਪਾਵਰੀ ਆਲ ਇੰਡੀਆ ਕਾਂਗਰਸ ਇੰਚਾਰਜ ,ਸਾਬਕਾ ਮੰਤਰੀ ਕਾਕਾ ਰਣਦੀਪ ਸਿੰਘ ਨਾਭਾ, ਸਾਬਕਾ ਵਿਧਾਇਕ ਗੁਰਕੀਰਤ ਸਿੰਘ ਕੋਟਲੀ,ਸਾਬਕਾ ਵਿਧਾਇਕ ਰਾਣਾ ਕੇ.ਪੀ.,ਸਾਬਕਾ ਵਿਧਾਇਕ ਅਰੁਣਾ ਚੌਧਰੀ, ਸਾਬਕਾ ਵਿਧਾਇਕ ਸਾਧੂ ਸਿੰਘ ਧਰਮਸੋਤ,ਬੀਬਾ ਗੁਰਸ਼ਰਨ ਕੌਰ ਰੰਧਾਵਾ, ਸਾਬਕਾ ਵਿਧਾਇਕ ਕੈਪਟਨ ਸੰਦੀਪ ਸੰਧੂ, ਸਾਬਕਾ ਵਿਧਾਇਕ ਲੱਖਾ ਪਾਇਲ,ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ, ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ, ਹੈਰੀ ਮਾਨ ਸਾਬਕਾ ਵਿਧਾਇਕ, ਨਿਰਮਲ ਸਿੰਘ ਸ਼ੁਤਰਾਣਾ,ਸਾਬਕਾ ਜ਼ਿਲ੍ਹਾ ਪ੍ਰਧਾਨ ਮਹੰਤ ਹਰਵਿੰਦਰ ਸਿੰਘ ਖਨੌੜਾ, ਜ਼ਿਲ੍ਹਾ ਪਰਿਸ਼ਦ ਮੈਂਬਰ ਕੁੰਵਰਪ੍ਰਤਾਪ ਖਨੌੜਾ ਮੌਜੂਦ ਸਨ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸਮੇ ਮਜ਼ਦੂਰ ਦੀ ਮਰਜੀ ਨਾਲ ਰੁਜਗਾਰ ਮਿਲਦਾ ਸੀ ਪਰ ਹੁਣ ਕੇਂਦਰ ਫੈਸਲਾ ਕਰਦੀ ਹੈ ਕਿ ਕਿਹੜੇ ਪਿੰਡ ਵਿਚ ਕਿਸਨੂੰ ਕਿੰਨਾ ਕੰਮ ਮਿਲੇਗਾ। ਇਸ ਮੌਕੇ ਸਾਬਕਾ ਪ੍ਰਧਾਨ ਚੂਨੀ ਲਾਲ, ਭਗਵੰਤ ਸਿੰਘ ਮਨਕੂ ਕੋਆਰਡੀਨੇਟਰ , ਸਾਬਕਾ ਚੇਅਰਮੈਨ ਪਰਮਜੀਤ ਸਿੰਘ ਖੱਟੜਾ, ਅਵਤਾਰ ਸਿੰਘ ਨੰਨੜੇ, ਸਾਬਕਾ ਪ੍ਰਧਾਨ ਦਰਸ਼ਨ ਕੌੜਾ, ਯੂਥ ਆਗੂ ਆਸ਼ੀਸ ਸਿੰਗਲਾ, ਅਸ਼ੋਕ ਬਿੱਟੂ ਨਾਭਾ, ਜਗਵਿੰਦਰ ਸਿੰਘ ਰੈਹਿਲ, ਸਾਬਕਾ ਪ੍ਰਧਾਨ ਮੱਖਣ ਸਿੰਘ ਟੌਹੜਾ, ਅਮਿਤ ਕੋਹਲੀ, ਹੰਸ ਰਾਜ ਮਸਤਾਨਾ, ਸਵਤੰਤਰ ਸਿੰਘ ਕਰਕਰਾ ਅਮਲੋਹ, ਸੁਖਜੀਵਨ ਭੋਲਾ, ਗੁਰਪ੍ਰੀਤ ਸਿੰਘ ਜਾਤੀਵਾਲ, ਪਰਗਟ ਸਿੰਘ ਭੜੀ, ਹਰਪ੍ਰੀਤ ਸਿੰਘ ਬਿਸ਼ਨਗੜ,ਸੰਤੋਖ ਸਿੰਘ ਬੁੱਗਾ, ਹੁਸ਼ਿਆਰ ਸਿੰਘ ,ਦਿਲਵਰ ਸਿੰਘ ਕਨਸੂਹਾ ,ਵਿਵੇਕ ਸਿੰਗਲਾ, ਜਤਿੰਦਰ ਸਿੰਘ ਬੰਟੀ ਸਿੱਧੂ, ਜਸਪਾਲ ਸਿੰਘ ਚੈਹਿਲ,ਜਰਨੈਲ ਸਿੰਘ ਝੰਬਾਲੀ, ਸੁੱਚਾ ਸਿੰਘ ਸਹੋਲੀ, ਅਜਮੀਲ ਖਾਂ, ਸੰਜੀਵ ਕਾਕਾ, ਬਲਵੀਰ ਸਿੰਘ ਮਸਤਾਨਾ, ਭਗਵਾਨ ਸਿੰਘ ਜਿੰਦਲਪੁਰ ਸਮੇਤ ਵੱਡੀ ਗਿਣਤੀ ਵਿਚ ਇਲਾਕਾ ਵਾਸੀ ਹਾਜ਼ਰ ਸਨ।

## ਦਾਖ਼ਲੇ ਸਬੰਧੀ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਬਲਾਕ ਭਾਦਸੋਂ-2 ਵੱਲੋਂ ਪੋਸਟਰ ਜਾਰੀ



ਭਾਦਸੋਂ, 11 ਫਰਵਰੀ (ਭਰਪੂਰ ਸਿੰਘ ਮੱਟਰਾਂ) : ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਪਟਿਆਲਾ ਸ਼ਾਲੂ ਮਹਿਰਾ ਵੱਲੋਂ ਸਿੱਖਿਆ ਬਲਾਕ ਭਾਦਸੋਂ-2 ਦਾ ਸੈਸ਼ਨ 2026 -27 ਸਬੰਧੀ ਦਾਖ਼ਲੇ ਦਾ ਪੋਸਟਰ ਜਾਰੀ ਕੀਤਾ ਗਿਆ। ਇਹ ਸਮੇਂ ਉਹਨਾਂ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਮਾਪਿਆਂ ਨੂੰ ਪ੍ਰੇਰਿਤ ਕਰਕੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਜ਼ਰੂਰ ਦਾਖ਼ਲ ਕਰਵਾਉਣ ਅਤੇ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਵੱਲੋਂ ਕਰੋੜਾਂ ਰੁਪਏ ਨਾਲ ਸਕੂਲ ਆਫ਼ ਹੈਪੀਨੈੱਸ ਅਤੇ ਸਕੂਲ ਆਫ਼ ਐਮੀਨੈਂਸ ਤੌਰ 'ਤੇ ਅਪਗ੍ਰੇਡ ਕੀਤਾ ਜਾ ਰਿਹਾ ਹੈ। ਵਿਭਾਗ ਵੱਲੋਂ ਸਕੂਲਾਂ ਵਿੱਚ ਮੁਫ਼ਤ ਕਿਤਾਬਾਂ, ਵਰਦੀਆਂ, ਦੁਪਹਿਰ ਦੇ ਤਾਜ਼ੇ ਖਾਣੇ ਦਾ ਪ੍ਰਬੰਧ, ਪ੍ਰੋਜੈਕਟ, ਟੱਚ ਪੈਨਲ ,ਕੰਪਿਊਟਰ ,ਖੇਡ ਗਤੀਵਿਧੀਆਂ ,ਸਮਾਰਟ ਰੂਮ , ਚਾਰਦਿਵਾਰੀਆਂ ਨੂੰ ਪਹਿਲ ਦੇ ਅਧਾਰ ਤੇ ਬਣਾਇਆਂ ਜਾ ਰਿਹਾ ਹੈ।ਇਸ ਸਮੇਂ ਬੀਪੀਈਓ ਜਗਜੀਤ ਸਿੰਘ ਨੌਹਰਾ ਨੇ ਇਸ ਸਮਾਗਮ ਵਿੱਚ ਸ਼ਾਮਿਲ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਤੇ ਅਪੀਲ ਕੀਤੀ ਕਿ ਸਰਕਾਰ ਵੱਲੋਂ ਦਿੱਤੀਆਂ ਸਹੂਲਤਾਂ ਪ੍ਰਤੀ ਲੋਕਾਂ ਤੇ ਮਾਪਿਆਂ ਨੂੰ ਜਾਣੂੰ ਕਰਵਾਇਆ ਜਾਵੇ। ਸਰਕਾਰੀ ਸਕੂਲਾਂ ਵਿੱਚ ਵੱਧ ਤੋਂ ਵੱਧ ਬੱਚੇ ਦਾਖ਼ਲ ਕਰਵਾਉਣ ਲਈ ਘਰੋਂ ਘਰੀਂ ਮੁਹਿੰਮ ਆਰੰਭ ਕੀਤੀ ਜਾਵੇ।ਇਸ ਮੌਕੇ ਸੀਐਚਟੀ ਸਤਨਾਮ ਸਿੰਘ ,ਜਸਪਾਲ ਸਿੰਘ,ਗੁਰਪ੍ਰੀਤ ਸਿੰਘ ਪੰਧੇਰ ,ਜਸਪ੍ਰੀਤ ਸਿੰਘ, ਰਮਨਜੀਤ ਕੌਰ, ਰੁਪਿੰਦਰ ਪਾਲ ਸਿੰਘ ,ਗੁਰਪ੍ਰੀਤ ਸਿੰਘ, ਸਤਵੀਰ ਸਿੰਘ, ਜਸਵਿੰਦਰ ਸਿੰਘ, ਰਾਜਵੀਰ ਕੌਰ, ਨਵਨੀਤ ਕੌਰ , ਨਰਿੰਦਰ ਸਿੰਘ, ਯਾਦਵਿੰਦਰ ਕੁਮਾਰ ਅਤੇ ਮਾਪੇ ਹਾਜ਼ਰ ਸਨ।

## ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦੇਣਾ ਸਮੇਂ ਦੀ ਮੁੱਖ ਲੋੜ: ਪ੍ਰਦੀਪ ਕੁਮਾਰ, ਪਰਮਿੰਦਰ ਭਲਵਾਨ




ਪਟਿਆਲਾ, 11 ਫਰਵਰੀ (ਚ.ਨ.ਸ.) :ਪੰਜਾਬ ਅਤੇ ਪਟਿਆਲਾ ਦੀਆਂ ਨਾਮਵਰ ਅਤੇ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ , ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਸਰਕਾਰੀ ਆਈਂ ਟੀ ਆਈ ਲੜਕਿਆਂ ਵਿਖੇ ਪੰਜ ਪੰਜਾਬ ਬਟਾਲੀਅਨ ਐਨ ਸੀ ਸੀ, ਸਾਂਝ ਕੇਂਦਰ ਸਿਟੀ-1 ਪਟਿਆਲਾ ਪੁਲਿਸ ਵੱਲੋਂ ਅਤੇ ਪ੍ਰਿੰਸੀਪਲ-ਕਮ-ਐਸਿਸਟੈਂਟ ਡਾਇਰੈਕਟਰ ਹਰਵਿੰਦਰ ਸਿੰਘ ਦੀ ਅਗਵਾਈ ਹੇਠ ਗੋਰਮਿੰਟ ਸੀਨੀਅਰ ਸੈਕੰਡਰੀ ਸਕੂਲ ਬਾਲਪੁਰ ਥਤੌਂਦਾ ਦੇ ਸਹਿਯੋਗ ਨਾਲ ਯੁੱਧ ਨਸ਼ਿਆਂ ਵਿਰੁੱਧ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਮੁਹਿੰਮ ਤਹਿਤ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ-1 ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ , ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਲੈਫਟੀਨੈਂਟ ਜਗਦੀਪ ਜੋਸ਼ੀ ਟ੍ਰੇਨਿੰਗ ਅਫਸਰ ਸਰਕਾਰੀ ਆਈ ਟੀ ਆਈ ਲੜਕਿਆਂ ਨੇ ਕੀਤੀ।ਪ੍ਰੋਗਰਾਮ ਦਾ ਉਦਘਾਟਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤਾ। ਇਸ ਮੌਕੇ ਜਸਵਿੰਦਰ ਕੌਰ ਪ੍ਰਿੰਸੀਪਲ ਸੀਨੀਅਰ ਸੈਕੰਡਰੀ ਸਕੂਲ ਬਾਲਪੁਰ ਥਤੌਦਾ, ਨਤਿਨ ਭੰਡਾਰੀ, ਹਰਜੋਤ ਪਾਲ ਕੌਰ, ਨਵਜੋਤ ਕੌਰ, ਰਮਨਦੀਪ ਕੌਰ, ਬਲਜਿੰਦਰ ਸਿੰਘ ਨੇ ਸ਼ਿਰਕਤ ਕੀਤੀ। ਇਸ ਮੌਕੇ ਐਸ.ਆਈ. ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1 ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਕਿਸ਼ੋਰ ਅਵਸਥਾ ਵਿੱਚ ਹੀ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਸਮੇਂ ਦੀ ਮੁੱਖ ਲੋੜ ਹੈ। ਉਹਨਾਂ ਪਬਲਿਕ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਤਸਕਰਾਂ ਦੀ ਸੂਚਨਾ ਦੇਣ ਲਈ ਅੱਗੇ ਆਉਣ ਨਸ਼ਾ ਤਸਕਰਾਂ ਦੀ ਸੂਚਨਾ ਦੇਣ ਵਿਅਕਤੀ ਦਾ ਨਾਮ ਪੁਲਿਸ ਵੱਲੋਂ ਗੁਪਤ ਰੱਖਿਆ ਜਾਂਦਾ ਹੈ, ਇਸ ਲਈ ਬਗੈਰ ਕਿਸੇ ਡਰ ਭੈ ਤੋਂ ਨਸ਼ਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਦਿੱਤੀ ਜਾਵੇ।

## ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਹਰਪਾਲ ਜੁਨੇਜਾ ਦਾ ਸਵਾਗਤ

ਪਟਿਆਲਾ,11 ਫਰਵਰੀ(ਚ.ਨ.ਸ.): : ਪੀਆਰਟੀਸੀ ਪੈਨਸ਼ਨਰਜ਼ ਐਸੋਸੀਏਸ਼ਨ ਦੀ ਕੇਂਦਰੀ ਬਾਡੀ ਦੇ ਨੁਮਾਇੰਦੇ ਸੂਬਾ



ਪ੍ਰਧਾਨ ਭਗਵੰਤ ਸਿੰਘ ਕੰਗਣਵਾਲ , ਸਕੱਤਰ ਜਨਰਲ ਹਰੀ ਸਿੰਘ ਚਮਕ ਅਤੇ ਖਜ਼ਾਨਚੀ ਅਮੋਲਕ ਸਿੰਘ ਨੇ ਪੀ.ਆਰ ਟੀ ਸੀ ਦੇ ਨਵ ਨਿਯੁਕਤ ਚੇਅਰਮੈਨ ਹਰਪਾਲ ਜਨੇਜਾ ਦਾ, ਉਹਨਾਂ ਦੇ ਪੀਆਰਟੀਸੀ ਦੇ, ਚੇਅਰਮੈਨ ਦੇ ਤੌਰ 'ਤੇ ਵਾਗਡੋਰ ਸੰਭਾਲਣ 'ਤੇ ਬੁੱਕਾ ਦੇ ਕੇ ਸਵਾਗਤ ਕੀਤਾ ਅਤੇ ਵਫਦ ਨੇ ਪੈਨਸ਼ਨਾਂ ਦੀਆਂ ਖਾਸ ਮੰਗਾਂ ਵੱਲ ਉਹਨਾਂ ਦਾ ਧਿਆਨ ਦਵਾਇਆ। ਉਹਨਾਂ ਇਹ ਵੀ ਕਿਹਾ ਕਿ ਪੀਆਰਟੀਸੀ ਨੂੰ ਪ੍ਰਗਤੀ ਵਲ ਲਿਜਾਨ ਵਾਸਤੇ ਥੋੜੇ ਸਮੇਂ ਅੰਦਰ ਹੀ ਪੀਆਰਟੀਸੀ ਦੇ ਵਿੱਚ 409 ਨਵੀਆਂ ਬੱਸਾਂ ਪਾਈਆਂ ਜਾ ਰਹੀਆਂ ਨੇ, 309 ਵੱਡੀਆਂ ਬੱਸਾਂ ਅਤੇ 100 ਮਿੰਨੀ ਬੱਸਾਂ ਪਾਈਆਂ ਜਾ ਰਹੀਆਂ ਹਨ। ਇਹਨਾਂ ਤੋਂ ਇਲਾਵਾ 250 ਬਸਾਂ ਕਿਲੋਮੀਟਰ ਸਕੀਮ ਅਧੀਨ ਵੀ ਪੀਆਰਟੀਸੀ ਵਿੱਚ ਪਾਈਆਂ ਜਾ ਰਹੀਆਂ ਹਨ। ਇਸ ਦੇ ਨਾਲ ਪੀਆਰਟੀਸੀ ਦੀ ਹਾਲਤ ਸੁਧਰੇਗੀ । ਚੇਅਰਮੈਨ ਸਾਹਿਬ ਆਪਣੇ ਵਾਇਦੇ ਮੁਤਾਬਕ ਪੀਆਰਟੀ ਦੇ ਬਜ਼ੁਰਗ ਪੈਨਸ਼ਨਰਾਂ ਦੇ ਹਿਤਾਂ ਵੱਲ ਪੂਰਾ ਪੂਰਾ ਧਿਆਨ ਦੇਣਗੇ।

## ਪਬਲਿਕ ਕਾਲਜ ਦੇ ਐਨ.ਐਸ.ਐਸ. ਵਿਭਾਗ ਨੇ ਪਿੰਡ ਰਾਜਲਾ 'ਚ ਜਾਗਰੂਕਤਾ ਰੈਲੀ

ਸਮਾਣਾ, 11 ਫਰਵਰੀ, (ਵਿਜੇ ਕੁਮਾਰ) : ਪਬਲਿਕ ਕਾਲਜ ਦੇ ਐਨ.ਐਸ.ਐਸ. ਵਿਭਾਗ ਵੱਲੋਂ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਸਿੱਧੂ ਦੀ ਅਗਵਾਈ ਹੇਠ, ਡਾਇਰੈਕਟਰ, ਯੁਵਕ ਸੇਵਾਵਾਂ ਪੰਜਾਬ, ਚੰਡੀਗੜ੍ਹ ਅਤੇ



ਐਨ.ਐਸ.ਐਸ. ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਲਗਾਏ ਜਾ ਰਹੇ ਸੱਤ ਰੋਜ਼ਾ ਐਨ.ਐਸ.ਐਸ. ਕੈਂਪ ਦੇ ਅੱਜ ਪੰਜਵੇਂ ਦਿਨ ਦੀ ਸ਼ੁਰੂਆਤ ਸਵੇਰੇ ਦੀ ਪੀ.ਟੀ., ਯੋਗਾ ਅਤੇ ਐਨ.ਐਸ.ਐਸ. ਗੀਤ ਨਾਲ ਹੋਈ। ਐਨ.ਐਸ.ਐਸ. ਵਿਭਾਗ ਵਲੋ ਗੋਦ ਲਏ ਗਏ ਪਿੰਡ ਰਾਜਲਾ ਵਿੱਚ ਸਮਾਜਿਕ ਬੁਰਾਈਆਂ ਵਿਰੁੱਧ ਜਾਗਰੂਕਤਾ ਰੈਲੀ ਕੱਢੀ ਗਈ। ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ, ਵਾਈਸ ਪ੍ਰਿੰਸੀਪਲ ਡਾ. ਹਰਕੀਰਤਨ ਕੌਰ, ਪ੍ਰੋ. ਨਛੱਤਰ ਸਿੰਘ, ਡਾ. ਸੁਮਨ ਰਾਹੀ ਅਤੇ ਕਾਲਜ ਕਲਰਕ ਅਮਰੀਕ ਸਿੰਘ ਰਾਜਲਾ ਨੇ ਵੀ ਐਨ.ਐਸ.ਐਸ. ਦੀ ਗਤੀਵਿਧੀ ਨਾਲ ਰਾਜਲਾ ਪਿੰਡ ਵਿੱਚ ਗੁਜਾਰਿਆ। ਇਸ ਦਿਨ ਦੇ ਦੂਜੇ ਸੈਸ਼ਨ ਵਿੱਚ ਕੰਪਿਊਟਰ ਵਿਭਾਗ ਦੇ ਮੁੱਖੀ ਪ੍ਰੋ. ਜਸਵਿੰਦਰਬੀਰ ਸਿੰਘ ਨੇ ਸਾਈਬਰ ਕ੍ਰਾਈਮ ਦੇ ਬਾਰੇ ਵਿੱਚ ਆਪਣਾ ਮੁੱਲਵਾਨ ਲੈਕਚਰ ਦਿੱਤਾ ਅਤੇ ਵਿਦਿਆਰਥੀਆਂ ਨੂੰ ਇਸ ਕ੍ਰਾਇਮ ਪ੍ਰਤੀ ਸੁਚੇਤ ਕੀਤਾ। ਇਸ ਮੌਕੇ ਪ੍ਰੋਗਰਾਮ ਪ੍ਰੋਗਰਾਮ ਅਫਸਰ ਪ੍ਰੋ. ਸੋਨੂੰ ਜੈਨ, ਪ੍ਰੋ. ਕੁਲਜੀਤ ਕੌਰ, ਪ੍ਰੋ. ਅਰਵਿੰਦਰ ਕੌਰ, ਪ੍ਰੋ. ਹਮਿਤ ਕੁਮਾਰ, ਪ੍ਰੋ. ਸ਼ੇਰ ਸਿੰਘ ਅਤੇ ਸ਼ੰਟੀ ਕੁਮਾਰ ਨੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਵਲੰਟੀਅਰਜ਼ ਦੀ ਹਰ ਤਰ੍ਹਾਂ ਦੀ ਸਹਾਇਤਾ ਵਿੱਚ ਐਨ.ਐਸ.ਐਸ. ਕਲਰਕ ਜਸਬੀਰ ਸਿੰਘ ਨੇ ਵੀ ਆਪਣੀ ਭੂਮਿਕਾ ਨਿਭਾਈ।

## ਕਬਜ਼ਾ ਦੀ ਕੋਸ਼ਿਸ਼ ਦੇ ਮਾਮਲੇ ਵਿੱਚੋਂ ਦੋ ਬਰੀ

ਪਟਿਆਲਾ, 11 ਫਰਵਰੀ (ਵਿਨੋਦ ਸ਼ਰਮਾ) : ਜੁਡੀਸ਼ੀਅਲ ਮੈਜਿਸਟ੍ਰੇਟ ਦੀ ਅਦਾਲਤ ਨੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨ ਦੇ ਮਾਮਲੇ ਵਿੱਚੋਂ ਪ੍ਰਗਟ ਸਿੰਘ ਅਤੇ ਹਰਦੀਪ ਸਿੰਘ ਵਾਸੀ ਪਟਿਆਲਾ ਨੂੰ ਬਚਾਅਪੱਖ ਦੇ ਸੀਨੀਅਰ ਵਕੀਲ ਵਿਪਨ ਸ਼ਰਮਾ ਦੀਆਂ ਦਲੀਲਾਂ ਮਨਦਿਆਂ ਬਰੀ ਕਰ ਦਿੱਤਾ ਹੈ। ਪੁਲਿਸ ਕੋਲ ਸ਼ਿਕਾਇਤਕਰਤਾ ਜਸਵੀਰ ਕੌਰ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਕਤ ਵਿਅਕਤੀਆਂ 'ਤੇ ਇਲਜ਼ਾਮ ਸੀ ਕਿ ਉਨ੍ਹਾਂ ਨੇ ਪਿੰਡ ਮਾਲੋਮਾਜਰਾ ਵਿਖੇ ਕੰਧ ਨੂੰ ਢਾਹ ਕੇ ਉਸ 'ਤੇ ਕਬਜੇ ਦੀ ਕੋਸ਼ਿਸ਼ ਕੀਤੀ ਸੀ। ਪੁਲਿਸ ਨੇ ਸਾਲ 2020 ਵਿਚ ਥਾਣਾ ਪਸਿਆਣਾ ਵਿਖੇ ਮਾਮਲਾ ਦਰਜ ਕੀਤਾ ਸੀ।

## ਰਿਸ਼ਵਤ ਦੇ ਮਾਮਲੇ 'ਚੋਂ ਕੋਆਪਰੇਟਿਵ ਸੁਸਾਇਟੀ ਦਾ ਸੈਕਟਰੀ ਬਰੀ

ਪਟਿਆਲਾ, 11 ਫਰਵਰੀ (ਦੀਪਕ ਜੈਦਕਾ) : ਸ਼ਿਕਾਇਤਕਰਤਾ ਅਜੈਬ ਸਿੰਘ ਨੇ ਵਿਜੀਲੈਂਸ ਬਿਊਰੋ ਪਟਿਆਲਾ ਦੇ ਐਸਐਸਪੀ ਨੂੰ ਸ਼ਿਕਾਇਤ ਕੀਤੀ ਕਿ ਗੁਰਤੇਜ ਸਿੰਘ ਸੈਕਟਰੀ ਕੋਆਪਰੇਟਿਵ ਸੁਸਾਇਟੀ ਪਿੰਡ ਬਾਰਨ ਜ਼ਿਲ੍ਹਾ ਪਟਿਆਲਾ ਨੇ ਉਸ ਕੋਲੋਂ 50 ਫੀਸਦੀ ਕਰਜ਼ੇ ਦੀ ਰਕਮ ਦੀ ਜੋ ਪੰਜਾਬ ਸਰਕਾਰ ਵੱਲੋਂ ਮੁਆਫੀ ਆਈ ਸੀ, ਬਾਬਤ ਰਿਸ਼ਵਤ ਦੀ ਮੰਗ ਕਰ ਰਿਹਾ ਸੀ ਅਤੇ ਉਸ ਕੋਲੋਂ ਪਹਿਲਾਂ 35 ਹਜ਼ਾਰ ਰੁਪਏ ਵੀ ਲੈ ਗਏ ਹਨ ਅਤੇ ਉਸ ਦਿਨ ਉਹ 10 ਹਜ਼ਾਰ ਦੀ ਮੰਗ ਕਰ ਰਿਹਾ ਸੀ, ਜਿਸ 'ਤੇ ਡੀਐਸਪੀ ਵਿਜੀਲੈਂਸ ਬਿਊਰੋ ਨੇ ਗੁਰਤੇਜ ਸਿੰਘ ਸੈਕਟਰੀ ਨੂੰ ਜਦੋਂ ਉਹ ਸ਼ਿਕਾਇਤਕਰਤਾ ਅਜੈਬ ਸਿੰਘ ਕੋਲੋਂ ਮੰਗ ਕੇ 10 ਹਜ਼ਾਰ ਰੁਪਏ ਲੈ ਰਿਹਾ ਸੀ, ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ। ਉਸ ਖਿਲਾਫ ਪੀਸੀ ਐਕਟ ਅਤੇ ਧਾਰਾ 384 ਆਈਪੀਸੀ ਤਹਿਤ 23 ਫਰਵਰੀ 2018 ਥਾਣਾ ਵਿਜੀਲੈਂਸ ਬਿਊਰੋ ਵਿਚ ਮਾਮਲਾ ਦਰਜ ਕੀਤਾ ਗਿਆ ਸੀ। ਚਲਾਨ ਅਦਾਲਤ ਵਿਚ ਪੇਸ਼ ਹੋਣ ਤੋਂ ਬਾਅਦ ਇਸ ਦੀ ਸੁਣਵਾਈ ਹੋਈ। ਅੱਜ ਮਾਨਯੋਗ ਅਦਾਲਤ ਸ੍ਰੀਮਤੀ ਹਰਿੰਦਰ ਕੌਰ ਸਿੱਧੂ ਸਪੈਸ਼ਲ ਜੱਜ ਨੇ ਸੀਨੀਅਰ ਵਕੀਲ ਦੀਆਂ ਦਲੀਲਾਂ ਸੁਣ ਕੇ ਇਸਤਗਾਸਾ ਪੱਖ ਇਹ ਕੇਸ ਸਾਬਤ ਨਹੀਂ ਕਰ ਸਕਿਆ ਅਤੇ ਦੋਸ਼ੀ ਨਿਰਦੋਸ਼ ਹੈ, ਜਿਸ ਬਾਬਤ ਅਦਾਲਤ ਨੇ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਗੁਰਤੇਜ ਸਿੰਘ ਸੈਕਟਰੀ ਕੋਆਪਰੇਟਿਵ ਸੁਸਾਇਟੀ ਪਿੰਡ ਬਾਰਨ ਨੂੰ ਉਸ ਖਿਲਾਫ ਜੋ ਦੋਸ਼ ਲੱਗੇ ਸਨ, ਉਨ੍ਹਾਂ ਤੋਂ ਬਰੀ ਕਰ ਦਿੱਤਾ।

## ਮੇਅਰ ਤੇ ਕਮਿਸ਼ਨਰ ਦੀ ਅਗਵਾਈ ਹੇਠ ਨਗਰ ਨਿਗਮ ਦੀ ਐਫ.ਐਂਡ.ਸੀ.ਸੀ. ਦੀ ਮੀਟਿੰਗ

ਪਟਿਆਲਾ, 11 ਫਰਵਰੀ (ਰੁਪਾਣਾ) : ਨਗਰ ਨਿਗਮ ਪਟਿਆਲਾ ਐਫ ਐਂਡ ਸੀ ਸੀ ਦੀ ਅਹਿਮ ਮੀਟਿੰਗ ਮੇਅਰ ਕੁੰਦਨ ਗੋਗੀਆ ਅਤੇ ਨਿਗਮ ਕਮਿਸ਼ਨਰ ਪਰਮਜੀਤ ਸਿੰਘ ਦੀ ਅਗਵਾਈ ਵਿੱਚ ਹੋਈ। ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ ਅਤੇ ਨਿਗਮ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ, ਜਿਸ ਵਿੱਚ ਸ਼ਹਿਰ ਦੀ ਨੁਹਾਰ ਬਦਲਣ ਲਈ 13 ਕਰੋੜ ਰੁਪਏ ਦੇ ਵਿਕਾਸ ਕਾਰਜਾਂ 'ਤੇ ਮੋਹਰ ਲਗਾਈ ਗਈ। ਇਸ ਵਿੱਚ ਸਭ ਤੋਂ ਵੱਡਾ ਪ੍ਰੋਜੈਕਟ ਸ਼ਹਿਰ ਦੀਆਂ ਸੜਕਾਂ ਦੀ ਮਸ਼ੀਨੀ ਸਫਾਈ ਦਾ ਹੈ, ਜਿਸ ਦਾ ਮੁੱਖ ਮਕਸਦ ਸਫਾਈ ਦੀ ਗੁਣਵੱਤਾ ਵਿੱਚ ਹੋਰ ਸੁਧਾਰ ਲਿਆਉਣਾ ਹੈ। ਇਸ ਦੇ ਨਾਲ ਹੀ ਸ਼ਹਿਰ ਦੀਆਂ ਅੰਦਰੂਨੀ ਸੜਕਾਂ ਨੂੰ ਮਿੱਟੀ-ਘੱਟੇ ਤੋਂ ਮੁਕਤ ਕਰਨ ਲਈ ਨਗਰ ਨਿਗਮ ਨੇ ਮਕੈਨੀਕਲ



ਸਵੀਪਿੰਗ ਦਾ ਵੱਡਾ ਫੈਸਲਾ ਲਿਆ, ਜਿਸ ਲਈ ਲਗਭਗ 11.18 ਕਰੋੜ ਦਾ ਬਜਟ ਰੱਖਿਆ ਗਿਆ ਹੈ। ਦੱਸਣਯੋਗ ਹੈ ਕਿ ਇਹ ਸਫਾਈ ਮਸ਼ੀਨਾ ਇੱਕ ਘੰਟੇ ਵਿੱਚ 6 ਤੋਂ 8 ਕਿਲੋਮੀਟਰ ਤੱਕ ਸੜਕ ਦੀ ਸਫਾਈ ਕਰਨ ਦੇ ਸਮਰੱਥ ਹੈ। ਸਫਾਈ ਦੌਰਾਨ ਪਾਣੀ ਦਾ ਛਿੜਕਾਅ ਵੀ ਕੀਤਾ ਜਾਵੇਗਾ, ਤਾਂ ਜੋ ਧੂੜ ਨਾ ਉੱਡੇ। ਇਸ ਪ੍ਰੋਜੈਕਟ ਨਾਲ ਸੜਕਾਂ ਦੀ ਬਾਰੀਕ ਧੂੜ ਨੂੰ ਸਾਫ਼ ਕਰਕੇ ਹਵਾ ਨੂੰ ਸ਼ੁੱਧ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਮੀਟਿੰਗ ਦੇ ਏਜੰਡੇ ਵਿੱਚ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਲਈ ਹੇਠ ਲਿਖੇ ਅਹਿਮ ਪ੍ਰੋਜੈਕਟ ਸ਼ਾਮਲ ਕੀਤੇ ਗਏ ਹਨ, ਜਿਸ ਵਿੱਚ ਵਾਰਡ ਪੱਧਰੀ ਵਿਕਾਸ ਕਾਰਜਾਂ ਨੂੰ ਮਿਲੀ ਮਨਜ਼ੂਰੀ- ਮੀਟਿੰਗ ਦੇ ਏਜੰਡੇ ਵਿੱਚ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਲਈ ਹੇਠ ਲਿਖੇ ਅਹਿਮ ਪ੍ਰੋਜੈਕਟ ਸ਼ਾਮਲ ਕੀਤੇ ਗਏ ਹਨ, ਜਿਸ ਵਿੱਚ ਤਫਜ਼ਲਪੁਰਾ ਪਾਰਕ ਸਟਰੀਟ ਲਾਈਟਾਂ ਲਗਾਉਣ ਦਾ ਕੰਮ 11.09 ਲੱਖ, ਸੰਨੀ ਇਨਕਲੇਵ, ਮੁੱਖ ਸੜਕ ਦਾ ਨਿਰਮਾਣ 16.88 ਲੱਖ, ਛੋਟਾ ਅਰਾਈ ਮਾਜਰਾ ਵਾਰਡ ਨੰਬਰ 36 ਵਿਖੇ ਫਿਰਨੀ ਅਤੇ ਸੜਕਾਂ 'ਤੇ ਪੀ.ਸੀ. ਪਾਉਣਾ 30 ਲੱਖ, ਵਾਰਡ ਨੰਬਰ 32 ਮੰਦਿਰ ਕੇਦਾਰਨਾਥ ਤੋਂ ਕਪੂਰ ਚੌਂਕ ਮਥੁਰਾ ਕਾਲੋਨੀ ਤਕ ਸੜਕ ਦੀ ਮੁਰੰਮਤ ਲਈ 8 ਲੱਖ 97 ਹਜਾਰ, ਵਾਰਡ 49 ਗ੍ਰੀਨ ਲਹਿਰ ਕਾਲੋਨੀ ਵਿਚ ਬੋਰ ਇੰਸਟਾਲੇਸ਼ਨ ਕਰੀਬ 13 ਲੱਖ, ਵਾਰਡ ਨੰਬਰ 31, 30 ਡੋਗਰਾ ਮਹੱਲਾ ਗਲੀ ਨੰਬਰ 3, ਸਰਹੰਦੀ ਗੇਟ ਸਦਕਾ ਲਈ 12 ਲੱਖ 35 ਹਜਾਰ, ਗੋਪਾਲ ਕਾਲੋਨੀ ਵਾਰਡ 36 ਗਲੀਆਂ ਵਿੱਚ ਇੰਟਰਲੌਕਿੰਗ ਟਾਈਲਾਂ 20.02 ਲੱਖ, ਹੀਰਾ ਬਾਗ ਵਾਰਡ ਨੰਬਰ 26 ਵਿੱਚ ਪੀ.ਵੀ.ਆਰ ਮਾਲ ਦੇ ਪਿਛਲੇ ਪਾਸੇ ਸੀ.ਸੀ. ਰੋਡ ਬਣਾਉਣ ਲਈ 6.38 ਲੱਖ, ਫੁਹਾਰਾ ਚੌਂਕ ਤੋਂ ਸ਼ੇਰਾਂਵਾਲਾ ਗੇਟ ਮੁੱਖ ਮਾਰਗ 'ਤੇ ਸਟਰੀਟ ਲਾਈਟਾਂ ਲਗਾਉਣ ਲਈ 21.02 ਲੱਖ, ਵੱਡੀ ਨਦੀ ਦੇ ਨਾਲ-ਨਾਲ ਸਟਰੀਟ ਲਾਈਟਾਂ ਦੇ ਨਿਰਮਾਣ ਲਈ 32.34 ਲੱਖ, ਝਿੱਲ ਅਤੇ ਨੰਬਰਦਾਰ ਇਨਕਲੇਵ ਵਾਰਡ 10 ਵਿੱਚ ਨਵੇਂ ਸਟਰੀਟ ਲਾਈਟ ਪੁਆਇੰਟਾਂ ਲਈ 3.75 ਲੱਖ ਆਦਿ ਵਾਰਡ ਪੱਧਰੀ ਵਿਕਾਸ ਕਾਰਜਾਂ ਨੂੰ ਮਨਜ਼ੂਰੀ ਦਿੱਤੀ। ਮੇਅਰ ਅਤੇ ਕਮਿਸ਼ਨਰ ਨੇ ਅੰਤ ਵਿੱਚ ਸਾਂਝੇ ਤੌਰ 'ਤੇ ਕਿਹਾ ਕਿ ਇਸ ਮੀਟਿੰਗ ਵਿੱਚ ਲਏ ਗਏ ਫੈਸਲੇ ਪਟਿਆਲਾ ਸ਼ਹਿਰ ਦੀ ਨੁਹਾਰ ਬਦਲਣ ਵਿੱਚ ਸਹਾਈ ਸਿੱਧ ਹੋਣਗੇ ਅਤੇ ਲੰਮੇ ਸਮੇਂ ਤੋਂ ਲਟਕ ਰਹੇ ਕਈ ਵਿਕਾਸ ਪ੍ਰੋਜੈਕਟਾਂ ਨੂੰ ਗਤੀ ਮਿਲੇਗੀ।

### ਮਾਮਲਾ ਵਿਆਹੁਤਾ ਵੱਲੋਂ ਆਤਮ ਹੱਤਿਆ ਕਰ ਲਏ ਕਰਨ ਦਾ

## ਪਤੀ, ਸਹੁਰੇ ਤੇ ਨਾਨੀ ਸੱਸ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 11 ਫਰਵਰੀ (ਵਿਜੇ ਕੁਮਾਰ) : ਨੇੜਲੇ ਪਿੰਡ ਧਨੇਠਾ ਵਿਖੇ ਇੱਕ ਸਾਲ ਪਹਿਲਾਂ ਵਿਆਹੀ ਲੜਕੀ ਵੱਲੋਂ ਸਹੁਰੇ ਪਰਿਵਾਰ ਤੋਂ ਦੁਖੀ ਹੋ ਕੇ ਫਾਹਾ ਲੈ ਕੇ ਖੁਦਕੁਸ਼ੀ ਕਰ ਲੈਣ ਦੇ ਮਾਮਲੇ 'ਚ ਸਦਰ ਪੁਲਸ ਸਮਾਣਾ ਨੇ ਮ੍ਰਿਤਕਾ ਦੇ ਪਤੀ ਕ੍ਰਿਸ਼ਨ ਕੁਮਾਰ, ਸਹੁਰੇ ਬਲਜੀਤ ਸਿੰਘ ਅਤੇ ਨਾਨੀ ਸੱਸ ਜਸਵੰਤ ਕੌਰ (ਵਾਸੀ ਪਿੰਡ ਧਨੇਠਾ) ਖਿਲਾਫ ਵੱਖ-ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮਾਮਲੇ ਦੇ ਜਾਂਚ ਅਧਿਕਾਰੀ ਮਵੀਕਲਾਂ ਪੁਲਸ ਚੌਂਕੀ ਮੁਖੀ ਬਲਕਾਰ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਤੰਨੂ (18) ਦੀ ਮਾਤਾ ਸੰਦੀਪ ਕੁਮਾਰੀ ਨਿਵਾਸੀ ਪਿੰਡ ਕੋਟਲਾ ਕਲਾਂ (ਨਾਲਾਗੜ੍ਹ ਹਿਮਾਚਲ ਪ੍ਰਦੇਸ਼) ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਉਸ ਦੀ ਬੇਟੀ ਦਾ ਵਿਆਹ ਇੱਕ ਸਾਲ ਪਹਿਲਾਂ ਕ੍ਰਿਸ਼ਨ ਕੁਮਾਰ ਨਿਵਾਸੀ ਪਿੰਡ ਧਨੇਠਾ ਨਾਲ ਹੋਇਆ ਸੀ। ਵਿਆਹ ਉਪਰੰਤ ਕ੍ਰਿਸ਼ਨ ਕੁਮਾਰ ਆਪਣੀ ਨਾਨੀ ਦੇ ਕੋਲ ਉਸ ਦੇ ਘਰ 'ਚ ਰਹਿੰਦਾ ਸੀ। ਜਾਣਕਾਰੀ ਅਨੁਸਾਰ ਕ੍ਰਿਸ਼ਨ ਕੁਮਾਰ ਦਾ ਕਿਸੇ ਹੋਰ ਲੜਕੀ ਨਾਲ ਸਬੰਧ ਸੀ, ਜਦੋਂਕਿ ਤਨੂੰ ਦਾ ਸਹੁਰਾ ਪਰਿਵਾਰ ਉਸ ਨਾਲ ਚੰਗਾ ਵਰਤਾਓ ਨਹੀਂ ਕਰਦਾ ਸੀ



ਅਤੇ ਇਸੇ ਗੱਲ ਨੂੰ ਲੈ ਕੇ ਉਸ ਨਾਲ ਝਗੜਾ ਵੀ ਕਰਦੇ ਸੀ। ਇਹਨਾਂ ਗੱਲਾਂ ਤੋਂ ਦੁਖੀ ਹੋ ਕੇ ਉਸਦੀ ਬੇਟੀ ਨੇ 5 ਫਰਵਰੀ ਦੀ ਸ਼ਾਮ ਦੁਪੱਟੇ ਨਾਲ ਫਾਹਾ ਲੈ ਕੇ ਆਤਮਹੱਤਿਆ ਕਰ ਲਈ। ਅਧਿਕਾਰੀ ਅਨੁਸਾਰ ਮਾਮਲਾ ਦਰਜ ਕਰਕੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਜਾਂਚ ਦੌਰਾਨ ਜੇਕਰ ਕੋਈ ਹੋਰ ਸਬੂਤ ਸਾਹਮਣੇ ਆਇਆ ਤਾਂ ਉਸ ਦੇ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਮਾਮਲੇ ਦੇ ਸਬੰਧ 'ਚ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ।

## ਸ੍ਰੀ ਕ੍ਰਿਸ਼ਨ ਜੀ ਗਊਸ਼ਾਲਾ ਘਨੌਰ ਦੇ ਵਫ਼ਦ ਵੱਲੋਂ ਗੁਰਲਾਲ ਘਨੌਰ ਨਾਲ ਮੁਲਾਕਾਤ



ਘਨੌਰ, 11 ਫਰਵਰੀ (ਮਦਨ ਲਾਲ) : ਸ੍ਰੀ ਕ੍ਰਿਸ਼ਨ ਜੀ ਗਊਸ਼ਾਲਾ ਘਨੌਰ ਦਾ ਇੱਕ ਵਫ਼ਦ ਗਊਸ਼ਾਲਾ ਵਿੱਚ ਹੋਣ ਵਾਲੇ ਵਿਕਾਸੀ ਕੰਮਾਂ ਨੂੰ ਲੈ ਕੇ ਹਲਕਾ ਵਿਧਾਇਕ ਗੁਰਲਾਲ ਘਨੌਰ ਨੂੰ ਮਿਲਿਆ। ਇਸ ਮੌਕੇ ਗਊਸ਼ਾਲਾ ਦੇ ਪ੍ਰਧਾਨ ਗੁਲਸ਼ਨ ਕੁਮਾਰ ਅਤੇ ਸੋਸ਼ਲ ਵਰਕਰ ਡਾ. ਸੁਦੇਸ਼ ਕੁਮਾਰ ਸ਼ਰਮਾ ਨੇ ਵਿਧਾਇਕ ਨੂੰ ਗਊਸ਼ਾਲਾ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਦੱਸਿਆ ਕਿ ਗਊਸ਼ਾਲਾ ਵਿੱਚ ਨੀਵੀਂਆਂ ਥਾਵਾਂ 'ਤੇ ਮਿੱਟੀ ਪਾਉਣੀ, ਫ਼ਰਸ਼ 'ਤੇ ਟਾਈਲਾਂ ਲਗਾਉਣੀਆਂ, ਹਰੇ ਚਾਰੇ ਅਤੇ ਤੂੜੀ ਦੀ ਸਹੂਲਤ ਵਧਾਉਣ ਦੀ ਲੋੜ ਹੈ। ਵਿਧਾਇਕ ਗੁਰਲਾਲ ਘਨੌਰ ਨੇ ਵਫ਼ਦ ਨੂੰ ਭਰੋਸਾ ਦਿਵਾਇਆ ਕਿ ਗਊਸ਼ਾਲਾ ਨਾਲ ਸੰਬੰਧਿਤ ਸਾਰੇ ਜ਼ਰੂਰੀ ਕੰਮ ਜਲਦ ਕਰਵਾਏ ਜਾਣਗੇ। ਉਨ੍ਹਾਂ ਇਲਾਕਾ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਸ੍ਰੀ ਕ੍ਰਿਸ਼ਨ ਜੀ ਗਊਸ਼ਾਲਾ ਨਾਲ ਜੁੜ ਕੇ ਗਊ ਮਾਤਾ ਦੀ ਸੇਵਾ ਕਰਕੇ ਆਸ਼ੀਰਵਾਦ ਪ੍ਰਾਪਤ ਕਰਨ। ਇਸ ਮੌਕੇ ਵਿੱਕੀ ਘਨੌਰ, ਬੰਟੀ ਘਨੌਰ, ਮਦਨ ਲਾਲ ਘਨੌਰ, ਗੌਤਮ ਸੂਦ ਸਮੇਤ ਹੋਰ ਸੇਵਾਦਾਰ ਹਾਜ਼ਰ ਸਨ।

## ਮਹਿਲਾ ਨਾਲ ਸਰੀਰਕ ਸਬੰਧ ਬਣਾਉਣ ਦੇ ਮਾਮਲੇ ਵਿੱਚੋਂ ਬਰੀ

ਪਟਿਆਲਾ, 11 ਫਰਵਰੀ (ਵਿਨੋਦ ਸ਼ਰਮਾ) : ਮਹਿਲਾ ਨਾਲ ਸਰੀਰਕ ਸਬੰਧ ਬਣਾਉਣ ਦੇ ਮਾਮਲੇ ਵਿੱਚੋਂ ਵਧੀਕ ਸੈਸ਼ਨ ਜੱਜ ਦੀ ਅਦਾਲਤ ਨੇ ਰੋਹਿਤ ਕੁਮਾਰ ਵਾਸੀ ਬਠੋਣੀਆਂ ਕਲਾਂ ਸ਼ੰਭੂ ਨੂੰ ਬਰੀ ਕਰ ਦਿੱਤਾ ਹੈ। ਪੁਲਿਸ ਕੋਲ ਸ਼ਿਕਾਇਤਕਰਤਾ ਬੁੱਧ ਰਾਮ ਨਾਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਕਤ ਵਿਅਕਤੀ ਜੋ ਉਸ ਦੀ ਲੜਕੀ ਨੂੰ ਵਰਗਲਾ ਕੇ ਲੈ ਗਿਆ ਸੀ ਤੇ ਉਸ ਨਾਲ ਸਰੀਰਕ ਸਬੰਧੀ ਬਣਾਏ ਸਨ, ਲੇਕਿਨ ਮਾਮਲਾ ਸਾਬਤ ਨਾ ਹੋਣ 'ਤੇ ਉਸ ਨੂੰ ਬਰੀ ਕਰ ਦਿੱਤਾ।

## ਪਟਿਆਲਾ 'ਚ ਚੌਥਾ ਮਿਲਟਰੀ ਲਿਟਰੇਚਰ ਫੈਸਟੀਵਲ ਅੱਜ

ਪਟਿਆਲਾ, 11 ਫਰਵਰੀ (ਰੁਪਾਣਾ) : ਪਟਿਆਲਾ ਹੈਰੀਟੇਜ ਫੈਸਟੀਵਲ ਤਹਿਤ ਪਟਿਆਲਾ ਵਿਖੇ ਲਗਾਤਾਰ ਚੌਥੀ ਵਾਰ ਹੋਣ ਜਾ ਰਿਹਾ ਦੋ ਦਿਨਾਂ ਮਿਲਟਰੀ ਲਿਟਰੇਚਰ ਫੈਸਟੀਵਲ 12 ਫਰਵਰੀ ਨੂੰ ਸਵੇਰੇ 10 ਵਜੇ ਖ਼ਾਲਸਾ ਕਾਲਜ ਵਿਖੇ ਕਰਵਾਇਆ ਜਾਵੇਗਾ। ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਇਸ ਮਿਲਟਰੀ ਲਿਟਰੇਚਰ ਫੈਸਟੀਵਲ ਦਾ ਆਨੰਦ ਮਾਣ ਲਈ ਪਟਿਆਲਾ ਜ਼ਿਲ੍ਹੇ ਦੇ ਸਮੂਹ ਨਿਵਾਸੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਹੈ। ਇਸੇ ਦੌਰਾਨ ਇਸ ਮੇਲੇ ਦੇ ਨੋਡਲ ਅਫ਼ਸਰ ਏ.ਡੀ.ਸੀ. (ਸ਼ਹਿਰੀ ਵਿਕਾਸ) ਡਾ. ਇਸਮਤ ਵਿਜੇ ਸਿੰਘ ਅਤੇ ਆਰ.ਟੀ.ਓ. ਬਬਨਦੀਪ ਸਿੰਘ ਵਾਲੀਆ ਨੇ ਖ਼ਾਲਸਾ ਕਾਲਜ ਦਾ ਦੌਰਾ ਕਰਕੇ ਤਿਆਰੀਆਂ ਨੂੰ ਅੰਤਮ ਛੋਹਾਂ ਦਿੱਤੇ ਜਾਣ ਦਾ ਜਾਇਜ਼ਾ ਲਿਆ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਿਲਟਰੀ ਲਿਟਰੇਚਰ ਫੈਸਟੀਵਲ ਐਸੋਸੀਏਸ਼ਨ ਦੇ ਲੈਫਟੀਨੈਂਟ ਜਨਰਲ (ਰਿਟਾ.) ਚੇਤਿੰਦਰ ਸਿੰਘ, ਏਵੀਐਸਐਮ, ਐਸਐਮ, ਵੀਐਸਐਮ ਦੇ ਸਹਿਯੋਗ ਨਾਲ ਕਰਵਾਏ ਜਾਣ ਵਾਲੇ ਇਸ ਮਿਲਟਰੀ ਲਿਟਰੇਚਰ ਫੈਸਟੀਵਲ ਦਾ ਉਦਘਾਟਨ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਕਰਨਗੇ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਤੇ ਆਮ ਲੋਕਾਂ ਲਈ ਇਹ ਫੈਸਟੀਵਲ ਇੱਕ ਬਹੁਤ ਹੀ ਸਿੱਖਿਆਦਾਇਕ ਮੇਲਾ ਸਾਬਤ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਮੌਕੇ ਖ਼ਾਲਸਾ ਕਾਲਜ ਵਿਖੇ ਪੈਨਲ ਚਰਚਾ, ਜੋਸ਼, ਜਜ਼ਬੇ ਅਤੇ ਬਹਾਦਰੀ ਦਾ ਵਰਨਣ, ਫ਼ੌਜੀ ਸਾਜ਼ੋ-ਸਾਮਾਨ ਦੀ ਪ੍ਰਦਰਸ਼ਨੀ, ਵੀਰ ਨਾਰੀਆਂ ਦਾ ਸਨਮਾਨ, ਯੋਧਿਆਂ ਦੇ ਨ੍ਰਿਤ, ਫੁੱਲ ਮਾਲਾ ਅਰਪਣ ਅਤੇ ਬ੍ਰੇਵ-ਹਾਰਟ ਮੋਟਰਸਾਈਕਲ ਰੈਲੀ, ਤੀਰ-ਅੰਦਾਜ਼ੀ ਪ੍ਰਦਰਸ਼ਨੀ ਅਤੇ ਮੁਕਾਬਲੇ, ਫ਼ੌਜ, ਆਈ.ਟੀ.ਬੀ.ਪੀ ਅਤੇ ਪੁਲਿਸ ਭਰਤੀ ਬਾਰੇ ਕਾਊਂਸਲਿੰਗ ਅਤੇ ਫ਼ੂਡ ਕੋਰਟ ਵੀ ਸਥਾਪਤ ਕੀਤੇ ਗਏ ਹਨ।ਵਰਜੀਤ ਵਾਲੀਆ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਐਲਾਨ ਦੇ ਮੁਤਾਬਕ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਨੇ ਇਹ ਮਿਲਟਰੀ ਲਿਟਰੇਚਰ ਫੈਸਟੀਵਲ ਕਰਵਾਉਣ ਦੀ ਵਿਸ਼ੇਸ਼ ਪਹਿਲਕਦਮੀ ਕੀਤੀ ਹੈ, ਜਿਸ ਨਾਲ ਨੌਜਵਾਨਾਂ ਨੂੰ ਹਥਿਆਰਬੰਦ ਸੈਨਾਵਾਂ ਦੀ ਅਮੀਰ ਵਿਰਾਸਤ ਤੋਂ ਜਾਣੂੰ ਕਰਵਾਉਣ ਅਤੇ ਉਨ੍ਹਾਂ 'ਚ ਫ਼ੌਜ ਵਿੱਚ ਭਰਤੀ ਹੋਣ ਦੀ ਭਾਵਨਾ ਪੈਦਾ ਕਰਨ ਲਈ ਇਹ ਮੇਲਾ ਸਹਾਈ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਮੇਲਾ ਲਗਾਤਾਰ ਚੌਥੀ ਵਾਰ ਸਫ਼ਲਤਾ ਪੂਰਵਕ ਕਰਵਾਉਣ ਵਾਲਾ ਪਟਿਆਲਾ ਪਹਿਲਾ ਜ਼ਿਲ੍ਹਾ ਬਣ ਗਿਆ ਹੈ।

## ਮੁਕੇਸ਼ ਕੁਮਾਰ ਗਰਗ ਦੀ ਯਾਦ 'ਚ ਚੈਰੀਟੇਬਲ ਲੈਬ ਖੋਲ੍ਹੀ



ਸਮਾਣਾ, 11 ਫਰਵਰੀ (ਸੁਖਜਿੰਦਰ ਸਿੰਘ ਕੁਲਾਰਾਂ/ਜਵੰਦਾ) : ਲਾਈਫ਼ ਕੇਅਰ ਫਾਊਂਡੇਸ਼ਨ ਦੇ ਚੇਅਰਮੈਨ ਅਵਤਾਰ ਸਿੰਘ ਬੈਨੀਪਾਲ ਅਤੇ ਸਤੀਸ਼ ਐਨਜੀਓ ਵਰਕਰ ਪੀਜੀਆਈ ਚੰਡੀਗੜ੍ਹ ਵੱਲੋਂ ਸਮਾਣਾ ਵਿਖੇ ਸਵਰਗੀ ਮੁਕੇਸ਼ ਕੁਮਾਰ ਗਰਗ ਦੀ ਯਾਦ ਵਿਚ ਇੱਕ ਚੈਰੀਟੇਬਲ ਲੈਬ ਖੋਲੀ ਗਈ ਹੈ ਜਿਸ ਲਈ ਫ੍ਰੀ ਥਾਂ ਸਿਮਾਸ਼ੂ ਗੁਪਤਾ ਵਲੋਂ ਦਿੱਤੀ ਗਈ ਹੈ। ਇਸ ਲੈਬ ਦਾ ਉਦਘਾਟਨ ਅਵਤਾਰ ਸਿੰਘ ਬੈਨੀਪਾਲ ਅਤੇ ਸਤੀਸ਼ ਕੁਮਾਰ ਵੱਲੋਂ ਕੀਤਾ ਗਿਆ। ਅਵਤਾਰ ਸਿੰਘ ਨੇ ਇਸ ਮੌਕੇ ਦੱਸਿਆ ਕਿ ਇਹ ਚੈਰੀਟੇਬਲ ਲੈਬ ਲੋਕਾਂ ਦੀ ਸਹਾਇਤਾ ਲਈ ਖੋਲੀ ਗਈ ਹੈ ਜਿਸ ਵਿਚ ਬਹੁਤ ਹੀ ਘੱਟ ਰੇਟਾਂ ਤੇ ਲੋਕਾਂ ਦੇ ਟੈਸਟ ਕੀਤੇ ਜਾਣਗੇ। ਉਨ੍ਹਾਂ ਇਹ ਹੀ ਦੱਸਿਆ ਕਿ ਇੱਥੇ ਬਜ਼ਾਰ ਨਾਲੋਂ ਕਰੀਬ 75 ਫੀਸਦੀ ਘੱਟ ਰੇਟਾਂ ਤੇ ਟੈਸਟ ਕੀਤੇ ਜਾਣਗੇ। ਇਸ ਮੌਕੇ ਸਿਮਾਸ਼ੂ ਗੁਪਤਾ, ਪੱਤਰਕਾਰ ਰਿਸ਼ਵ ਮਿੱਤਲ, ਪ੍ਰਿਕਿਸ਼ਤ ਸ਼ਰਮਾ, ਹਰਿੰਦਰ ਸਿੰਘ ਦਿਓਲ ਖੇੜਕੀ, ਪੰਡਿਤ ਕ੍ਰਿਸ਼ਨ ਕੁਮਾਰ ਜ਼ੋਸ਼ੀ ਲੁਧਿਆਣਾ ਵਾਲੇ ,ਐਡਵੋਕੇਟ ਰਵੀ,ਵਿੱਕੀ ਅਟਵਾਲ ਆਦਿ ਵੀ ਹਾਜ਼ਰ ਸਨ।